@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 8 June 2026

Punjabi National Daily

Qaumi Patrika NO.1

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸੋਮਵਾਰ 8 ਜੂਨ 2026, 25 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 214, qpatrika@gmail.com ਫੋਨ : 9971359517 www.qaumipatrika.org


## ਔਰਤਾਂ, ਬੱਚਿਆਂ ਦੇ ਪੋਸ਼ਣ ਦੇ ਅਸਫਲ ਰਹਿਣ ਵਾਲੇ ਅੰਕੜਿਆਂ ਨੂੰ ਲੁਕਾ ਰਹੀ ਸਰਕਾਰ : ਖੜਗੇ

ਨਵੀਂ ਦਿੱਲੀ 7 ਜੂਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕੇਂਦਰ ਸਰਕਾਰ ’ਤੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਦੇ ਮੁੱਦਿਆਂ ’ਤੇ ਅਸਫਲ



ਰਹਿਣ ਦਾ ਦੋਸ਼ ਲਗਾਇਆ। ਸ਼?ਰੀ ਖੜਗੇ ਨੇ ਸੋਸ਼ਲ ਮੀਡੀਆ ਪਲੇਟਫਾਰਮ ✓ ’ਤੇ ਲਿਖਿਆ ਕਿ ਦੇਸ਼ ਵਿੱਚ ਪੰਜ ਵਿੱਚੋਂ ਇੱਕ ਬੱਚਾ ਗੰਭੀਰ ਕੁਪੋਸ਼ਣ ਤੋਂ ਪੀੜਤ ਹੈ। ਇੱਕ ਤਿਹਾਈ ਬੱਚੇ ਘੱਟ ਭਾਰ ਵਾਲੇ ਹਨ, ਛੇ ਤੋਂ 23 ਮਹੀਨਿਆਂ ਦੀ ਉਮਰ ਦੇ 84 ਪ੍ਰਤੀਸ਼ਤ ਤੋਂ ਵੱਧ ਬੱਚਿਆਂ ਨੂੰ ਢੁਕਵਾਂ ਪੋਸ਼ਣ ਨਹੀਂ ਮਿਲ ਰਿਹਾ ਹੈ ਅਤੇ 15 ਤੋਂ 49 ਸਾਲ ਦੀ ਉਮਰ ਦੀਆਂ 57 ਪ੍ਰਤੀਸ਼ਤ ਔਰਤਾਂ ਅਨੀਮੀਆ ਤੋਂ ਪੀੜਤ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਮੋਦੀ ਸਰਕਾਰ ਜਾਣਬੁੱਝ ਕੇ ਮਹੱਤਵਪੂਰਨ ਡੇਟਾ ਨੂੰ ਛੁਪਾ ਰਹੀ ਹੈ, ਜੋ ਆਪਣੀਆਂ ਅਸਫਲਤਾਵਾਂ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ ਕਿ NFHS- 6 ਦੇ ਡੇਟਾ ਨੇ ਭਾਰਤੀ ਜਨਤਾ ਪਾਰਟੀ ਦੀ ਅਯੋਗਤਾ ਨੂੰ ਉਜਾਗਰ ਕੀਤਾ ਹੈ। ਸ਼?ਰੀ ਖੜਗੇ ਨੇ ਦੋਸ਼ ਲਗਾਇਆ ਕਿ ਸਰਕਾਰ ਚੋਣਵੇਂ ਡੇਟਾ ਨੂੰ ਦਬਾਉਣ, ਕਮਜ਼ੋਰ ਸਮੂਹਾਂ ਨੂੰ ਨਜ਼ਰਅੰਦਾਜ਼ ਕਰਨ, ਪ੍ਰਚਾਰ ਰਾਹੀਂ ਇੱਕ ਸਕਾਰਾਤਮਕ ਅਕਸ ਪੇਸ਼ ਕਰਨ, ਅਸਲ ਸਥਿਤੀ ਤੋਂ ਧਿਆਨ ਹਟਾਉਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਕਸ ਨੂੰ ਬਚਾਉਣ ਦੀਆਂ ਰਣਨੀਤੀਆਂ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦੇਸ਼ ਦੇ ਬੱਚਿਆਂ ਅਤੇ ਔਰਤਾਂ ਦੀ ਸਿਹਤ ਅਤੇ ਪੋਸ਼ਣ ਵਰਗੇ ਗੰਭੀਰ ਮੁੱਦਿਆਂ ’ਤੇ ਜਵਾਬਦੇਹ ਹੋਣਾ ਚਾਹੀਦਾ ਹੈ ਅਤੇ ਸਾਰੇ ਅੰਕੜੇ ਜਨਤਕ ਕਰਕੇ ਅਸਲ ਸਥਿਤੀ ਪੇਸ਼ ਕਰਨੀ ਚਾਹੀਦੀ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਟਿਕਾਊ ਵਿਕਾਸ ਦੇ ਪ੍ਰਤੀ ਨਵੇਂ ਸਿਰੇ ਤੋਂ ਵਚਨਬੱਧਤਾ ਦੀ ਕੀਤੀ ਅਪੀਲ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 7 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਹਾਕੇ ਦੌਰਾਨ ਸਰਕਾਰ ਦੁਆਰਾ ਕੀਤੇ ਗਏ ਵੱਖ-ਵੱਖ ਯਤਨਾਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਯਤਨਾਂ ਦੇ ਨਤੀਜੇ ਵਜੋਂ ਭਾਰਤ ਲਈ ਮਹੱਤਵਪੂਰਨ ਸਫਲਤਾਵਾਂ ਪ੍ਰਾਪਤ ਹੋਈਆਂ ਹਨ, ਜਿਸ ’ਚ ਹਰੇ ਕਵਰ ਦਾ ਵਿਸਥਾਰ ਅਤੇ ਕਈ ਜੰਗਲੀ ਜੀਵਾਂ ਦੀਆਂ ਪ੍ਰਜਾਤੀਆਂ ਦੀ ਆਬਾਦੀ ’ਚ ਵਾਧਾ ਸ਼ਾਮਲ ਹੈ। ਪ੍ਰਧਾਨ ਮੰਤਰੀ ਨੇ ਸਮੂਹਿਕ ਯਤਨਾਂ, ਨੀਤੀਆਂ, ਵਿਗਿਆਨ ’ਚ ਵਿਸ਼ਵਾਸ ਅਤੇ ਨਵੀਨਤਾ ਰਾਹੀਂ ਵਾਤਾਵਰਣ ਨੂੰ ਬਿਹਤਰ ਬਣਾਉਣ ’ਚ ਇਕ ਉਦਾਹਰਣ ਸਥਾਪਤ ਕਰਨ ਲਈ ਨਾਗਰਿਕਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ’✓’ ’ਤੇ ਇਕ ਪੋਸਟ ’ਚ ਕਿਹਾ,ਵਿਸ਼ਵ ਵਾਤਾਵਰਣ ਦਿਵਸ ’ਤੇ ਸਾਰਿਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ। ਮੈਂ ਵਾਤਾਵਰਣ ਸੁਰੱਖਿਆ ਲਈ ਸਮਰਪਿਤ ਸਾਰੇ ਲੋਕਾਂ ਦੀ ਸ਼ਲਾਘਾ ਕਰਦਾ ਹਾਂ। ਪੀ.ਐੱਮ. ਮੋਦੀ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇਹ ਦਿਨ ਸਾਨੂੰ ’ਆਪਣੇ ਵਾਤਾਵਰਣ ਦੀ ਰੱਖਿਆ ਕਰਨ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹ ਦੇਣ ਦੀ ਆਪਣੀ ਵਚਨਬੱਧਤਾ ਨੂੰ ਦੋਹਰਾਉਣ ਦੀ



ਯਾਦ ਦਿਵਾਉਂਦਾ ਹੈ।’’ ਉਨ੍ਹਾਂ ਦੱਸਿਆ ਕਿ ਪਿਛਲੇ ਦਹਾਕੇ ’ਚ ਉਨ੍ਹਾਂ ਦੀ ਸਰਕਾਰ ਨੇ ਇਸ ਸੰਬੰਧ ’ਚ ਕਈ ਪਹਿਲਾਂ ਕੀਤੀਆਂ ਹਨ। ਉਨ੍ਹਾਂ ਕਿਹਾ,’’ਭਾਰਤ ਦੀਆਂ ਕੁਝ ਪ੍ਰਮੁੱਖ ਉਪਲੱਬਧੀਆਂ ’ਚ ਹਰਿਤ ਖੇਤਰ ਦਾ ਵਿਸਥਾਰ ਅਤੇ ਕਈ ਜਾਨਵਰਾਂ ਦੀ ਆਬਾਦੀ ’ਚ ਵਾਧਾ ਸ਼ਾਮਲ ਹੈ।’’ ਵਿਸ਼ਵ ਵਾਤਾਵਰਣ ਦਿਵਸ ਹਰ ਸਾਲ 5 ਜੂਨ ਨੂੰ ਵਾਤਾਵਰਣ ਸੁਰੱਖਿਆ ਦੇ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਇਸ ਲਈ ਕਾਰਵਾਈ ਨੂੰ ਉਤਸ਼ਾਹਤ ਕਰਨ ਲਈ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (ਯੂਐੱਨਈਪੀ) ਦੇ ਅਧੀਨ 1973 ’ਚ ਵਾਤਾਵਰਣ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ ਸੀ। ਇਹ ਵਾਤਾਵਰਣ ਸੰਬੰਧੀ ਮੁੱਦਿਆਂ ’ਤੇ ਜਨ ਜਾਗਰੂਕਤਾ ਫੈਲਾਉਣ ਦਾ ਸਭ ਤੋਂ ਵੱਡਾ ਗਲੋਬਲ ਮੰਚ ਹੈ, ਜਿਸ ਨੂੰ ਦੁਨੀਆ ਭਰ ’ਚ ਲੱਖਾਂ ਲੋਕ ਮਨਾਉਂਦੇ ਹਨ। 2026 ’ਚ ਇਸ ਪ੍ਰੋਗਰਾਮ ਦੀ ਮੇਜ਼ਬਾਨੀ ਅਜ਼ਰਬਾਈਜਾਨ ਕਰੇਗਾ। ਇਹ ਆਯੋਜਨ ਗਲੋਬਲ ਪੱਧਰ ’ਤੇ ਵਾਤਾਵਰਣ ਸੰਬੰਧੀ ਕੰਮਾਂ ਦਾ ਸਮਰਥਨ ਕਰਨ ਵਾਲੇ ਸਭ ਤੋਂ ਵਿਆਪਕ ਮੰਚਾਂ ’ਚੋਂ ਇਕ ਬਣ ਗਿਆ ਹੈ।

## ਦਿੱਲੀ ਦੇ ਉੱਪ ਰਾਜਪਾਲ ਨੇ ਗਊਸ਼ਾਲਾ, ਆਯੂਸ਼ਮਾਨ ਅਰੋਗਿਆ ਮੰਦਰ ਲਈ ਜ਼ਮੀਨ ਅਲਾਟਮੈਂਟ ਨੂੰ ਦਿੱਤੀ ਮਨਜ਼ੂਰੀ

ਨਵੀਂ ਦਿੱਲੀ 7 ਜੂਨ। ਦਿੱਲੀ ਦੇ ਉੱਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਦਿੱਲੀ ਦੇ ਵੱਖ-ਵੱਖ ਹਿੱਸਿਆਂ ’ਚ 2 ਆਯੂਸ਼ਮਾਨ ਅਰੋਗਿਆ ਮੰਦਰ ਸਿਹਤ ਕੇਂਦਰ ਅਤੇ ਇਕ ਗਊਸ਼ਾਲਾ ਦੀ ਸਥਾਪਨਾ ਲਈ ਗ੍ਰਾਮ ਸਭਾ ਦੀ ਜ਼ਮੀਨ ਅਲਾਟਮੈਂਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ’ਲੋਕ ਨਿਵਾਸ’ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰੀ ਦਿੱਲੀ ਦੇ ਸੁੰਗਰਪੁਰ ਪਿੰਡ ’ਚ 28 ਬੀਘਾ ਅਤੇ 5 ਬਿਸਵਾ ਗ੍ਰਾਮ ਸਭਾ ਦੀ ਜ਼ਮੀਨ ਨੂੰ ਉੱਥੇ ਗਊਸ਼ਾਲਾ ਸਥਾਪਤ ਕਰਨ ਲਈ 99 ਸਾਲਾਂ ਦੀ ਮਿਆਦ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ। ਬਿਸਵਾ ਉੱਤਰ ਭਾਰਤੀ ਸੂਬਿਆਂ ਦੇ ਪੇਂਡੂ ਅਤੇ ਖੇਤੀਬਾੜੀ ਖੇਤਰਾਂ ’ਚ ਵਰਤੀ ਇਕ ਰਵਾਇਤੀ ਜ਼ਮੀਨ ਮਾਪਣ ਦੀ ਇਕਾਈ ਹੈ। ਇਹ ਜ਼ਮੀਨ ਦਿੱਲੀ ਸਰਕਾਰ ਦੇ ਵਿਕਾਸ ਵਿਭਾਗ ਦੀ ਪਸ਼ੂ ਪਾਲਣ ਇਕਾਈ ਨੂੰ ਅਲਾਟ ਕੀਤੀ ਜਾਵੇਗੀ, ਜਿਸ ਦੀ ਵਰਤੋਂ ਉਸ ਸਥਾਨ ’ਤੇ ਗਊਸ਼ਾਲਾ ਵਿਕਸਿਤ ਕਰਨ ਲਈ ਕੀਤੀ ਜਾਵੇਗੀ। ਇਸ ਫੈਸਲੇ ਨਾਲ ਅਗਸਤ 2025 ਤੋਂ ਦਿੱਲੀ ਦੇ ਹਰ ਜ਼ਿਲ੍ਹੇ ’ਚ ਘੱਟੋ-ਘੱਟ ਇਕ ਗਊਸ਼ਾਲਾ ਅਤੇ ਇਕ ਕੁੱਤਿਆਂ ਲਈ ਆਸ਼ਰਮਮ ਸਥਾਪਤ ਕਰਨ ਦੇ ਸਰਕਾਰ ਦੇ ਪਹਿਲੇ ਦੇ ਫੈਸਲੇ ਨੂੰ ਉਤਸ਼ਾਹ ਮਿਲੇਗਾ। ਅਧਿਕਾਰੀਆਂ ਨੇ ਕਿਹਾ ਕਿ ਇਹ ਫੈਸਲਾ ਮੁੱਖ ਮੰਤਰੀ ਰੇਖਾ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ।

## ਆਰਐੱਸਐੱਸ ਹਮੇਸ਼ਾ ਸਮਾਜ ਅਤੇ ਰਾਸ਼ਟਰ ਨਾਲ ਖੜ੍ਹਾ ਰਿਹਾ ਹੈ : ਕੁਮਾਰ ਮੰਗਲਮ ਬਿਰਲਾ



ਨਾਗਪੁਰ 7 ਜੂਨ। ਉਦਯੋਗਪਤੀ ਕੁਮਾਰ ਮੰਗਲਮ ਬਿਰਲਾ ਨੇ ਵੀਰਵਾਰ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੇ ਕੰਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ 100 ਸਾਲ ਪੁਰਾਣਾ ਸੰਗਠਨ ਹਮੇਸ਼ਾ ਸਮਾਜ ਅਤੇ ਰਾਸ਼ਟਰ ਦੇ ਨਾਲ ਖੜ੍ਹਾ ਰਿਹਾ ਹੈ। ਬਿਰਲਾ ਨਾਗਪੁਰ ’ਚ ਆਰਐੱਸਐੱਸ ਵਲੰਟੀਅਰਾਂ ਦੇ ਸਿਖਲਾਈ ਕੈਂਪ ਦੇ ਸਮਾਪਤੀ ਸਮਾਰੋਹ ’ਚ ਮੁੱਖ ਮਹਿਮਾਨ ਸਨ। ਆਰਐੱਸਐੱਸ ਮੁਖੀ ਮੋਹਨ ਭਾਗਵਤ ਮੁੱਖ ਬੁਲਾਰੇ ਸਨ। ਆਰਐੱਸਐੱਸ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਬਿਰਲਾ ਨੇ ਕਿਹਾ,ਚੁਣੌਤੀਆਂ ਦੇ ਬਾਵਜੂਦ, ਆਰਐੱਸਐੱਸ ਹਮੇਸ਼ਾ ਸਮਾਜ ਅਤੇ ਰਾਸ਼ਟਰ ਦੇ ਨਾਲ ਖੜ੍ਹਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, ਮੇਰੇ ਲਈ, ਇਹ ਸੰਘ ਦੀ ਅਟੁੱਟ ਤਾਕਤ ਹੈ: ਇਹ ਵਿਸ਼ਵਾਸ ਕਿ ਸੇਵਾ ਨੂੰ ਉਦੇਸ਼ ਨਾਲ ਵਧਾਇਆ ਜਾਣਾ ਚਾਹੀਦਾ ਹੈ ਅਤੇ ਰਾਸ਼ਟਰ-ਨਿਰਮਾਣ ਅਤੇ ਚਰਿੱਤਰ-ਨਿਰਮਾਣ ਜੀਵਨ ਭਰ ਦੀਆਂ ਵਚਨਬੱਧਤਾਵਾਂ ਹਨ ਜਿਨ੍ਹਾਂ ਨੂੰ ਸਾਨੂੰ ਨਿਭਾਉਣਾ ਚਾਹੀਦਾ ਹੈ। ਬਿਰਲਾ ਨੇ ਬਦਲਦੇ ਗਲੋਬਲ ਦ੍ਰਿਸ਼ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ,’’ਭਾਵੇਂ ਹੀ ਇਹ ਚੁਣੌਤੀਪੂਰਨ ਸਮਾਂ ਹੋਵੇ ਪਰ ਇਹ ਭਾਰਤ ਦਾ ਸਮਾਂ ਹੈ। ਦੁਨੀਆਂ ਦੀਆਂ ਮਹਾਸ਼ਕਤੀਆਂ ਦਾ ਮੁਕਾਬਲਾ ਇੱਛਾਵਾਂ ਵਿਚਕਾਰ ਫਸਿਆ ਹੋਇਆ ਹੈ।’’ ਉਨ੍ਹਾਂ ਕਿਹਾ,’’ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਸਾਡੇ ਦਰਵਾਜ਼ੇ ’ਤੇ ਦਸਤਕ ਦੇ ਰਹੀ ਹੈ। ਇਹ ਏਆਈ ਕ੍ਰਾਂਤੀ ਅਰਥਵਿਵਸਥਾਵਾਂ ਨੂੰ ਬਦਲਣ ਅਤੇ ਹਾਲ ਦੇ ਕਿਸੇ ਵੀ ਹੋਰ ਤਕਨੀਕੀ ਕਾਢ ਦੀ ਤੁਲਨਾ ’ਚ ਕਿਤੇ ਵੱਧ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਹੈ।’’ ਬਿਰਲਾ ਨੇ ਕਿਹਾ,’’ਇਸ ਗਲੋਬਲ ਉੱਥਲ-ਪੁਥਲ ਦੇ ਨਤੀਜੇ ਇਕੋ ਜਿਹੇ ਨਹੀਂ ਰਹੇ ਹਨ। ਭਾਰਤ ਲਈ ਚੁਣੌਤੀ ਇਹ ਹੈ ਕਿ ਇਹ ਉੱਥਲ-ਪੁਥਲ ਅਜਿਹੇ ਸਮੇਂ ਹੋ ਰਹੀ ਹੈ, ਜਦੋਂ ਭਾਰਤ ਆਪਣੇ ਅੰਮ੍ਰਿਤਕਾਲ ਦੀ ਦਹਿਲੀਜ਼ ’ਤੇ ਖੜ੍ਹਾ ਹੈ।

## ਮਮਤਾ ਬੈਨਰਜੀ ਦੇ ਬਿਆਨ ’ਤੇ ਵਿਵਾਦ, ਵਕੀਲ ਨੇ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ

ਕੋਲਕਾਤਾ 7 ਜੂਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਹਾਲੀਆ ਬਿਆਨਾਂ ਨੂੰ ਲੈ ਕੇ ਇਕ ਵਕੀਲ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਵਿਚ ਦੋਸ਼ ਲਗਾਇਆ ਗਿਆ ਹੈ ਕਿ ਉਨ੍ਹਾਂ ਦੀਆਂ ਕੁਝ ਟਿੱਪਣੀਆਂ ਦੇਸ਼ ਦੀ ਪ੍ਰਭੂਸੱਤਾ, ਜਨਤਕ ਵਿਵਸਥਾ ਅਤੇ ਸੰਵਿਧਾਨਕ ਸੰਸਥਾਵਾਂ ਦੇ ਅਕਸ ਲਈ ਨੁਕਸਾਨਦੇਹ ਹਨ। ਪੁਲਸ ਅਧਿਕਾਰੀਆਂ ਅਨੁਸਾਰ, ਇਹ ਸ਼ਿਕਾਇਤ ਕਲਕੱਤਾ ਹਾਈ ਕੋਰਟ ਦੀ ਜਲਪਾਈਗੁੜੀ ਸਰਕਟ ਬੈਂਚ ਨਾਲ ਜੁੜੀ ਵਕੀਲ ਰਿੰਕੂ ਚੈਟਰਜੀ ਸਿੰਘ ਨੇ ਸਿਲੀਗੁੜੀ ਦੇ ਸਾਈਬਰ ਪੁਲਸ ਥਾਣੇ ਵਿਚ ਦਰਜ ਕਰਵਾਈ ਹੈ। ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਮਮਤਾ ਬੈਨਰਜੀ ਨੇ ਵੱਖ-ਵੱਖ ਜਨਤਕ ਪ੍ਰੋਗਰਾਮਾਂ, ਸਿਆਸੀ ਮੰਚਾਂ ਅਤੇ ਮੀਡੀਆ ਨਾਲ ਗੱਲਬਾਤ ਦੌਰਾਨ ਚੋਣ ਕਮਿਸ਼ਨ ਅਤੇ ਚੋਣ ਡਿਊਟੀ ’ਤੇ ਤਾਇਨਾਤ ਹਥਿਆਰਬੰਦ ਫੋਰਸਾਂ ਵਰਗੀਆਂ ਸੰਵਿਧਾਨਕ ਸੰਸਥਾਵਾਂ ਬਾਰੇ ਕਥਿਤ ਤੌਰ ’ਤੇ ਭੜਕਾਊ ਟਿੱਪਣੀਆਂ ਕੀਤੀਆਂ ਅਤੇ ਉਨ੍ਹਾਂ ਦੀ ਨਿਰਪੱਖਤਾ ਤੇ ਭਰੋਸੇਯੋਗਤਾ ’ਤੇ ਸਵਾਲ ਉਠਾਏ। ਵਕੀਲ ਨੇ ਆਪਣੀ ਸ਼ਿਕਾਇਤ ਵਿਚ ਇਹ ਵੀ ਦਾਅਵਾ ਕੀਤਾ ਕਿ 2 ਜੂਨ ਨੂੰ ਕੋਲਕਾਤਾ ਵਿਚ ਆਯੋਜਿਤ ਇਕ ਪ੍ਰੋਗਰਾਮ ਦੌਰਾਨ ਮਮਤਾ ਬੈਨਰਜੀ ਨੇ ਗੁਆਂਢੀ ਦੇਸ਼ ਬੰਗਲਾਦੇਸ਼ ਵਿਚ ਇਕ ਸਿਆਸੀ ਆਗੂ ਦੀ ਹੱਤਿਆ ਦਾ ਜ਼ਿਕਰ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕੇਂਦਰ ਸਰਕਾਰ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਸਬੰਧਤ ਟਿੱਪਣੀ ਕੀਤੀ ਸੀ।

# ਸਿੱਖਿਆ ਵਿਵਸਥਾ ਦੀ ਬਰਬਾਦੀ ਦੀ ਕੀਮਤ ਚੁਕਾ ਰਹੀ ਹੈ ਨੌਜਵਾਨ ਪੀੜ੍ਹੀ : ਰਾਹੁਲ ਗਾਂਧੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 7 ਜੂਨ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਨਾਗਪੁਰ ’ਚ ਮੈਡੀਕਲ ਪ੍ਰਵੇਸ਼ ਪ੍ਰੀਖਿਆ ਨੀਟ ਦੀ ਤਿਆਰੀ ਕਰਨ ਵਾਲੀ ਇਕ ਵਿਦਿਆਰਥਣ ਦੀ ਖੁਦਕੁਸ਼ੀ ਦੀ ਘਟਨਾ ਨੂੰ ਲੈ ਕੇ ਵੀਰਵਾਰ ਨੂੰ ਮੋਦੀ ਸਰਕਾਰ ’ਤੇ ਨਿਸ਼ਾਨਾ ਵਿੰਨ੍ਹ?ਆ ਅਤੇ ਦੋਸ਼ ਲਗਾਇਆ ਕਿ ਪਿਛਲੇ 12 ਸਾਲਾਂ ’ਚ ਸਿੱਖਿਆ ਵਿਵਸਥਾ ਦੀ ਬਰਬਾਦੀ ਦੀ ਕੀਮਤ ਪੂਰੀ ਇਕ ਨੌਜਵਾਨ ਪੀੜ੍ਹੀ ਚੁਕਾ ਰਹੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ’ਵਿਦਿਆਰਥਣ ਦੀ ਮੌਤ ਖੁਦਕੁਸ਼ੀ ਨਹੀਂ ਸਗੋਂ ਮੋਦੀ ਜੀ ਦੀ ਇਕ ਭ੍ਰਿਸ਼ਟ, ਟੁੱਟੀ ਹੋਈ ਵਿਵਸਥਾ ਦੀ ਦੇਣ ਹੈ।’’ ਰਾਹੁਲ ਗਾਂਧੀ ਨੇ ’ਐਕਸ’ ’ਤੇ ਪੋਸਟ ਕੀਤਾ,’’ਆਕਾਂਸ਼ਾ



ਡਾਕਟਰ ਬਣ ਕੇ ਦੇਸ਼ ਅਤੇ ਸਮਾਜ ਦੀ ਸੇਵਾ ਕਰਨਾ ਚਾਹੁੰਦੀ ਸੀ। ਆਕਾਂਸ਼ਾ ਦੇ ਪਿਤਾ ਕਿਸਾਨ ਹਨ। ਬੇਟੀ ਦੇ ਡਾਕਟਰ ਬਣਨ ਦੇ ਸੁਪਨੇ ਲਈ ਕਿਸਾਨ ਨੇ ਕ੍ਰੈਡਿਟ ਕਾਰਡ ’ਤੇ ਤਿੰਨ ਲੱਖ ਰੁਪਏ ਦਾ ਕਰਜ਼ ਲਿਆ। ਨਾਗਪੁਰ ’ਚ ਖੁਦ ਰਸੋਈਏ ਦੀ ਨੌਕਰੀ ਕਰ ਲਈ ਤਾਂ ਕਿ ਬੇਟੀ ਉੱਥੇ ਕੋਚਿੰਗ ਕਰ ਸਕੇ।’’ ਉਨ੍ਹਾਂ ਕਿਹਾ,’’ਇਕ ਪਿਤਾ ਜੋ ਕਰ ਸਕਦਾ ਸੀ, ਉਸ ਨੇ ਸਭ ਕੀਤਾ। ਫਿਰ ਨੀਟ ਪੇਪਰ ਲੀਕ ਹੋਇਆ। ਪ੍ਰੀਖਿਆ ਰੱਦ ਹੋਈ। ਉਸ ਬੇਨਿਯਮੀ ’ਚ ਆਕਾਂਸ਼ਾ ਸਾਨੂੰ ਛੱਡ ਕੇ ਚਲੀ ਗਈ।’’ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ,’’ਅਤੇ ਧਰਮੇਂਦਰ ਪ੍ਰਧਾਨ ਜੀ? ਅੱਜ ਵੀ ਕੁਰਸੀ ’ਤੇ ਹਨ। ਫਿਰ ਉਹੀ ਕਮੇਟੀ। ਉਹੀ ਤਬਾਦਲਾ। ਉਹੀ ਜਾਂਚ। ਨਾ ਸੁਧਾਰ, ਨਾ ਨਿਆਂ।’’ ਰਾਹੁਲ ਗਾਂਧੀ ਨੇ ਕਿਹਾ,’’ਮੋਦੀ ਜੀ, ਕੁਰਸੀ ਸਥਾਈ ਨਹੀਂ ਹੁੰਦੀ, ਆਉਂਦੀ-ਜਾਂਦੀ ਰਹਿੰਦੀ ਹੈ। ਪਰ ਤੁਸੀਂ 12 ਸਾਲਾਂ ’ਚ ਸਿੱਖਿਆ ਵਿਵਸਥਾ ਨੂੰ ਜਿਸ ਹੱਦ ਤੱਕ ਬਰਬਾਦ ਕੀਤਾ ਹੈ, ਉਸ ਦੀ ਕੀਮਤ ਭਾਰਤ ਦੀ ਇਕ ਪੂਰੀ ਨੌਜਵਾਨ ਪੀੜ੍ਹੀ ਚੁਕਾ ਰਹੀ ਹੈ।’’

### ਸਮਰਾਟ ਸਰਕਾਰ ਨੇ ਲਾਲੂ-ਰਾਬੜੀ ਦੀ ਜ਼ੈੱਡ ਪਲੱਸ ਸੁਰੱਖਿਆ ਕੀਤੀ ਖ਼ਤਮ

ਪਟਨਾ 7 ਜੂਨ। ਬਿਹਾਰ ਸਰਕਾਰ ਦੇ ਰਾਸ਼ਟਰੀ ਜਨਤਾ ਦਲ (ਰਾਜਦ) ਮੁਖੀ ਲਾਲੂ ਪ੍ਰਸਾਦ ਅਤੇ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਨੂੰ ਪ੍ਰਦਾਨ ਕੀਤੀ ਗਈ ’ਜ਼ੈੱਡ ਪਲੱਸ’ ਸ਼੍ਰੇਣੀ ਦੀ ਸੁਰੱਖਿਆ ਵਾਪਸ ਲੈ ਲਈ ਹੈ। ਨਾਲ ਹੀ, ਸਾਬਕਾ ਵਿਧਾਇਕ ਤੇਜ ਪ੍ਰਤਾਪ ਯਾਦਵ ਦੀ ’ਵਾਈ’ ਸ਼੍ਰੇਣੀ ਦੀ ਸੁਰੱਖਿਆ ਵੀ ਹਟਾ ਦਿੱਤੀ ਗਈ ਹੈ। ਹਾਲਾਂਕਿ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ, ਸੰਸਦ ਮੈਂਬਰ ਮੀਸਾ ਭਾਰਤੀ ਅਤੇ ਤੇਜਸਵੀ ਦੀ ਪਤਨੀ ਰਾਜਸ਼?ਰੀ ਯਾਦਵ ਦੀ ਮੌਜੂਦਾ ਸੁਰੱਖਿਆ ਬਰਕਰਾਰ ਰੱਖੀ ਗੀ ਹੈ। ਰਾਜ ਦੇ ਗ੍ਰਹਿ ਵਿਭਾਗ ਨੇ ਇਸ ਸੰਬੰਧ ’ਚ ਵੀਰਵਾਰ ਨੂੰ ਆਦੇਸ਼ ਜਾਰੀ ਕੀਤਾ। ਸਰਕਾਰ ਨੇ ਕਿਹਾ ਕਿ ਇਹ ਫੈਸਲਾ 4 ਜੂਨ ਨੂੰ ਹੋਈ ਰਾਜ ਸੁਰੱਖਿਆ ਕਮੇਟੀ ਦੀ ਬੈਠਕ ਦੀਆਂ ਸਿਫਾਰਿਸ਼ਾਂ ਦੇ ਆਧਾਰ ’ਤੇ ਲਿਆ ਗਿਆ ਹੈ। ਇਹ ਆਦੇਸ਼ ਬਿਹਾਰ ਪੁਲਸ ਹੈੱਡ ਕੁਆਰਟਰ ਅਤੇ ਸੰਬੰਧਤ ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਨਵੇਂ ਸੁਰੱਖਿਆ ਪ੍ਰਬੰਧਾਂ ਨੂੰ ਲਾਗੂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

### ਖਾਨ ਸਰ ਦੀਆਂ ਵਧੀਆਂ ਮੁਸ਼ਕਲਾਂ

ਪਟਨਾ 7 ਜੂਨ। ਬਿਹਾਰ ਦੇ ਪਟਨਾ ਸਥਿਤ ’ਖਾਨ ਗਲੋਬਲ ਸਟਡੀਜ਼’ ’ਚ ਹੋਈ ਭੰਨ-ਤੋੜ ਦੀ ਘਟਨਾ ਦੇ ਸੰਬੰਧ ’ਚ ਦਰਜ ਐੱਫਆਈਆਰ ’ਚ ਫੈਸਲ ਖਾਨ ਉਰਫ਼ ’ਖਾਨ ਸਰ’ ਨੂੰ ਨਾਮਜ਼ਦ ਕੀਤਾ ਗਿਆ ਹੈ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਮੰਗਲਵਾਰ ਰਾਤ ਨੂੰ 15 ਤੋਂ 20 ਲੋਕਾਂ ਦੇ ਇਕ ਸਮੂਹ ਨੇ ਖਾਨ ਗਲੋਬਲ ਸਟਡੀਜ਼ ਸੰਸਥਾ ’ਚ ਭੰਨ-ਤੋੜ ਕੀਤੀ ਸੀ ਅਤੇ ਕੈਂਪਸ ’ਤੇ ਪਥਰਾਅ ਕੀਤਾ ਸੀ। ਪਟਨਾ ਦੇ ਸੀਨੀਅਰ ਪੁਲਸ ਸੁਪਰਡੈਂਟ (ਐੱਸਐੱਸਪੀ) ਕਾਰਤੀਕੇਯ ਸ਼ਰਮਾ ਨੇ ਐੱਫਆਈਆਰ ਦਰਜ ਹੋਣ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਖਾਨ ਗਲੋਬਲ ਸਟਡੀਜ਼ ’ਚ ਭੰਨ-ਤੋੜ ਦੇ ਮਾਮਲੇ ’ਚ ਦਰਜ ਐੱਫਆਈਆਰ ’ਚ ਖਾਨ ਸਰ ਦਾ ਨਾਂ ਸ਼ਾਮਲ ਕੀਤਾ ਗਿਆ ਹੈ। ਸ਼ਰਮਾ ਨੇ ਦੱਸਿਆ,’’ਕਿਉਂਕਿ ਐੱਫਆਈਆਰ ’ਚ ਉਨ੍ਹਾਂ ਦਾ (ਖਾਨ ਸਰ ਦਾ) ਨਾਂ ਹੈ, ਇਸ ਲਈ ਪੁਲਸ ਉਨ੍ਹਾਂ ਤੋਂ ਪੁੱਛ-ਗਿੱਛ ਕਰੇਗੀ।’’ ਪੁਲਸ ਨੇ ਹਾਲਾਂਕਿ ਇਹ ਸਪੱਸ਼ਟ ਨਹੀਂ ਕੀਤਾ ਕਿ ਖਾਨ ਸਰ ਖ਼?ਲਾਫ਼ ਕਿਹੜੀਆਂ-ਕਿਹੜੀਆਂ ਧਾਰਾਵਾਂ ਲਗਾਈਆਂ ਗਈਆਂ ਹਨ।

## ਮੁੱਖ ਮੰਤਰੀ ਸ਼ਿਵਕੁਮਾਰ ਨੇ ਅਹੁਦਾ ਸੰਭਾਲਦਿਆਂ ਹੀ ਵਿਦਿਆਰਥੀਆਂ ਤੇ ਨੌਜਵਾਨਾਂ ਲਈ ਕੀਤੇ ਵੱਡੇ ਐਲਾਨ

ਕੌਮੀ ਪਤ੍ਰਿਕਾ

ਬੰਗਲੁਰੂ 7 ਜੂਨ। ਕਰਨਾਟਕ ਦੇ ਨਵੇਂ ਬਣੇ ਮੁੱਖ ਮੰਤਰੀ ਡੀ. ਕੇ. ਸ਼ਿਵਕੁਮਾਰ ਨੇ ਅਹੁਦਾ ਸੰਭਾਲਦਿਆਂ ਹੀ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਭਲਾਈ ਸਕੀਮਾਂ ਦਾ ਪਿਟਾਰਾ ਖੋਲ੍ਹ ਦਿੱਤਾ ਹੈ। ਆਪਣੀ ਪਹਿਲੀ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਉਨ੍ਹਾਂ ਨੇ ਵਿਦਿਆਰਥੀਆਂ ਲਈ ਮੁਫ਼ਤ ਬੱਸ ਪਾਸ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਕਈ ਅਹਿਮ ਫੈਸਲੇ ਲਏ ਹਨ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬੇ ਦੇ ਸਾਰੇ ਵਿਦਿਆਰਥੀਆਂ ਨੂੰ, ਚਾਹੇ ਉਹ 10ਵੀਂ, 11ਵੀਂ-12ਵੀਂ ਵਿੱਚ ਹੋਣ ਜਾਂ ਡਿਗਰੀ ਅਤੇ ਪੋਸਟ-ਗ੍ਰੈਜੂਏਸ਼ਨ ਦੇ ਕੋਰਸ ਕਰ ਰਹੇ ਹੋਣ, ਉਨ੍ਹਾਂ ਨੂੰ ਗੈਰ-ਲਗਜ਼ਰੀ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਲਈ ਪਾਸ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਸਹੂਲਤ ਲਈ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ। ਰੁਜ਼ਗਾਰ ਦੇ ਮੁੱਦੇ ’ਤੇ ਬੋਲਦਿਆਂ ਸ਼ਿਵਕੁਮਾਰ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ 56,000 ਨੌਕਰੀਆਂ ਦਾ ਐਲਾਨ ਕਰ ਚੁੱਕੀ ਹੈ। ਅਗਲੀ ਕੈਬਨਿਟ ਮੀਟਿੰਗ ਤੱਕ ਸਾਰੇ ਵਿਭਾਗਾਂ ਨਾਲ ਤਾਲਮੇਲ ਕਰਕੇ ਇੱਕ ਵਿਸ਼ੇਸ਼ ਕੈਲੰਡਰ ਜਾਰੀ ਕੀਤਾ ਜਾਵੇਗਾ, ਜਿਸ ਵਿੱਚ ਨੌਕਰੀਆਂ ਦੀ ਨੋਟੀਫਿਕੇਸ਼ਨ ਅਤੇ ਭਰਤੀ ਪ੍ਰਕਿਰਿਆ ਸ਼ੁਰੂ ਹੋਣ ਦੀਆਂ ਤਰੀਕਾਂ ਦਾ ਵੇਰਵਾ ਦਿੱਤਾ ਜਾਵੇਗਾ। ਨੌਜਵਾਨਾਂ ਦੀ ਮਦਦ ਲਈ ਸਰਕਾਰ ਸੂਬੇ ਵਿੱਚ ਨਿੱਜੀ ਰੁਜ਼ਗਾਰ ਐਕਸਚੇਂਜ



ਸਥਾਪਤ ਕਰੇਗੀ, ਜਿੱਥੇ ਨੌਕਰੀ ਦੀ ਭਾਲ ਕਰਨ ਵਾਲੇ ਉਮੀਦਵਾਰ ਆਪਣੀ ਰਜਿਸਟ?ਰੇਸ਼ਨ ਕਰਵਾ ਸਕਣਗੇ। ਇਸ ਦੀ ਕਾਰਜਪ੍ਰਣਾਲੀ ਇੱਕ ਮਹੀਨੇ ਦੇ ਅੰਦਰ ਤੈਅ ਕਰ ਲਈ ਜਾਵੇਗੀ। ਇਸ ਦੇ ਨਾਲ ਹੀ ਸੂਬੇ ਵਿੱਚ 10,000 ’ਭਾਰਤ ਜੋੜੋ ਯੂਥ ਐਸੋਸੀਏਸ਼ਨਾਂ’ ਦਾ ਗਠਨ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ।

## ਬੰਗਲਾਦੇਸ਼ੀ ਘੁਸਪੈਠੀਆਂ ’ਤੇ ਭਾਰਤ ਸਖ਼ਤ ! ਵਿਦੇਸ਼ ਮੰਤਰਾਲੇ ਨੇ ਤਿਆਰ ਕੀਤਾ ਪਲਾਨ

ਨੈਸ਼ਨਲ ਡੈਸਕ 7 ਜੂਨ। ਭਾਰਤ ਵਿੱਚ ਅਵੈਧ ਤੌਰ ’ਤੇ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਅਤੇ ਘੁਸਪੈਠੀਆਂ ਦੀ ਵਤਨ ਵਾਪਸੀ ਨੂੰ ਲੈ ਕੇ ਉੱਠ ਰਹੇ ਸਵਾਲਾਂ ਦਰਮਿਆਨ ਵਿਦੇਸ਼ ਮੰਤਰਾਲੇ ਨੇ ਸਥਿਤੀ ਸਪੱਸ਼ਟ ਕੀਤੀ ਹੈ। ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਦੱਸਿਆ ਕਿ ਕਿਸੇ ਵੀ ਵਿਦੇਸ਼ੀ ਨਾਗਰਿਕ ਨੂੰ ਦੇਸ਼ ਨਿਕਾਲਾ ਕਰਨ ਲਈ ਇੱਕ ਨਿਰਧਾਰਿਤ ਕਾਨੂੰਨੀ ਅਤੇ ਦੁਵੱਲੀ ਪ੍ਰਕਿਰਿਆ ਦਾ ਪਾਲਣ ਕੀਤਾ ਜਾਂਦਾ ਹੈ। ਰਣਧੀਰ ਜਾਇਸਵਾਲ ਅਨੁਸਾਰ, ਭਾਰਤ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਵਿਦੇਸ਼ੀ ਨਾਗਰਿਕਾਂ, ਜਿਨ੍ਹਾਂ ਵਿੱਚ ਬੰਗਲਾਦੇਸ਼ੀ ਨਾਗਰਿਕ ਵੀ ਸ਼ਾਮਲ ਹਨ, ਵਿਰੁੱਧ ਮੌਜੂਦ ਕਾਨੂੰਨਾਂ ਤਹਿਤ ਉਚਿਤ ਕਾਰਵਾਈ ਕੀਤੀ ਜਾਵੇਗੀ। ਦੇਸ਼ ਨਿਕਾਲੇ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਲਈ ਇੱਕ ਦੁਵੱਲੀ ਵਿਵਸਥਾ ਹੈ। ਭਾਰਤ ਅਜਿਹੇ ਮਾਮਲੇ ਸਬੰਧਤ ਦੇਸ਼ (ਜਿਵੇਂ ਕਿ ਬੰਗਲਾਦੇਸ਼) ਨੂੰ ਭੇਜਦਾ ਹੈ ਤਾਂ ਜੋ ਉਹ ਉਨ੍ਹਾਂ ਲੋਕਾਂ ਦੀ ਰਾਸ਼ਟਰੀਅਤਾ ਦੀ ਪਛਾਣ ਕਰ ਸਕਣ। ਸਬੰਧਤ ਦੇਸ਼ ਵੱਲੋਂ ਨਾਗਰਿਕਤਾ ਦੀ ਪੁਸ਼ਟੀ ਹੋਣ ਤੋਂ ਬਾਅਦ ਹੀ ਦੇਸ਼ ਨਿਕਾਲੇ ਦੀ ਕਾਰਵਾਈ ਅੱਗੇ ਵਧਾਈ ਜਾਂਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬੰਗਲਾਦੇਸ਼ ਕੋਲ ਅਜਿਹੀਆਂ ਕਈ ਅਪੀਲਾਂ ਪੈਂਡਿੰਗ ਹਨ ਅਤੇ ਭਾਰਤ ਨੂੰ ਉਮੀਦ ਹੈ ਕਿ ਇਨ੍ਹਾਂ ’ਤੇ ਜਲਦੀ ਕਾਰਵਾਈ ਹੋਵੇਗੀ ਤਾਂ ਜੋ ਦੇਸ਼ ਨਿਕਾਲੇ ਦੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਹੋ ਸਕੇ। ਇਸ ਦੇ ਨਾਲ ਹੀ ਬੁਲਾਰੇ ਨੇ ਨੇਪਾਲ ਦੇ ਵਿਦੇਸ਼ ਮੰਤਰੀ ਦੇ ਭਾਰਤ ਦੌਰੇ ਬਾਰੇ ਵੀ ਜਾਣਕਾਰੀ ਦਿੱਤੀ। ਨੇਪਾਲ ਦੇ ਵਿਦੇਸ਼ ਮੰਤਰੀ ਭਾਰਤ ਦੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਨਗੇ। ਇਸ ਮੁਲਾਕਾਤ ਦੌਰਾਨ ਵਪਾਰ, ਨਿਵੇਸ਼, ਵਿਕਾਸ ਸਹਿਯੋਗ ਅਤੇ ਲੋਕਾਂ ਦੇ ਆਪਸੀ ਸੰਬੰਧਾਂ ਵਰਗੇ ਵਿਆਪਕ ਏਜੰਡੇ ’ਤੇ ਚਰਚਾ ਹੋਵੇਗੀ। ਭਾਰਤ ਨੇਪਾਲ ਨਾਲ ਆਪਣੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਉਤਸੁਕ ਹੈ। ਰੂਸ ਦੇ Su-EG ਜਹਾਜ਼ਾਂ ਨਾਲ ਸਬੰਧਤ ਸਵਾਲ ਦੇ ਜਵਾਬ ਵਿੱਚ ਰਣਧੀਰ ਜਾਇਸਵਾਲ ਨੇ ਕਿਹਾ ਕਿ ਰੂਸ ਅਤੇ ਭਾਰਤ ਦੇ ਰੱਖਿਆ ਸੰਬੰਧ ਕਾਫ਼ੀ ਮਜ਼ਬੂਤ ਹਨ ਅਤੇ ਕਈ ਸਾਲਾਂ ਤੋਂ ਚੱਲੇ ਆ ਰਹੇ ਹਨ। ਹਾਲਾਂਕਿ, ਉਨ੍ਹਾਂ ਇਸ ਵਿਸ਼ੇਸ਼ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ ਰੱਖਿਆ ਮੰਤਰਾਲੇ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ।

## ਸੰਭਲ ’ਚ 500 ਸਾਲ ਪੁਰਾਣੀ ਮਜ਼ਾਰ ’ਤੇ ਚੱਲਿਆ ਬੁਲਡੋਜ਼ਰ

ਸੰਭਲ 7 ਜੂਨ। ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲੇ ’ਚ ਸਰਕਾਰੀ ਜ਼ਮੀਨ ’ਤੇ ਕਥਿਤ ਨਾਜਾਇਜ਼ ਕਬਜ਼ਾ ਕਰ ਕੇ ਬਣਾਈ ਗਈ ਇਕ ਮਜ਼ਾਰ ਨੂੰ ਪ੍ਰਸ਼ਾਸਨ ਨੇ ਅਦਾਲਤ ਦੇ ਹੁਕਮ ਤੋਂ ਬਾਅਦ ਢਾਹ ਦਿੱਤਾ। ਕਾਰਵਾਈ ਦੌਰਾਨ ਭਾਰੀ ਪੁਲਸ ਫੋਰਸ ਤਾਇਨਾਤ ਰਹੀ। ਅਧਿਕਾਰੀਆਂ ਅਨੁਸਾਰ, ਗੁੰਨੌਰ ਤਹਿਸੀਲ ਦੇ ਬਾਘਊ ਪਿੰਡ ਸਥਿਤ ਖੇਰੇ ਵਾਲੇ ਬਾਬਾ ਚਮਨ ਸ਼ਾਹ ਬਾਬਾ ਦਰਗਾਹ ਸ਼ਰੀਫ ਮਜ਼ਾਰ ਨੂੰ ਲੈ ਕੇ ਮਾਲ ਵਿਭਾਗ ਨੂੰ ਸਰਕਾਰੀ ਜ਼ਮੀਨ ’ਤੇ ਕਬਜ਼ੇ ਦੀ ਸ਼ਿਕਾਇਤ ਮਿਲੀ ਸੀ। ਜਾਂਚ ਤੋਂ ਬਾਅਦ ਮਾਮਲਾ ਅਦਾਲਤ ’ਚ ਪਹੁੰਚਿਆ, ਜਿੱਥੇ ਕਬਜ਼ੇ ਨੂੰ ਨਾਜਾਇਜ਼ ਮੰਨਦੇ ਹੋਏ ਬੇਦਖਲੀ ਦੇ ਹੁਕਮ ਜਾਰੀ ਕੀਤੇ ਗਏ। ਜ਼ਿਲਾ ਅਧਿਕਾਰੀ ਅੰਕਿਤ ਖੰਡੇਲਵਾਲ ਨੇ ਦੱਸਿਆ ਕਿ ਸਬੰਧਤ ਧਿਰ ਅਪੀਲ ਦੌਰਾਨ ਆਪਣੇ ਦਾਅਵੇ ਦੇ ਸਮਰਥਨ ’ਚ ਲੋੜੀਂਦੇ ਸਬੂਤ ਪੇਸ਼ ਨਹੀਂ ਕਰ ਸਕੀ, ਜਿਸ ਤੋਂ ਬਾਅਦ ਅਦਾਲਤ ਦੇ ਅੰਤਿਮ ਹੁਕਮ ਦੀ ਪਾਲਣਾ ਕਰਦੇ ਹੋਏ ਨਿਰਮਾਣ ਹਟਾਇਆ ਗਿਆ। ਉੱਥੇ ਹੀ, ਮਜ਼ਾਰ ਦੇ ਮੁਤਵੱਲੀ (ਦੇਖਭਾਲ ਕਰਨ ਵਾਲਾ) ਅਜ਼ੀਜ਼ ਦਾ ਦਾਅਵਾ ਹੈ ਕਿ ਇਹ ਮਜ਼ਾਰ 500 ਤੋਂ 600 ਸਾਲ ਪੁਰਾਣੀ ਸੀ ਅਤੇ ਆਸਪਾਸ ਦੇ ਪਿੰਡਾਂ ਦੇ ਲੋਕ ਲੰਬੇ ਸਮੇਂ ਤੋਂ ਇੱਥੇ ਆਉਂਦੇ ਰਹੇ ਹਨ। ਦੂਜੇ ਪਾਸੇ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਜਾਂਚ ’ਚ ਸਬੰਧਤ ਜ਼ਮੀਨ ’ਤੇ ਲੱਗਭਗ 5 ਸਾਲ ਪਹਿਲਾਂ ਨਾਜਾਇਜ਼ ਕਬਜ਼ਾ ਕਰ ਕੇ ਨਿਰਮਾਣ ਕੀਤੇ ਜਾਣ ਦੇ ਤੱਥ ਸਾਹਮਣੇ ਆਏ ਹਨ। ਪੁਲਸ ਸੁਪਰਡੈਂਟ ਕ੍ਰਿਸ਼ਨ ਕੁਮਾਰ ਬਿਸ਼ਨੋਈ ਨੇ ਦੱਸਿਆ ਕਿ ਸਰਕਾਰੀ ਜ਼ਮੀਨ ਨੂੰ ਕਬਜ਼ੇ ਤੋਂ ਮੁਕਤ ਕਰਾਉਣ ਦੀ ਮੁਹਿੰਮ ਤਹਿਤ ਜ਼ਿਲੇ ’ਚ ਹੁਣ ਤੱਕ ਲੱਗਭਗ 100 ਹੈਕਟੇਅਰ ਜ਼ਮੀਨ ਕਬਜ਼ਾ ਮੁਕਤ ਕਰਾਈ ਜਾ ਚੁੱਕੀ ਹੈ।

# ਮੁੱਖ ਮੰਤਰੀ ਸੁੱਖੂ ਨੇ ਪੰਜਾਬ ਮੂਹਰੇ ਚੁੱਕਿਆ ‘ਖਾਲਸਾ ਟੈਕਸ’ ਦਾ ਮੁੱਦਾ

ਕੌਮੀ ਪਤ੍ਰਿਕਾ

ਸ਼ਿਮਲਾ 7 ਜੂਨ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਹਿਮਾਚਲ ਦੇ ਰਜਿਸਟਰਡ ਵਾਹਨਾਂ ਤੋਂ ਵਸੂਲੇ ਜਾ ਰਹੇ ’ਖਾਲਸਾ ਕਰ’ ਦਾ ਮੁੱਦਾ ਪੰਜਾਬ ਸਾਹਮਣੇ ਉਠਾਇਆ ਹੈ। ਹਿਮਾਚਲ ਪ੍ਰਦੇਸ਼ ਦੇ ਮਾਲ ਮੰਤਰੀ ਜਗਤ ਸਿੰਘ ਨੇਗੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੀਰਤਪੁਰ ਸਾਹਿਬ-ਮਨਾਲੀ ਹਾਈਵੇਅ ਰਾਹੀਂ ਪੰਜਾਬ ਵਿੱਚ ਦਾਖਲ ਹੋਣ ਵਾਲੇ ਹਿਮਾਚਲ ਦੇ ਵਾਹਨਾਂ ਤੋਂ ਨਿਹੰਗ ਸਿੱਖਾਂ ਦੇ ਇੱਕ ਸਮੂਹ ਵੱਲੋਂ ਇਹ ਟੈਕਸ ਵਸੂਲਿਆ ਜਾ ਰਿਹਾ ਹੈ। ਮੰਤਰੀ ਨੇਗੀ ਨੇ ਇਸ ਵਸੂਲੀ ਨੂੰ ਪੂਰੀ ਤਰ੍ਹਾਂ ’ਗੈਰ-ਕਾਨੂੰਨੀ’ ਕਰਾਰ ਦਿੱਤਾ ਹੈ ਅਤੇ ਦੋਸ਼ ਲਾਇਆ ਕਿ ਸੈਰ-ਸਪਾਟਾ ਸੀਜ਼ਨ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਇਹ ਇੱਕ ਸਾਜ਼ਿਸ਼ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਤਰ੍ਹਾਂ ਦਾ ਟੈਕਸ ਜਾਂ ਸ਼ੁਲਕ ਲਗਾਉਣ ਦਾ ਅਧਿਕਾਰ ਸਿਰਫ਼ ਰਾਜ ਸਰਕਾਰਾਂ



ਕੋਲ ਹੈ ਅਤੇ ਕੋਈ ਵੀ ਵਿਅਕਤੀ ਜਾਂ ਨਿੱਜੀ ਸੰਗਠਨ ਅਜਿਹਾ ਨਹੀਂ ਕਰ ਸਕਦਾ। ਨੇਗੀ ਨੇ ਕੁੱਲੂ ਜ਼ਿਲ੍ਹੇ ਦੇ ਕਸੋਲ ਵਿੱਚ ਵਾਪਰੀ ਹਾਲੀਆ ਘਟਨਾ ਦਾ ਵੀ ਹਵਾਲਾ ਦਿੱਤਾ, ਜਿੱਥੇ 30 ਮਈ ਨੂੰ ਪੰਜਾਬ ਦੇ ਸੈਲਾਨੀਆਂ ਨੇ ਇੱਕ ਸਥਾਨਕ ਵਿਅਕਤੀ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਸੀ। ਦੂਜੇ ਪਾਸੇ, ਟੈਕਸ ਵਸੂਲਣ ਵਾਲੇ ਸਮੂਹ ਦੇ ਆਗੂ ਅਛਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਦੂਜੇ ਰਾਜਾਂ ਦੇ ਵਾਹਨਾਂ ’ਤੇ ਲਾਈ ਗਈ Entry Fee ਦੇ ਵਿਰੋਧ ਵਿੱਚ ਇੱਕ ਸੰਕੇਤਕ ਪ੍ਰਦਰਸ਼ਨ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਹ ਕਿਸੇ ਨੂੰ ਪੈਸੇ ਦੇਣ ਲਈ ਮਜਬੂਰ ਨਹੀਂ ਕਰ ਰਹੇ, ਸਗੋਂ ਇਹ ਸਵੈ-ਇੱਛਤ ਅਪੀਲ ਹੈ। ਇਸ ਵਿਵਾਦ ਦਾ ਮੁੱਖ ਕਾਰਨ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ 1 ਅਪ੍ਰੈਲ ਤੋਂ ਬਾਹਰੀ ਰਾਜਾਂ ਦੇ ਵਾਹਨਾਂ ’ਤੇ ਵਧਾਈ ਗਈ ਐਂਟਰੀ ਫੀਸ ਮੰਨਿਆ ਜਾ ਰਿਹਾ ਹੈ, ਜੋ ਕਿ ਹੁਣ 100 ਰੁਪਏ ਤੋਂ 700 ਰੁਪਏ ਦੇ ਵਿਚਕਾਰ ਹੈ। ਪੰਜਾਬ ਵਾਲੇ ਪਾਸੇ ਤੋਂ ਲਗਾਇਆ ਜਾ ਰਿਹਾ ਇਹ ’ਖਾਲਸਾ ਕਰ’ ਇਸੇ ਸਰਕਾਰੀ ਟੈਕਸ ਦੇ ਜਵਾਬ ਵਜੋਂ ਦੇਖਿਆ ਜਾ ਰਿਹਾ ਹੈ।

# ਨਿਤਿਨ ਨਬੀਨ ਨੂੰ ਮਿਲੇ ਢਿੱਲੋਂ, ‘ਸ਼ੇਰ-ਏ-ਪੰਜਾਬ’ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਕੀਤੀ ਭੇਟ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ 7 ਜੂਨ। ਪੰਜਾਬ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ ਨੇ ਨਵੀਂ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਨਿਤਿਨ ਨਬੀਨ ਨਾਲ ਮੁਲਾਕਾਤ ਕੀਤੀ। ਇਸ ਮੌਕੇ ਭਾਜਪਾ ਦੇ ਰਾਸ਼ਟਰੀ ਸਕੱਤਰ ਅਤੇ ਪੰਜਾਬ ਦੇ ਸਹਿ-ਇੰਚਾਰਜ ਵਿਧਾਇਕ ਸਰਦਾਰ ਨਰਿੰਦਰ ਸਿੰਘ ਰੈਣਾ ਅਤੇ ਨਾਲ ਹੀ ਸੂਬਾ ਜਨਰਲ ਸਕੱਤਰ (ਸੰਗਠਨ) ਮੰਥ?ਰੀ ਸ਼੍ਰੀਨਿਵਾਸੂਲੂ ਵੀ ਮੌਜੂਦ ਸਨ। ਢਿੱਲੋਂ ਨੇ ਪੰਜਾਬ ਭਾਜਪਾ ਦੀ ਅਗਵਾਈ ਉਨ੍ਹਾਂ ਨੂੰ ਸੌਂਪਣ ਲਈ ਰਾਸ਼ਟਰੀ ਪ੍ਰਧਾਨ ਦਾ ਧੰਨਵਾਦ ਕੀਤਾ। ਉਨ੍ਹਾਂ ਲੀਡਰਸ਼ਿਪ ਨੂੰ ਭਰੋਸਾ ਦਿੱਤਾ ਕਿ ਉਹ ਪਾਰਟੀ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣਗੇ ਅਤੇ ਪੰਜਾਬ ਭਰ ਦੇ ਆਗੂਆਂ, ਅਹੁਦੇਦਾਰਾਂ ਅਤੇ ਵਰਕਰਾਂ ਵਿੱਚ ਤਾਲਮੇਲ ਵਧਾ ਕੇ ਸੰਗਠਨ ਨੂੰ ਮਜ਼ਬੂਤ ??ਕਰਨਗੇ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ, ਰਾਸ਼ਟਰੀ ਲੀਡਰਸ਼ਿਪ ਦੀ ਅਗਵਾਈ ਹੇਠ ਅਤੇ ਪਾਰਟੀ ਵਰਕਰਾਂ ਦੇ ਸਮੂਹਿਕ ਯਤਨਾਂ ਰਾਹੀਂ, ਭਾਜਪਾ ਪੰਜਾਬ ਵਿੱਚ ਇੱਕ ਸ਼ਕਤੀਸ਼ਾਲੀ ਰਾਜਨੀਤਿਕ ਸ਼ਕਤੀ ਵਜੋਂ ਉਭਰੇਗੀ ਅਤੇ ਫਰਵਰੀ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਰਕਾਰ ਬਣਾਏਗੀ।



ਮੀਟਿੰਗ ਦੌਰਾਨ ਪੰਜਾਬ ਦੇ ਕਿਸਾਨਾਂ ਦੀ ਭਲਾਈ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਦੀਆਂ ਰਣਨੀਤੀਆਂ ਬਾਰੇ ਵਿਸਥਾਰ ਵਿੱਚ ਵਿਚਾਰ-ਵਟਾਂਦਰਾ ਕੀਤਾ ਗਿਆ। ਢਿੱਲੋਂ ਨੇ ਕਿਹਾ ਕਿ ਭਾਜਪਾ ਪੰਜਾਬ ਨੂੰ ਦੇਸ਼ ਦਾ ਸਭ ਤੋਂ ਵਧੀਆ ਸੂਬਾ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਲੋਕਾਂ ਦੀ ਸੇਵਾ ਵਿੱਚ ਅਣਥੱਕ ਮਿਹਨਤ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਨੇ ਰਾਸ਼ਟਰੀ ਪ੍ਰਧਾਨ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਦਿਨਾਂ ਵਿੱਚ ਰਾਜ ਭਰ ਵਿੱਚ ਬੂਥ ਪੱਧਰ ’ਤੇ ਸੰਗਠਨ ਨੂੰ ਮਜ਼ਬੂਤ ??ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਮੀਟਿੰਗ ਦੀ ਇੱਕ ਖਾਸ ਗੱਲ ਇਹ ਸੀ ਜਦੋਂ ਕੇਵਲ ਸਿੰਘ ਢਿੱਲੋਂ ਨੇ ਰਾਸ਼ਟਰੀ ਪ੍ਰਧਾਨ ਨੂੰ ’ਸ਼ੇਰ-ਏ-ਪੰਜਾਬ’ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਭੇਟ ਕੀਤੀ ਅਤੇ ’ਸਰਕਾਰ-ਏ-ਖਾਲਸਾ’ ਸ਼ਾਸਨ ਦੇ ਸ਼ਾਨਦਾਰ ਇਤਿਹਾਸ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਢਿੱਲੋਂ ਨੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਨਿਆਂਪੂਰਨ, ਲੋਕ-ਪੱਖੀ ਅਤੇ ਸਮਾਵੇਸ਼ੀ ਸ਼ਾਸਨ ਤੋਂ ਪ੍ਰੇਰਨਾ ਲੈ ਕੇ, ਪੰਜਾਬ ਵਿੱਚ ਭਵਿੱਖ ਦੀ ਭਾਜਪਾ ਸਰਕਾਰ ਲਈ ਦ੍ਰਿਸ਼ਟੀਕੋਣ ਅਤੇ ਵਿਕਾਸ ਰੋਡਮੈਪ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਭਾਜਪਾ ਲੀਡਰਸ਼ਿਪ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਪਾਰਟੀ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਅੱਗੇ ਵਧੇਗੀ ਅਤੇ ਪੰਜਾਬ ਲਈ ਇੱਕ ਸੁਨਹਿਰੀ, ਖੁਸ਼ਹਾਲ ਅਤੇ ਪ੍ਰਗਤੀਸ਼ੀਲ ਭਵਿੱਖ ਯਕੀਨੀ ਬਣਾਏਗੀ।

# ਅੰਮ੍ਰਿਤਸਰ ’ਚ ਆਬਕਾਰੀ ਵਿਭਾਗ ਦਾ ‘ਹੱਲਾ-ਬੋਲ’: ਮਾਡਲ ਸ਼ਾਪ ’ਤੇ ਅਚਨਚੇਤ ਛਾਪੇਮਾਰੀ, ਸਟਾਕ ਖੰਗਾਲਿਆ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 7 ਜੂਨ। ਪੰਜਾਬ ’ਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਅਤੇ ਸਮੱਗਲਰਾਂ ਖ਼?ਲਾਫ਼ ਆਬਕਾਰੀ ਵਿਭਾਗ ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਉੱਚ ਅਧਿਕਾਰੀਆਂ ਤੋਂ ਮਿਲੇ ਸਖ਼ਤ ਨਿਰਦੇਸ਼ਾਂ ਤੋਂ ਬਾਅਦ ਵਿਭਾਗ ਦੀ ਟੀਮ ਜ਼ਮੀਨੀ ਪੱਧਰ ’ਤੇ ਉੱਤਰ ਕੇ ਲਗਾਤਾਰ ਛਾਪੇਮਾਰੀ ਅਤੇ ਚੈਕਿੰਗ ਮੁਹਿੰਮ ਚਲਾ ਰਹੀ ਹੈ। ਇਸੇ ਲੜੀ ਤਹਿਤ ਜ਼ਿਲਾ ਆਬਕਾਰੀ ਅਫ਼ਸਰ ਰਮਨ ਭਗਤ (ਅੰਮ੍ਰਿਤਸਰ-3) ਦੀ ਨਿਗਰਾਨੀ ਹੇਠ ਵਿਭਾਗ ਦੀ ਇਕ ਵਿਸ਼ੇਸ਼ ਟੀਮ ਨੇ ਇਲਾਕੇ ’ਚ ਕਾਨੂੰਨ ਵਿਵਸਥਾ ਅਤੇ ਨਿਯਮਾਂ ਦੀ ਪਾਲਨਾ ਨੂੰ ਯਕੀਨੀ ਬਣਾਉਣ ਲਈ ਸਖ਼ਤ ਚੈਕਿੰਗ ਮੁਹਿੰਮ ਚਲਾਈ। ਇਸ ਮੁਹਿੰਮ ਦੀ ਅਗਵਾਈ ਕਰ ਰਹੇ ਸਹਾਇਕ ਆਬਕਾਰੀ ਅਫ਼ਸਰ (ਏ. ਈ. ਟੀ. ਓ.) ਰਮਨ ਕੁਮਾਰ ਸ਼ਰਮਾ ਨੇ ਆਬਕਾਰੀ ਪੁਲਸ ਸਟਾਫ਼ ਸਮੇਤ ਵਿਸ਼ੇਸ਼ ਤੌਰ ’ਤੇ ਥਾਣਾ ਛੇਹਰਟਾ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਥਾਣਾ ਘਰਿੰਡਾ ਦੇ ਐੱਸ. ਐੱਚ. ਓ. ਨਾਲ ਇਕ ਅਹਿਮ ਬੈਠਕ ਕੀਤੀ। ਬੈਠਕ ’ਚ ਮੁੱਖ ਤੌਰ ’ਤੇ ਇਲਾਕੇ ਦੇ ਸਰਗਰਮ ਬੂਟਲੇਗਰਾਂ ਦੀ ਸੂਚੀ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ’ਤੇ ਚਰਚਾ ਕੀਤੀ ਗਈ। ਸਹਾਇਕ ਆਬਕਾਰੀ ਅਫ਼ਸਰ ਰਮਨ ਸ਼ਰਮਾ ਨੇ ਦੱਸਿਆ ਕਿ ਪੁਲਸ ਅਤੇ ਆਬਕਾਰੀ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰ ਰਹੇ ਹਨ ਤਾਂ ਜੋ ਇਲਾਕੇ ’ਚ ਨਾਜਾਇਜ਼ ਸ਼ਰਾਬ ਦੀ ਸਮੱਗਲਿੰਗ ਅਤੇ ਵਿਕਰੀ ’ਤੇ ਪੂਰੀ ਤਰ੍ਹਾਂ ਰੋਕ ਲਾਈ ਜਾ ਸਕੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਇਲਾਕੇ ’ਚ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਵੇਗੀ। ਪੁਲਸ ਵਿਭਾਗ ਨਾਲ ਰਣਨੀਤਕ ਚਰਚਾ ਤੋਂ ਬਾਅਦ ਆਬਕਾਰੀ ਟੀਮ ਨੇ ਅਟਾਰੀ ਰੋਡ ਸਥਿਤ ਇੰਡੀਆ ਗੇਟ ਦੇ ਨੇੜੇ ਮੌਜੂਦ ‘ਮਾਡਲ ਸ਼ਾਪ’ ’ਤੇ ਅਚਨਚੇਤ ਛਾਪੇਮਾਰੀ ਕੀਤੀ। ਇਸ ਕਾਰਵਾਈ ਨਾਲ ਸ਼ਰਾਬ ਕਾਰੋਬਾਰੀਆਂ ’ਚ ਹੜਕੰਪ ਮਚ ਗਿਆ। ਸਹਾਇਕ ਆਬਕਾਰੀ ਅਫ਼ਸਰ ਰਮਨ ਸ਼ਰਮਾ ਦੀ ਮੌਜੂਦਗੀ ’ਚ ਟੀਮ ਨੇ ਦੁਕਾਨ ਦੇ ਅੰਦਰ ਮੌਜੂਦ ਸ਼ਰਾਬ ਦੇ ਸਟਾਕ ਦੀ ਬਾਰੀਕੀ ਨਾਲ ਜਾਂਚ ਕੀਤੀ। ਇਸ ਦੇ ਨਾਲ ਹੀ ਦੁਕਾਨ ਦੇ ਅਧਿਕਾਰਤ ਸਟਾਕ




ਰਜਿਸਟਰਾਂ ਦਾ ਮਿਲਾਨ ਕੀਤਾ ਗਿਆ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਥੇ ਕੋਈ ਵੀ ਨਾਜਾਇਜ਼ ਜਾਂ ਬਿਨਾਂ ਰਿਕਾਰਡ ਵਾਲੀ ਸ਼ਰਾਬ ਨਾ ਵੇਚੀ ਜਾ ਰਹੀ ਹੋਵੇ। ਅਧਿਕਾਰੀਆਂ ਅਨੁਸਾਰ ਨਿਯਮਾਂ ’ਚ ਕਿਸੇ ਵੀ ਤਰ੍ਹਾਂ ਦੀ ਕੋਤਾਹੀ ਪਾਏ ਜਾਣ ’ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੁਹਿੰਮ ਤਹਿਤ ਇਕ ਹੋਰ ਵੱਡੀ ਕਾਰਵਾਈ ਅਟਾਰੀ ਰੋਡ ਸਥਿਤ ਖੰਡਵਾਲਾ ਚੁੰਗੀ ਦੇ ਨੇੜੇ ਦੇਖਣ ਨੂੰ ਮਿਲੀ। ਆਬਕਾਰੀ ਵਿਭਾਗ ਦੇ ਨਿਯਮਾਂ ਮੁਤਾਬਕ ਸ਼ਰਾਬ ਦੀ ਨਾਜਾਇਜ਼ ਰੀ-ਫਿਲਿੰਗ ਦੀ ਖੇਡ ਨੂੰ ਰੋਕਣ ਲਈ ਖਾਲੀ ਬੋਤਲਾਂ ਨੂੰ ਨਸ਼ਟ ਕਰਨਾ ਲਾਜ਼ਮੀ ਹੁੰਦਾ ਹੈ। ਇਸੇ ਨਿਯਮ ਤਹਿਤ ਏ. ਈ. ਟੀ. ਓ. ਰਮਨ ਕੁਮਾਰ ਨੇ (ਐੱਲ-5ਡੀ) ਅਤੇ ਖੰਡਵਾਲਾ ਅਟਾਰੀ ਰੋਡ ਸਥਿਤ ਕੰਪਲੈਕਸ ’ਤੇ ਆਪਣੀ ਮੌਜੂਦਗੀ ’ਚ ਵੱਡੀ ਗਿਣਤੀ ’ਚ ਸ਼ਰਾਬ ਦੀਆਂ ਖਾਲੀ ਬੋਤਲਾਂ ਨੂੰ ਮੌਕੇ ’ਤੇ ਹੀ ਪੂਰੀ ਤਰ੍ਹਾਂ ਨਸ਼ਟ ਕਰਵਾ ਦਿੱਤਾ। ਆ?ਬਕਾਰੀ ਵਿਭਾਗ ਦੇ ਸਹਾਇਕ ਕਮਿਸ਼ਨਰ ਅੰਮ੍ਰਿਤਸਰ ਰੇਂਜ ਦਿਲਬਾਗ ਸਿੰਘ ਚੀਮਾ ਅਤੇ ਜ਼ਿਲਾ ਆਬਕਾਰੀ ਅਫ਼ਸਰ ਰਮਨ ਭਗਤ ਨੇ ਸਾਫ਼ ਕੀਤਾ ਹੈ ਕਿ ਆਉਣ ਵਾਲੇ ਦਿਨਾਂ ’ਚ ਇਹ ਚੈਕਿੰਗ ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਠੇਕੇਦਾਰਾਂ ਅਤੇ ਸ਼ਰਾਬ ਸਮੱਗਲਰਾਂ ਖ਼?ਲਾਫ਼ ‘ਜ਼ੀਰੋ ਟਾਲਰੈਂਸ’ ਦੀ ਨੀਤੀ ਅਪਣਾਈ ਜਾ ਰਹੀ ਹੈ।

# ਜਲੰਧਰ ’ਚ ਦੋ ਦੋਸਤਾਂ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

**ਕੌਮੀ ਪਤ੍ਰਿਕਾ**

ਜਲੰਧਰ 7 ਜੂਨ। ਜਲੰਧਰ ਦੇ ਵਡਾਲਾ ਚੌਕ ਨੇੜੇ ਕੁਝ ਅਣਪਛਾਤੇ ਹਮਲਾਵਰਾਂ ਵੱਲੋਂ ਦੋ ਦੋਸਤਾਂ ’ਤੇ ਤੇਜ਼ਧਾਰ ਹਥਿਆਰਾਂ ਅਤੇ ਇੱਟਾਂ ਨਾਲ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਆਪਣੀ ਜਾਨ ਬਚਾਉਣ ਲਈ ਦੋਵਾਂ ਨੌਜਵਾਨਾਂ ਨੂੰ ਆਪਣਾ ਮੋਟਰਸਾਈਕਲ ਮੌਕੇ ’ਤੇ ਹੀ ਛੱਡ ਕੇ ਖੇਤਾਂ ਵੱਲ ਭੱਜਣਾ ਪਿਆ। ਪੀੜਤ ਨੌਜਵਾਨ ਵਿਵੇਕ ਨਿਊ ਦਸ਼ਮੇਸ਼ ਨਗਰ ਦਾ ਰਹਿਣ ਵਾਲਾ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਇਕ ਦੋਸਤ ਨਾਲ ਚਿੱਟੀ ਪਿੰਡ ਵਿੱਚ ਫੋਟੋ ਸ਼ੂਟ ਕਰਵਾਉਣ ਗਿਆ ਸੀ। ਦਿਨ ਭਰ ਘੁੰਮਣ ਤੋਂ ਬਾਅਦ ਜਦੋਂ ਦੋਵੇਂ ਦੋਸਤ ਮੋਟਰਸਾਈਕਲ ’ਤੇ ਸਵਾਰ ਹੋ ਕੇ ਵਾਪਸ ਘਰ ਪਰਤ ਰਹੇ ਸਨ ਤਾਂ ਰਸਤੇ ਵਿੱਚ ਉਨ੍ਹਾਂ ਨਾਲ ਇਹ ਖ਼ੌਫ਼ਨਾਕ ਵਾਰਦਾਤ ਵਾਪਰੀ। ਮੁਤਾਬਕ ਜਿਵੇਂ ਹੀ ਉਹ ਵਡਾਲਾ ਚੌਕ ਨੇੜੇ ਪਹੁੰਚੇ ਅਚਾਨਕ 4-5 ਨੌਜਵਾਨਾਂ ਨੇ ਉਨ੍ਹਾਂ ਨੂੰ ਘੇਰ ਲਿਆ। ਹਮਲਾਵਰਾਂ ਦੇ ਹੱਥਾਂ ਵਿੱਚ ਤੇਜ਼ਧਾਰ ਹਥਿਆਰ ਸਨ ਅਤੇ ਉਨ੍ਹਾਂ ਨੇ ਆਉਂਦੇ ਹੀ ਨੌਜਵਾਨਾਂ ਨੂੰ ਡਰਾਉਣਾ-ਧਮਕਾਉਣਾ ਅਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਹਮਲਾਵਰਾਂ ਨੂੰ ਆਪਣੀ ਵੱਲ ਵਧਦਾ ਵੇਖ ਕੇ ਦੋਵਾਂ ਦੋਸਤਾਂ ਨੇ ਸਮਝਦਾਰੀ ਵਿਖਾਈ ਅਤੇ ਮੋਟਰਸਾਈਕਲ ਸੜਕ ’ਤੇ ਹੀ ਛੱਡ ਕੇ ਨੇੜਲੇ ਖੇਤਾਂ ਵੱਲ ਦੌੜ ਲਗਾ ਦਿੱਤੀ। ਹਮਲਾਵਰਾਂ ਨੇ ਖੇਤਾਂ ਤੱਕ ਉਨ੍ਹਾਂ ਦਾ ਪਿੱਛਾ ਕੀਤਾ ਪਰ ਹਨ੍ਹੇਰੇ ਅਤੇ ਖੇਤਾਂ ਦੀ ਓਟ ਕਾਰਨ ਪੀੜਤ ਨੌਜਵਾਨ ਬਦਮਾਸ਼ਾਂ ਦੇ ਹੱਥ ਨਹੀਂ ਆਏ।




ਜਦੋਂ ਬਦਮਾਸ਼ ਨੌਜਵਾਨਾਂ ਨੂੰ ਫੜਨ ਵਿੱਚ ਨਾਕਾਮ ਰਹੇ ਤਾਂ ਉਹ ਵਾਪਸ ਸੜਕ ’ਤੇ ਆਏ ਅਤੇ ਪੀੜਤਾਂ ਦਾ ਮੋਟਰਸਾਈਕਲ ਲੈ ਕੇ ਫਰਾਰ ਹੋ ਗਏ। ਭੱਜਦੇ ਸਮੇਂ ਮੁਲਜ਼ਮਾਂ ਨੇ ਉਨ੍ਹਾਂ ’ਤੇ ਇੱਟਾਂ ਵੀ ਸੁੱਟੀਆਂ, ਜਿਸ ਕਾਰਨ ਇੱਕ ਨੌਜਵਾਨ ਦੇ ਪੈਰ ’ਤੇ ਗੰਭੀਰ ਸੱਟ ਲੱਗੀ ਹੈ ਅਤੇ ਕਾਫੀ ਸੋਜ ਆ ਗਈ ਹੈ। ਪੀੜਤਾਂ ਵੱਲੋਂ ਇਸ ਮਾਮਲੇ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ।

## ਮੋਟਰਸਾਈਕਲ ਸਵਾਰਾਂ ਦਾ ਸੰਤੁਲਨ ਵਿਗੜਨ ਕਾਰਨ ਵਾਪਰਿਆ ਹਾਦਸਾ, ਦੋ ਗੰਭੀਰ ਜ਼ਖ਼ਮੀ

ਜੈਤੋ 7 ਜੂਨ। ਜੈਤੋ ਦੇ ਬਾਜਾਖਾਨਾ ਰੋਡ ਸਥਿਤ ਡਰੀਮ ਕ੍ਰਿਸਟਲ ਪੈਲਿਸ ਦੇ ਨਜ਼ਦੀਕ ਇਕ ਦਰਦਨਾਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਦੋ ਨੌਜਵਾਨ ਮੋਟਰਸਾਈਕਲ ’ਤੇ ਸਵਾਰ ਹੋ ਕੇ ਜੈਤੋ ਤੋਂ ਬਾਜਾਖਾਨਾ ਵੱਲ ਜਾ ਰਹੇ ਸਨ ਜਦੋਂ ਅਚਾਨਕ ਅੱਗੇ ਜਾ ਰਹੀ ਇਕ ਗੱਡੀ ਚਾਲਕ ਨੇ ਆਪਣੀ ਗੱਡੀ ਸੜਕ ਦੇ ਵਿਚਕਾਰ ਹੀ ਪਿੱਛੇ ਨੂੰ ਮੋੜ ਦਿੱਤੀ। ਇਸ ਕਾਰਨ ਮੋਟਰਸਾਈਕਲ ਸਵਾਰਾਂ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਸੜਕ ’ਤੇ ਡਿੱਗ ਕੇ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਏ। ਕਿਸੇ ਰਾਹਗੀਰ ਵੱਲੋਂ ਇਸ ਸਬੰਧੀ ਚੜ੍ਹਦੀਕਲਾ ਵੈੱਲਫੇਅਰ ਸੇਵਾ ਸੋਸਾਇਟੀ (ਰਜਿ.) ਗੰਗਸਰ ਜੈਤੋ ਦੇ ਐਮਰਜੈਂਸੀ ਨੰਬਰ ’ਤੇ ਸੂਚਨਾ ਦਿੱਤੀ ਗਈ। ਖ਼ਬਰ ਮਿਲਦਿਆਂ ਹੀ ਸੋਸਾਇਟੀ ਦੇ ਮੁੱਖ ਸੇਵਾਦਾਰ ਮੀਤ ਸਿੰਘ ਮੀਤਾ, ਆਗੂ ਗੋਰਾ ਔਲਖ ਅਤੇ ਕੁਲਦੀਪ ਰਾਜਪੂਤ ਤੁਰੰਤ ਐਂਬੂਲੈਂਸ ਸਮੇਤ ਘਟਨਾ ਸਥਾਨ ’ਤੇ ਪਹੁੰਚੇ। ਉਨ੍ਹਾਂ ਨੇ ਦੋਵਾਂ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਜੈਤੋ ਵਿਖੇ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਇਕ ਨੌਜਵਾਨ ਦਾ ਮੋਢਾ ਟੁੱਟਿਆ ਹੋਣ ਕਾਰਨ ਉਸ ਨੂੰ ਅਗਲੇ ਇਲਾਜ ਲਈ ਸਿਵਲ ਹਸਪਤਾਲ ਕੋਟਕਪੂਰਾ ਰੈਫ਼ਰ ਕਰ ਦਿੱਤਾ ਅਤੇ ਦੂਜੇ ਨੂੰ ਜੈਤੋ ਵਿਖੇ ਹੀ ਦਾਖ਼ਲ ਕਰ ਲਿਆ। ਜ਼ਖ਼ਮੀਆਂ ਦੀ ਪਛਾਣ ਮੋਹਿਤ ਕੁਮਾਰ (32 ਸਾਲ) ਸਪੁੱਤਰ ਸੇਸਪਾਲ ਅਤੇ ਖੁਸ਼ੀ ਰਾਮ (35 ਸਾਲ) ਸਪੁੱਤਰ ਬਚਨ ਰਾਮ ਵਾਸੀਆਨ ਜੈਤੋ ਵਜੋਂ ਹੋਈ ਹੈ।

## ਭਲਕੇ ਪੰਜਾਬ ਦੇ ਇਨ੍ਹਾਂ ਇਲਾਕਿਆਂ ’ਚ ਲੱਗੇਗਾ ਲੰਬਾ ਬਿਜਲੀ ਕੱਟ !

ਜਲੰਧਰ 7 ਜੂਨ। ਪੰਜਾਬ ਦੇ ਕੁਝ ਇਲਾਕਿਆਂ ਵਿਚ ਭਲਕੇ ਯਾਨੀ ਕਿ ਸ਼ਨੀਵਾਰ ਨੂੰ ਲੰਬਾ ਪਾਵਰ ਕੱਟ ਲੱਗਣ ਜਾ ਰਿਹਾ ਹੈ। ਪੰਜਾਬ ਬਿਜਲੀ ਵਿਭਾਗ ਵੱਲੋਂ ਜ਼ਰੂਰੀ ਮੁਰੰਮਤ ਕਾਰਨ ਕਈ ਥਾਈਂ ਬਿਜਲੀ ਬੰਦ ਰੱਖੀ ਜਾਵੇਗੀ, ਜਿਸ ਬਾਰੇ ਸ਼ਹਿਰਾਂ ਵਿਚ ਅਗਾਊਂ ਸੂਚਨਾ ਵੀ ਦਿੱਤੀ ਗਈ ਹੈ ਅਤੇ ਸਮਾਂ ਵੀ ਨਿਰਧਾਰਿਤ ਕੀਤਾ ਗਿਆ ਹੈ। ਕਈ ਇਲਾਕਿਆਂ ਵਿਚ ਸਵੇਰੇ ਹੀ ਬਿਜਲੀ ਦਾ ਕੱਟ ਲੱਗ ਜਾਵੇਗਾ ਅਤੇ ਕਈ ਘੰਟਿਆਂ ਤਕ ਬਿਜਲੀ ਗੁੱਲ ਰਹੇਗੀ। ਮੋਗਾ (ਬਿੰਦਾ)- 132 ਕੇ. ਵੀ. ਮੋਗਾ-1 ਸਬ ਸਟੇਸ਼ਨ ਵਿਖੇ ਡਿਪਾਜ਼ਿਟ ਵਰਕ ਕਰਨ ਲਈ ਮਿਤੀ 06-06-2026 (ਸ਼ਨੀਵਾਰ) ਨੂੰ ਬਿਜਲੀ ਸਪਲਾਈ ਅਸਥਾਈ ਤੌਰ ’ਤੇ ਬੰਦ ਰਹੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਡੀ. ਓ. ਸੁਖਦੇਵ ਸਿੰਘ ਅਤੇ ਜੇ.ਈ. ਰਾਜਿੰਦਰ ਸਿੰਘ ਵਿਰਦੀ (ਉੱਤਰੀ ਮੋਗਾ) ਨੇ ਦੱਸਿਆ ਕਿ ਸਵੇਰੇ 10 ਤੋਂ ਦੁਪਹਿਰ 2 ਵਜੇ ਤੱਕ 11 ਕੇ.ਵੀ. ਪ੍ਰਤਾਪ ਰੋਡ ਫੀਡਰ, 11 ਕੇ.ਵੀ. ਜਵਾਹਰ ਨਗਰ ਫੀਡਰ, 11 ਕੇ.ਵੀ. ਦੱਤ ਰੋਡ ਫੀਡਰ, 11 ਕੇ.ਵੀ. ਅਕਾਲਸਰ ਫੀਡਰ, 11 ਕੇ.ਵੀ. ਮੋਗਾ-1 ਫੀਡਰ, 11 ਕੇ.ਵੀ. ਮੋਗਾ-2 ਫੀਡਰ ਬੰਦ ਰਹਿਣਗੇ। ਇਸ ਕਾਰਨ ਜੀ.ਟੀ. ਰੋਡ (ਬਿੱਗ ਬੇਨ ਵਾਲਾ ਪਾਸਾ), ਕੈਂਪ, ਕੱਪੜਿਆਂ ਵਾਲੀ ਮਾਰਕੀਟ, ਅਕਾਲਸਰ ਰੋਡ, ਮੈਜੈਸਟਿਕ ਰੋਡ, ਸਿਵਲ ਲਾਈਨ, ਜੇਲ ਇਲਾਕਾ, ਡੀ.ਸੀ. ਕੰਪਲੈਕਸ, ਡੀ.ਸੀ. ਰਿਹਾਇਸ਼, ਜੇਲ ਵਾਲੀ ਗਲੀ, ਜੰਡੂ ਵਾਲੀ ਗਲੀ, ਕਬਾੜ ਮਾਰਕੀਟ, ਐੱਫ. ਸੀ. ਆਈ. ਰੋਡ, ਕਿਚਲੂ ਸਕੂਲ ਇਲਾਕਾ, ਇੰਪਰੂਵਮੈਂਟ ਟਰੱਸਟ ਮਾਰਕੀਟ, ਕੋਰਟ ਕੰਪਲੈਕਸ, ਸੈਸ਼ਨ ਕੋਰਟ, ਮੇਨ ਬਾਜ਼ਾਰ, ਰਾਮ ਗੰਜ, ਪੁਰਾਣੀ ਸਬਜ਼ੀ ਮੰਡੀ, ਅਹਾਤਾ ਬਦਨ ਸਿੰਘ, ਰੇਲਵੇ ਰੋਡ, ਚੌਕ ਜੋਗਿੰਦਰ ਸਿੰਘ, ਟਾਊਨ ਹਾਲ, ਸ਼ਾਮ ਲਾਲ ਚੌਕ, ਗੁਰੂ ਨਾਨਕ ਕਾਲਜ, ਪੱਟੀ ਵਾਲੀ ਗਲੀ ਅਤੇ ਅੰਮ੍ਰਿਤ ਮਾਰਕੀਟ ਆਦਿ ਇਲਾਕਿਆਂ ਦੀ ਬਿਜਲੀ ਸਪਲਾਈ ਬੰਦ ਰਹੇਗੀ। ਬਿਜਲੀ ਵਿਭਾਗ ਵੱਲੋਂ ਖਪਤਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਦੌਰਾਨ ਸਹਿਯੋਗ ਦਿੱਤਾ ਜਾਵੇ।

# ਚੋਰਾਂ ਨੇ 2 ਘਰਾਂ ਨੂੰ ਬਣਾਇਆ ਨਿਸ਼ਾਨਾ, ਲੱਖਾਂ ਦੇ ਗਹਿਣੇ ਤੇ ਨਕਦੀ ਚੋਰੀ

**ਕੌਮੀ ਪਤ੍ਰਿਕਾ**

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ/ਹਰਚੋਵਾਲ 7 ਜੂਨ। ਕਸਬਾ ਹਰਚੋਵਾਲ ਵਿਖੇ ਚੋਰਾਂ ਵੱਲੋਂ 2 ਘਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਲੱਖਾਂ ਰੁਪਏ ਦੇ ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦਿਆਂ ਪਹਿਲੇ ਪੀੜਤ ਗੁਰਕੀਰਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਹਰਚੋਵਾਲ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਘਰ ਨੂੰ ਤਾਲੇ ਲਾ ਕੇ ਜਠੇਰਿਆਂ ਦੇ ਮੱਥਾ ਟੇਕਣ ਲਈ ਗਏ ਹੋਏ ਸਨ। ਜਦੋਂ ਉਹ ਦੁਪਹਿਰ ਸਮੇਂ ਘਰ ਵਾਪਸ ਪਰਤੇ ਤਾਂ ਦੇਖਿਆ ਕਿ ਮੁੱਖ ਦਰਵਾਜ਼ੇ ਦੇ ਤਾਲੇ ਟੁੱਟੇ ਹੋਏ ਸਨ ਅਤੇ ਅੰਦਰ ਸਾਰਾ ਸਾਮਾਨ ਖਿੱਲਰਿਆ ਪਿਆ ਸੀ। ਚੋਰਾਂ ਨੇ ਕਮਰੇ ਅੰਦਰ ਪਈ ਅਲਮਾਰੀ ਦੇ ਤਾਲੇ ਤੋੜ ਕੇ 7 ਸੋਨੇ ਦੀਆਂ ਮੁੰਦਰੀਆਂ, 2 ਜੋੜੀਆਂ ਟਾਪਸ ਅਤੇ ਇਕ ਸੋਨੇ ਦੀ ਚੇਨ ਸਮੇਤ ਕੁਝ ਨਕਦੀ ਚੋਰੀ ਕਰ ਲਈ। ਗੁਰਕੀਰਤ ਸਿੰਘ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਚੋਰੀ ਹੋਏ ਸੋਨੇ ਦੇ ਗਹਿਣੇ ਉਨ੍ਹਾਂ ਨੇ ਖਾਸ ਤੌਰ ’ਤੇ ਆਪਣੇ ਲੜਕੇ ਦੇ ਆਉਣ ਵਾਲੇ ਵਿਆਹ ਲਈ ਬਣਾਏ




ਹੋਏ ਸਨ। ਇਸੇ ਤਰ੍ਹਾਂ ਉਨ੍ਹਾਂ ਨਾਲ ਲੱਗਦੇ ਘਰ ਦੇ ਪਰਿਵਾਰਕ ਮੈਂਬਰ ਜਗਦੀਸ਼ ਸਿੰਘ ਪੁੱਤਰ ਅਜੀਤ ਸਿੰਘ ਨੇ ਦੱਸਿਆ ਕਿ ਉਹ ਵੀ ਇਸੇ ਪਰਿਵਾਰ ਨਾਲ ਜਠੇਰਿਆਂ ਨੂੰ ਮੱਥਾ ਟੇਕਣ ਗਏ ਹੋਏ ਸਨ। ਜਦੋਂ ਉਨ੍ਹਾਂ ਨੇ ਵਾਪਸ ਆ ਕੇ ਦੇਖਿਆ ਤਾਂ ਉਨ੍ਹਾਂ ਦੇ ਘਰ ਦੇ ਵੀ ਤਾਲੇ ਟੁੱਟੇ ਹੋਏ ਸਨ ਅਤੇ ਚੋਰ ਅੰਦਰ ਪਈ ਅਲਮਾਰੀ ’ਚੋਂ ਕਰੀਬ 18,000 ਰੁਪਏ ਦੀ ਨਕਦੀ ਚੋਰੀ ਕਰ ਕੇ ਲੈ ਗਏ ਸਨ। ਉਕਤ ਦੋਵਾਂ ਪੀੜਤ ਪਰਿਵਾਰਾਂ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਕੋਲੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਇਲਾਕੇ ’ਚ ਸਰਗਰਮ ਚੋਰਾਂ ਖਿਲਾਫ ਸਖਤ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ ਅਤੇ ਚੋਰੀ ਹੋਇਆ ਕੀਮਤੀ ਸਾਮਾਨ ਤੇ ਨਕਦੀ ਵਾਪਸ ਦਿਵਾਈ ਜਾਵੇ। ਦੂਜੇ ਪਾਸੇ ਸੂਚਨਾ ਮਿਲਣ ਤੋਂ ਬਾਅਦ ਸਬੰਧਤ ਪੁਲਸ ਵੱਲੋਂ ਘਟਨਾ ਵਾਲੀ ਜਗ?ਹਾ ਦਾ ਬਾਰੀਕੀ ਨਾਲ ਜਾਇਜ਼ਾ ਲੈ ਲਿਆ ਗਿਆ ਹੈ ਅਤੇ ਮੁਕੱਦਮਾ ਦਰਜ ਕਰ ਕੇ ਬਣਦੀ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

## ਫਿਰੋਜ਼ਪੁਰ ਜ਼ਿਲ੍ਹੇ ’ਚ ਲੱਗੀਆਂ ਵੱਖ-ਵੱਖ ਪਾਬੰਦੀਆਂ, ਜ਼ਿਲ੍ਹਾ ਮੈਜਿਸਟਰੇਟ ਨੇ ਜਾਰੀ ਕੀਤੇ ਹੁਕਮ

ਫਿਰੋਜ਼ਪੁਰ 7 ਜੂਨ। ਵਧੀਕ ਜ਼ਿਲ੍ਹਾ ਮੈਜਿਸਟ?ਰੇਟ ਅਮਨਦੀਪ ਕੌਰ ਪੀ. ਸੀ. ਐੱਸ. ਨੇ ਜ਼ਿਲ੍ਹਾ ਫ਼ਿਰੋਜ਼ਪੁਰ ’ਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜਾਰੀ ਹੋਣ ਦੀ ਮਿਤੀ ਤੋਂ 2 ਮਹੀਨੇ ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟ?ਰੇਟ ਨੇ ਪੰਜਾਬ ਦੇ ਪਿੰਡਾਂ/ਛੋਟੇ ਸ਼ਹਿਰਾਂ ਦੀ ਗਸ਼ਤ ਐਕਟ 1918 ਦੀ ਧਾਰਾ 3 (1) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਕੀਤਾ ਕਿ ਜ਼ਿਲ੍ਹੇ ਦੇ ਸਾਰੇ ਪਿੰਡਾਂ ਦੇ ਨਿਰੋਈ ਸਿਹਤ ਵਾਲੇ ਵਿਅਕਤੀਆਂ ਵਲੋਂ ਰੂਰਲ ਅਤੇ ਗ੍ਰਾਮੀਣ ਬੈਂਕਾਂ ਅੱਗੇ ਪਹਿਰਾ ਲਾਇਆ ਜਾਵੇਗਾ ਡਾਕਖਾਨੇ ਅਤੇ ਛੋਟੇ ਡਾਕਘਰਾਂ, ਰੇਲਵੇ ਸਟੇਸ਼ਨ, ਸਰਕਾਰੀ ਦਫ਼ਤਰਾਂ, ਇੰਸਟੀਚਿਊਟਾਂ, ਨਹਿਰਾਂ ਦੇ ਕੰਢੇ, ਸਤਲੁਜ ਦਰਿਆ ਦੇ ਪੁਲਾਂ ਅਤੇ ਖ਼ਾਸ ਤੌਰ ’ਤੇ ਬਿਜਲੀ ਬੋਰਡ ਦੇ ਗਰਿੱਡਾਂ, ਸਬ-ਸਟੇਸ਼ਨਾਂ, ਟਰਾਂਸਮਿਸ਼ਨ ਲਾਈਨਾਂ, ਟਰਾਂਸਫਾਰਮਰਾਂ ਅਤੇ ਬਿਜਲੀ ਦੇ ਖੰਬਿਆਂ ਨੂੰ ਭੰਨ-ਤੋੜ ਤੋਂ ਬਚਾਉਣ ਲਈ 24 ਘੰਟੇ ਗਸ਼ਤ/ਪਹਿਰਾ ਲਗਾਇਆ ਜਾਵੇ। ਉਨ੍ਹਾਂ ਨੇ ਇਹ ਵੀ ਹੁਕਮ ਦਿੱਤਾ ਕਿ ਹਰ ਪਿੰਡ ਦੀ ਪੰਚਾਇਤ ਐਕਟ ਦੀ ਧਾਰਾ (4-1) ਦੀ ਪੂਰੀ ਤਰਜ਼ਮਾਨੀ ਕਰਦਿਆਂ ਹੋਇਆ ਆਪਣੇ ਖੇਤਰਾਂ ’ਚ ਡਿਊਟੀ ਕਰਾਏਗੀ। ਇਸੇ ਤਰ੍ਹਾਂ ਵਧੀਕ ਜ਼ਿਲ੍ਹਾ ਮੈਜਿਸਟ?ਰੇਟ ਨੇ ਦੱਸਿਆ ਕਿ ਜ਼ਿਲ੍ਹੇ ’ਚ ਰਾਤ 10 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਸ਼ੋਰ ਪੈਦਾ ਕਰਨ ਵਾਲੇ ਪਟਾਕਿਆਂ ਨੂੰ ਚਲਾਉਣ, ਢੋਲ, ਡਰੱਮ ਅਤੇ ਹੋਰ ਕਿਸੇ ਤਰ੍ਹਾਂ ਦੇ ਆਵਾਜ਼ ਪੈਦਾ ਕਰਨ ਵਾਲੇ ਯੰਤਰਾਂ ’ਤੇ ਮਨਾਹੀ ਹੋਵੇਗੀ।

# ਫਿਰੋਜ਼ਪੁਰ ਜ਼ਿਲ੍ਹੇ ਦੇ 224 ਅੱਪਰ ਪ੍ਰਾਇਮਰੀ ਸਕੂਲਾਂ ’ਚ ਹੋਈ ਮਾਪੇ ਅਧਿਆਪਕ ਮਿਲਣੀ

**ਕੌਮੀ ਪਤ੍ਰਿਕਾ**

ਫਿਰੋਜ਼ਪੁਰ 7 ਜੂਨ। ਪੰਜਾਬ ਸਰਕਾਰ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਵਾਏ ਗਏ ਮੈਗਾ ਪੀਟੀਐਮ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਫ਼?ਰੋਜ਼ਪੁਰ ਸ਼?ਰੀਮਤੀ ਮੁਨੀਲਾ ਅਰੋੜਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਸੇਠਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੁਕਨਾ ਬੇਗੂ ਅਤੇ ਸਰਕਾਰੀ ਮਿਡਲ ਸਕੂਲ ਪਟੇਲ ਨਗਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਫ਼?ਰੋਜ਼ਪੁਰ ਡਾ. ਸਤਿੰਦਰ ਸਿੰਘ ਨੈਸ਼ਨਲ ਅਵਾਰਡੀ ਵੱਲੋਂ ਸਰਕਾਰੀ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਬੁੱਕਣ ਖਾਂ ਅਤੇ ਸਰਕਾਰੀ ਹਾਈ ਸਕੂਲ ਝੋਕ ਹਰੀਹਰ ਦਾ ਨਿਰੀਖਣ ਕੀਤਾ। ਇਸ ਦੌਰਾਨ ਸਿੱਖਿਆ ਅਧਿਕਾਰੀਆਂ ਵੱਲੋਂ ਸਕੂਲਾਂ ਵਿੱਚ ਚੱਲ ਰਹੀਆਂ ਵਿੱਦਿਅਕ ਗਤੀਵਿਧੀਆਂ, ਵਿਦਿਆਰਥੀਆਂ ਦੀ




ਹਾਜ਼ਰੀ, ਸਕੂਲੀ ਵਾਤਾਵਰਣ ਅਤੇ ਮੈਗਾ ਪੀਟੀਐਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਵੱਲੋਂ ਮਾਪਿਆਂ ਨਾਲ ਰੂਬਰੂ ਹੋ ਕੇ ਵਿਦਿਆਰਥੀਆਂ ਦੀ ਪੜ੍ਹਾਈ, ਅਨੁਸ਼ਾਸਨ, ਹਾਜ਼ਰੀ ਅਤੇ ਸਰਵਪੱਖੀ ਵਿਕਾਸ ਸਬੰਧੀ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਮਾਪਿਆਂ ਨੇ ਆਪਣੇ ਬੱਚਿਆਂ ਦੀ ਸਿੱਖਿਆ ਸਬੰਧੀ ਜਾਣਕਾਰੀ ਹਾਸਲ ਕਰਦਿਆਂ ਸਕੂਲਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਡੀ. ਈ. ਓ. ਮੁਨੀਲਾ ਅਰੋੜਾ ਨੇ ਕਿਹਾ ਕਿ ਮੈਗਾ ਪੀ. ਟੀ. ਐੱਮ. ਦਾ ਮੁੱਖ ਉਦੇਸ਼ ਸਕੂਲ, ਅਧਿਆਪਕ ਅਤੇ ਮਾਪਿਆਂ ਵਿਚਕਾਰ ਮਜ਼ਬੂਤ ਸਾਂਝ ਸਥਾਪਿਤ ਕਰਨਾ ਹੈ ਤਾਂ ਜੋ ਬੱਚਿਆਂ ਦੀ ਪੜ੍ਹਾਈ ਅਤੇ ਵਿਕਾਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਜਦੋਂ ਮਾਪੇ ਅਤੇ ਅਧਿਆਪਕ ਮਿਲ ਕੇ ਬੱਚਿਆਂ ਦੀ ਪ੍ਰਗਤੀ ਲਈ ਕੰਮ ਕਰਦੇ ਹਨ ਤਾਂ ਵਿਦਿਆਰਥੀਆਂ ਦੇ ਨਤੀਜਿਆਂ ਅਤੇ ਵਿਅਕਤੀਗਤ ਵਿਕਾਸ ਵਿੱਚ ਸਕਾਰਾਤਮਕ ਸੁਧਾਰ ਵੇਖਣ ਨੂੰ ਮਿਲਦਾ ਹੈ। ?ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ।

## ਕਪੂਰਥਲਾ ਵਿਖੇ ਫਲਾਂ ਦੀਆਂ 7 ਦੁਕਾਨਾਂ ’ਚ ਲੱਗੀ ਭਿਆਨਕ ਅੱਗ

ਕਪੂਰਥਲਾ 7 ਜੂਨ। ਇਲਾਕੇ ਵਿਚ ਅੱਗ ਲੱਗਣ ਦੀਆਂ ਵਧਦੀਆਂ ਘਟਨਾਵਾਂ ਨੇ ਵਸਨੀਕਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਦੋ ਦਿਨ ਪਹਿਲਾਂ ਪਾਵਰ ਪਲਾਂਟ ਵਿਚ ਅੱਗ ਲੱਗਣ ਦਾ ਸੰਤਾਪ ਪੂਰੇ ਸ਼ਹਿਰ ਨੇ ਝੱਲਿਆ ਸੀ। ਸ਼ੁੱਕਰਵਾਰ ਸਵੇਰੇ ਥਾਣਾ ਸਦਰ ਦੇ ਨੇੜੇ ਫਰੂਟ ਮੰਡੀ ਵਿੱਚ ਬਣੀਆਂ ਦੁਕਾਨਾਂ ਨੂੰ ਅੱਗ ਲੱਗ ਗਈ, ਜਿਸ ਦੀ ਦੁਕਾਨਦਾਰਾਂ ਤੇ ਆਸ-ਪਾਸ ਦੇ ਲੋਕਾਂ ਨੂੰ ਮਿਲਣ ’ਤੇ ਹੜਕੰਪ ਮਚ ਗਿਆ। ਹਾਲਾਂਕਿ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਪਰ ਅੱਗ ਇੰਨੀ ਭਿਆਨਕ ਸੀ ਕਿ ਮੰਡੀ ਵਿਚ 7 ਦੁਕਾਨਾਂ ਸੜ ਕੇ ਸੁਆਹ ਹੋ ਗਈਆਂ, ਜਿਸ ਨਾਲ ਲੱਖਾਂ ਰੁਪਏ ਦਾ ਸਾਮਾਨ ਸੜ ਗਿਆ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਪੁਲਸ ਟੀਮ ਤੇ 10 ਫਾਇਰ ਬ੍ਰਿਗੇਡ ਕਰਮਚਾਰੀਆਂ ਦੀ ਟੀਮ 2 ਗੱਡੀਆਂ ਨਾਲ ਮੌਕੇ ’ਤੇ ਪਹੁੰਚੀ ਤੇ ਤੁਰੰਤ ਰੈਸਕਿਊ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ। ਫਾਇਰ ਬ੍ਰਿਗੇਡ ਵਿਭਾਗ ਨੇ ਲਗਭਗ ਦੋ ਘੰਟਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਅੱਗ ’ਤੇ ਸਫਲਤਾਪੂਰਵਕ ਕਾਬੂ ਪਾਇਆ। ਫਾਇਰ ਬ੍ਰਿਗੇਡ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸਵੇਰੇ ਫਰੂਟ ਮੰਡੀ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ।



ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ 2 ਗੱਡੀਆਂ ਅਤੇ ਫਾਇਰ ਫਾਈਟਰ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਟੀਮ ਮੌਕੇ ’ਤੇ ਪਹੁੰਚੀ। ਫਾਇਰ ਫਾਈਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਟੀਮ ਨੇ ਤੁਰੰਤ ਕਾਰਵਾਈ ਕਰਦੇ ਹੋਏ ਅੱਗ ਬੁਝਾਉਣ ਦਾ ਕੰਮ ਸ਼ੁਰੂ ਕੀਤਾ ਤੇ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਅੱਗ ’ਤੇ ਕਾਬੂ ਪਾ ਲਿਆ ਗਿਆ।

## ਰੇਲਵੇ ਦੀ ਲੇਟਲਤੀਫੀ ਨੇ ਮੁਸਾਫ਼ਰਾਂ ਦੇ ਛੁਡਾਏ ਪਸੀਨੇ, ਅਮਰਪਾਲੀ ਤੇ ਮਾਲਵਾ ਐਕਸਪ੍ਰੈੱਸ ਨੇ 5-5 ਘੰਟੇ ਕਰਵਾਈ ਉਡੀਕ

ਜਲੰਧਰ 7 ਜੂਨ। ਐਤਵਾਰ ਨੂੰ ਰੇਲ ਯਾਤਰੀਆਂ ਨੂੰ ਰੇਲਗੱਡੀਆਂ ਦੀ ਦੇਰੀ ਕਾਰਨ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸ਼ਾਨ-ਏ-ਪੰਜਾਬ ਦੋਵਾਂ ਦਿਸ਼ਾਵਾਂ ਵਿਚ ਲਗਭਗ ਡੇਢ ਘੰਟਾ ਦੇਰੀ ਨਾਲ ਪਹੁੰਚੀ, ਜਿਸ ਨਾਲ ਯਾਤਰੀਆਂ ਦੀ ਉਡੀਕ ਵਧ ਗਈ। ਇਸ ਦੌਰਾਨ ਲੰਬੀ ਦੂਰੀ ਦੀ ਅਮਰਪਾਲੀ ਐਕਸਪ੍ਰੈੱਸ ਅਤੇ ਮਾਲਵਾ ਐਕਸਪ੍ਰੈੱਸ ਸਟੇਸ਼ਨ ’ਤੇ ਲਗਭਗ ਪੰਜ ਘੰਟੇ ਦੇਰੀ ਨਾਲ ਪਹੁੰਚੀਆਂ, ਜਿਸ ਨਾਲ ਯਾਤਰੀਆਂ ਦੀਆਂ ਮੁਸ਼ਕਿਲਾਂ ’ਚ ਵਾਧਾ ਹੋਇਆ।




ਰੇਲਗੱਡੀਆਂ ਸਮੇਂ ਸਿਰ ਨਾ ਪਹੁੰਚਣ ਕਾਰਨ ਪਲੇਟਫਾਰਮਾਂ ’ਤੇ ਯਾਤਰੀਆਂ ਦੀ ਭੀੜ ਇਕੱਠੀ ਹੁੰਦੀ ਰਹੀ, ਜਿਸ ਕਾਰਨ ਯਾਤਰੀਆਂ ਨੂੰ ਘੰਟਿਆਂਬੱਧੀ ਉਡੀਕ ਕਰਨੀ ਪਈ। ਇਸ ਤੋਂ ਇਲਾਵਾ ਨਵੀਂ ਦਿੱਲੀ ਅਤੇ ਵੈਸ਼ਨੋ ਦੇਵੀ ਰੂਟਾਂ ’ਤੇ ਵੰਦੇ ਭਾਰਤ ਐਕਸਪ੍ਰੈੱਸ ਵੀ ਸਮੇਂ ਤੋਂ ਕਾਫ਼ੀ ਦੇਰ ਨਾਲ ਪਹੁੰਚੀ। ਵਾਰ-ਵਾਰ ਦੇਰੀ ਹੋਣ ਕਾਰਨ ਯਾਤਰੀਆਂ ਦੀਆਂ ਭਵਿੱਖੀ ਯਾਤਰਾ ਯੋਜਨਾਵਾਂ ਵਿਚ ਵਿਘਨ ਪਿਆ ਅਤੇ ਅਸੁਵਿਧਾ ਹੋਈ। ਇਸੇ ਤਰਤੀਬ ਵਿਚ ਨਵੀਂ ਦਿੱਲੀ ਤੋਂ ਆ ਰਹੀ 12497 ਸ਼ਾਨ-ਏ-ਪੰਜਾਬ ਦੁਪਹਿਰ 2.20 ਵਜੇ ਦੇ ਕਰੀਬ ਸਿਟੀ ਸਟੇਸ਼ਨ ਪਹੁੰਚੀ, ਜੋ ਕਿ ਦੁਪਹਿਰ 12.50 ਵਜੇ ਤੋਂ ਡੇਢ ਘੰਟਾ ਲੇਟ ਸੀ। ਅੰਮ੍ਰਿਤਸਰ ਤੋਂ ਦਿੱਲੀ ਜਾ ਰਹੀ 12498 ਸ਼ਾਨ-ਏ-ਪੰਜਾਬ ਸ਼ਾਮ 5.45 ਵਜੇ ਸਿਟੀ ਸਟੇਸ਼ਨ ਪਹੁੰਚੀ, ਜੋ ਕਿ ਸ਼ਾਮ 4.15 ਵਜੇ ਤੋਂ ਡੇਢ ਘੰਟਾ ਲੇਟ ਸੀ। ਨਵੀਂ ਦਿੱਲੀ ਤੋਂ ਅੰਮ੍ਰਿਤਸਰ ਜਾ ਰਹੀ ਵੰਦੇ ਭਾਰਤ ਐਕਸਪ੍ਰੈੱਸ 22487 ਰਾਤ 8.55 ਵਜੇ ਕੈਂਟ ਪਹੁੰਚੀ, ਜੋ ਆਪਣੇ ਨਿਰਧਾਰਤ ਸਮੇਂ ਤੋਂ ਅੱਧਾ ਘੰਟਾ ਲੇਟ ਸੀ। ਇਸੇ ਤਰ੍ਹਾਂ ਸ਼ਤਾਬਦੀ ਵਰਗੀਆਂ ਰੇਲਗੱਡੀਆਂ 15 ਤੋਂ 20 ਮਿੰਟ ਲੇਟ ਸਨ। ਅੰਮ੍ਰਿਤਸਰ ਜਾਣ ਵਾਲੀ ਅਮਰਪਾਲੀ ਐਕਸਪ੍ਰੈੱਸ 15707 ਕੈਂਟ ਵਿਖੇ ਦੁਪਹਿਰ 3:45 ਵਜੇ ਪਹੁੰਚੀ, ਜੋ ਕਿ ਆਪਣੇ ਸਮੇਂ ਤੋਂ ਪੰਜ ਘੰਟੇ ਪਿੱਛੇ ਸੀ। ਵੈਸ਼ਨੋ ਦੇਵੀ ਜਾਣ ਵਾਲੀ ਮਾਲਵਾ ਐਕਸਪ੍ਰੈੱਸ 12919 ਕੈਂਟ ਵਿਖੇ ਦੁਪਹਿਰ 3:30 ਵਜੇ ਪਹੁੰਚੀ, ਜੋ ਕਿ ਸਵੇਰੇ 10:30 ਵਜੇ ਤੋਂ ਪੰਜ ਘੰਟੇ ਪਿੱਛੇ ਸੀ। ਇਸੇ ਤਰ੍ਹਾਂ ਵੈਸ਼ਨੋ ਦੇਵੀ ਜਾਣ ਵਾਲੀ ਵੰਦੇ ਭਾਰਤ ਐਕਸਪ੍ਰੈੱਸ 22339 ਕੈਂਟ ਵਿਖੇ ਸਵੇਰੇ 11:30 ਵਜੇ ਪਹੁੰਚੀ, ਜੋ ਕਿ ਡੇਢ ਘੰਟਾ ਦੇਰ ਸੀ।

# ਅਵਾਰਾ ਕੁੱਤੇ ਦਾ ਕਹਿਰ: 4 ਸਾਲਾ ਮਾਸੂਮ ਬੱਚੇ ’ਤੇ ਜਾਨਲੇਵਾ ਹਮਲਾ

ਗੁਰਦਾਸਪੁਰ 7 ਜੂਨ। ਗੁਰਦਾਸਪੁਰ ਦੇ ਨਜ਼ਦੀਕੀ ਪਿੰਡ ਵਰਸੋਲਾ ਵਿੱਚ ਅਵਾਰਾ ਕੁੱਤਿਆਂ ਦੀ ਵਧ ਰਹੀ ਸਮੱਸਿਆ ਇੱਕ ਵਾਰ ਫਿਰ ਗੰਭੀਰ ਰੂਪ ਵਿੱਚ ਸਾਹਮਣੇ ਆਈ ਹੈ। ਪਿੰਡ ਵਿੱਚ ਇੱਕ ਅਵਾਰਾ ਕੁੱਤੇ ਨੇ ਘਰ ਦੇ ਬਾਹਰ ਖੇਡ ਰਹੇ 4 ਸਾਲਾ ਮਾਸੂਮ ਬੱਚੇ ’ਤੇ ਅਚਾਨਕ ਜਾਨਲੇਵਾ ਹਮਲਾ ਕਰ ਦਿੱਤਾ, ਜਿਸ ਕਾਰਨ ਬੱਚਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪੀੜਤ ਬੱਚੇ ਦੀ ਮਾਤਾ ਕੰਚਨ ਅਤੇ ਪਿਤਾ ਰਣਜੀਤ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਦੁਪਹਿਰ ਸਮੇਂ ਘਰ ਵਿੱਚ ਮਹਿਮਾਨ ਆਏ ਹੋਏ ਸਨ। ਇਸ ਦੌਰਾਨ ਬੱਚੇ ਘਰ ਦੇ ਮੁੱਖ ਗੇਟ ਦੇ ਬਾਹਰ ਖੜ੍ਹੀ ਸਕੂਟਰੀ ਕੋਲ ਖੇਡ ਰਹੇ ਸਨ। ਅਚਾਨਕ ਇੱਕ ਅਵਾਰਾ ਕੁੱਤੇ ਨੇ 4 ਸਾਲਾ ਬੱਚੇ ’ਤੇ ਹਮਲਾ ਕਰ ਦਿੱਤਾ ਅਤੇ ਉਸ ਦੇ ਚਿਹਰੇ ਨੂੰ ਆਪਣੇ ਜਬਾੜੇ ਵਿੱਚ ਜਕੜ ਲਿਆ। ਗਲੀ ਵਿੱਚ ਮੌਜੂਦ ਹੋਰ ਬੱਚਿਆਂ ਵੱਲੋਂ ਰੌਲਾ ਪਾਉਣ ਤੋਂ ਬਾਅਦ ਪਰਿਵਾਰਕ ਮੈਂਬਰ ਮੌਕੇ ’ਤੇ ਪਹੁੰਚੇ। ਪਰਿਵਾਰ ਨੇ ਦੱਸਿਆ ਕਿ ਜਦੋਂ ਉਹ ਬਾਹਰ ਆਏ ਤਾਂ ਬੱਚਾ ਖੂਨ ਨਾਲ ਲੱਥਪੱਥ ਸੀ। ਤੁਰੰਤ ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਬੱਚੇ ਦੇ ਚਿਹਰੇ ਅਤੇ ਅੱਖ ਦੇ ਨੇੜੇ ਡੂੰਘੇ ਜ਼ਖ਼ਮ ਹਨ। ਡਾਕਟਰਾਂ ਵੱਲੋਂ ਬੱਚੇ ਨੂੰ ਸੁੰਨ ਕਰਕੇ ਕਈ ਟਾਂਕੇ ਲਗਾਏ ਗਏ ਅਤੇ ਐਂਟੀ-ਰੇਬੀਜ਼ ਟੀਕੇ ਵੀ ਲਗਾਏ ਗਏ। ਅੱਖਾਂ ਦੇ ਮਾਹਿਰ ਡਾਕਟਰਾਂ ਅਨੁਸਾਰ ਬੱਚੇ ਦੀ ਅੱਖ ਦਾ ਅੰਦਰੂਨੀ ਹਿੱਸਾ ਸੁਰੱਖਿਅਤ ਹੈ, ਪਰ ਜ਼ਖ਼ਮ ਕਾਫ਼ੀ ਗੰਭੀਰ ਹੈ। ਪਰਿਵਾਰ ਮੁਤਾਬਕ ਬੱਚਾ ਇਸ ਸਮੇਂ ਦਰਦ ਕਾਰਨ ਭੋਜਨ ਨਹੀਂ ਖਾ ਸਕਦਾ ਅਤੇ ਸਿਰਫ਼ ਤਰਲ ਪਦਾਰਥ ਹੀ ਲੈ ਰਿਹਾ ਹੈ। ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਹੈ। ਬੱਚਿਆਂ ਨੇ ਘਰਾਂ ਤੋਂ ਬਾਹਰ ਨਿਕਲਣਾ ਘੱਟ ਕਰ ਦਿੱਤਾ ਹੈ ਅਤੇ ਮਾਪਿਆਂ ਵਿੱਚ ਵੀ ਚਿੰਤਾ ਵਧ ਗਈ ਹੈ। ਪੀੜਤ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਅਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਲਈ ਤੁਰੰਤ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ ਤਾਂ ਜੋ ਭਵਿੱਖ ਵਿੱਚ ਕਿਸੇ ਹੋਰ ਮਾਸੂਮ ਨੂੰ ਅਜਿਹੀ ਘਟਨਾ ਦਾ ਸ਼ਿਕਾਰ ਨਾ ਹੋਣਾ ਪਵੇ।

## ਪੰਜਾਬ ’ਚ ਦਿਨ ਦਿਹਾੜੇ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

ਜ਼ੀਰਾ 7 ਜੂਨ। ਜ਼ੀਰਾ ਦੇ ਕਸਬਾ ਮਖੂ ਵਿਖੇ ਇਕ ਨੌਜਵਾਨ ਦਾ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਕਾਲਾ ਗਾਬਾ ਦੇ ਰੂਪ ਵਿਚ ਹੋਈ ਹੈ, ਜੋ ਕਿ ਕਰਿਆਨੇ ਦੀ ਦੁਕਾਨ ਚਲਾਉਂਦਾ ਸੀ। ਇਹ ਵਾਰਦਾਤ ਉਸ ਸਮੇਂ ਵਾਪਰੀ ਜਦੋਂ ਕਾਲਾ ਗਾਬਾ ਆਪਣੀ ਦੁਕਾਨ ਗਾਬਾ ਸਟੋਰ ਵਿਖੇ ਬੈਠਾ ਸੀ। ਇਸ ਦੌਰਾਨ ਮੋਟਰਸਾਈਕਲ ਸਵਾਰ ਦੋ ਨੌਜਵਾਨ ਆਏ ਅਤੇ ਆਉਂਦੇ ਸਾਰ ਹੀ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਲੱਗਣ ਕਾਰਣ ਕਾਲਾ ਗਾਬਾ ਗੰਭੀਰ ਜ਼ਖਮੀ ਹੋ ਗਿਆ ਅਤੇ ਉਸ ਨੂੰ ਤੁਰੰਤ ਲੋਕਾਂ ਵੱਲੋਂ ਹਸਪਤਾਲ ਲਿਜਾਇਆ ਗਿਆ ਪਰ ਥੋੜੀ ਦੇਰ ਬਾਅਦ ਹੀ ਉਸ ਦੀ ਮੌਤ ਹੋ ਗਈ। ਇਸ ਵਾਰਦਾਤ ਤੋਂ ਬਾਅਦ ਜਿੱਥੇ ਸ਼ਹਿਰ ਵਿਚ ਦਹਿਸ਼ਤ ਦਾ ਮਾਹੌਲ ਹੈ, ਉਥੇ ਹੀ ਪਰਿਵਾਰਕ ਮੈਂਬਰਾਂ ਦਾ ਰੋ ਰੋ ਕੇ ਬੁਰਾ ਹਾਲ ਹੈ।

# ਕਬਾੜੀਆ ਤੇ ਮਕੈਨਿਕ ਮਿਲ ਕੇ ਚਲਾਉਂਦੇ ਸਨ ਚੋਰੀ ਦਾ ਧੰਦਾ ਪੁਲਸ ਨੇ ਇੰਝ ਦਬੋਚਿਆ 6 ਮੈਂਬਰੀ ਚੋਰ ਗਿਰੋਹ

**ਕੌਮੀ ਪਤ੍ਰਿਕਾ**

ਸ਼ਾਹਕੋਟ 7 ਜੂਨ। ਸ਼ਾਹਕੋਟ ਪੁਲਸ ਵੱਲੋਂ ਮੋਟਰਸਾਈਕਲ ਚੋਰੀ ਕਰਨ ਵਾਲੇ ਇਕ ਵੱਡੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਚੋਰੀ ਕੀਤੇ 14 ਮੋਟਰਸਾਈਕਲਾਂ ਸਮੇਤ ਗਿਰੋਹ ਦੇ 6 ਮੈਂਬਰਾਂ ਨੂੰ ਗ੍ਰਿਫਤਾਰ ਕਰਨ ’ਚ ਵੱਡੀ ਸਫਲਤਾ ਹਾਸਿਲ ਕੀਤੀ ਹੈ। ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਸ਼ਾਹਕੋਟ ਸਰਵਣ ਸਿੰਘ ਬੱਲ ਨੇ ਦੱਸਿਆ ਕਿ ਐੱਸ. ਐੱਚ. ਓ. ਦਿਲਬਾਗ ਸਿੰਘ ਤੇ ਮਲਸੀਆਂ ਚੌਕੀ ਦੇ ਇੰਚਾਰਜ ਅੰਗਰੇਜ ਸਿੰਘ ਵੱਲੋਂ ਕਾਰਵਾਈ ਕਰਦਿਆਂ ਚੋਰ ਗਿਰੋਹ ਦੇ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਜੀਤ ਸਿੰਘ ਵਾਸੀ ਮੁਹੱਲਾ ਆਜ਼ਾਦ ਨਗਰ ਸ਼ਾਹਕੋਟ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਧੰਜੂ ਹਸਪਤਾਲ ਬਾਜਵਾ ਕਲਾਂ ਦੇ ਬਾਹਰੋਂ ਚੋਰੀ ਹੋ ਗਿਆ। ਪੁਲਸ ਵੱਲੋਂ ਬੀ. ਐੱਨ. ਐੱਸ. ਦੀ ਧਾਰਾ 305 ਤਹਿਤ ਮਾਮਲਾ ਦਰਜ ਕਰ ਕੇ ਤਫਤੀਸ਼ ਸ਼ੁਰੂ ਕੀਤੀ ਗਈ। ਜਾਂਚ ਦੌਰਾਨ ਪੁਲਸ ਨੇ 6 ਮੁਲਜ਼ਮਾਂ ਸੰਨੀ ਉਰਫ ਉਦੈ ਪੁੱਤਰ ਅਸ਼ੋਕ ਕੁਮਾਰ ਵਾਸੀ ਮੁਹੱਲਾ ਜੋਗੀਆਂ ਧਰਮਕੋਟ, ਗੋਬਿੰਦਾ ਸਿੰਘ ਉਰਫ ਬਿੱਲਾ ਪੁੱਤਰ ਸੁਖਵਿੰਦਰ ਸਿੰਘ ਵਾਸੀ ਚੁੱਗਾ ਮੁਹੱਲਾ ਧਰਮਕੋਟ, ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਪਿਆਰਾ ਸਿੰਘ ਵਾਸੀ ਕੋਹਾੜ ਕਲਾਂ ਸ਼ਾਹਕੋਟ, ਜਸਵੀਰ ਸਿੰਘ ਉਰਫ ਜੱਸ ਪੁੱਤਰ ਮੋਹਣ ਸਿੰਘ ਵਾਸੀ ਮੁਹੱਲਾ ਰਿਸ਼ੀ ਨਗਰ ਸ਼ਾਹਕੋਟ ਤੋਂ ਇਲਾਵਾ ਗੋਵਿੰਦਾ (ਕਬਾੜੀਆ) ਪੁੱਤਰ ਦਰਸ਼ਨ ਸਿੰਘ ਵਾਸੀ ਮੁਹੱਲਾ




ਜੋਗੀਆਂ ਧਰਮਕੋਟ ਅਤੇ ਗੋਬਿੰਦਾ ਸਿੰਘ ਉਰਫ ਗੋਬਿੰਦੀ (ਮਕੈਨਿਕ) ਪੁੱਤਰ ਹਰਬੰਸ ਸਿੰਘ ਵਾਸੀ ਢੋਲੇਵਾਲ ਧਰਮਕੋਟ ਨੂੰ ਗ੍ਰਿਫਤਾਰ ਕਰ ਲਿਆ ਤੇ ਮੁਕੱਦਮੇ ਵਿਚ ਧਾਰਾ 317(2) ਦਾ ਵਾਧਾ ਕੀਤਾ ਗਿਆ। ਪੁਲਸ ਰਿਕਾਰਡ ਮੁਤਾਬਕ ਮੁਲਜ਼ਮ ਹਰਪ੍ਰੀਤ ਸਿੰਘ ਉਰਫ ਹੈਪੀ ਦਾ ਅਪਰਾਧਿਕ ਪਿਛੋਕੜ ਰਿਹਾ ਹੈ। ਉਸ ’ਤੇ ਪਹਿਲਾਂ ਵੀ ਥਾਣਾ ਸਦਰ ਨਕੋਦਰ ਅਤੇ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਚੋਰੀ ਦੀਆਂ ਧਾਰਾਵਾਂ ਤਹਿਤ ਦੋ ਮੁਕੱਦਮੇ ਦਰਜ ਹਨ। ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਰਿਮਾਂਡ ਦੌਰਾਨ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਸ ਨਾਲ ਚੋਰੀ ਦੀਆਂ ਹੋਰ ਵਾਰਦਾਤਾਂ ਦੇ ਸੁਲਝਣ ਦੀ ਸੰਭਾਵਨਾ ਹੈ। ਡੀ. ਐੱਸ. ਪੀ. ਸਰਵਣ ਸਿੰਘ ਬੱਲ ਨੇ ਚੋਰ ਗਰੋਹ ਵੱਲੋਂ ਅਹਿਮ ਰੋਲ ਅਦਾ ਕਰਨ ਵਾਲੇ ਕਬਾੜੀਏ ਤੇ ਮਕੈਨਿਕ ਵੱਲੋਂ ਮੋਟਰਸਾਈਕਲਾਂ ਨੂੰ ਟਿਕਾਣੇ ਲਾਉਣ ਲਈ ਵਰਤੇ ਜਾਂਦੇ ਤਰੀਕੇ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਗਿਰੋਹ ਮੁੱਖ ਤੌਰ ’ਤੇ ਧਰਮਕੋਟ ਅਤੇ ਸ਼ਾਹਕੋਟ ਦੇ ਆਸ-ਪਾਸ ਦੇ ਇਲਾਕਿਆਂ ਵਿਚੋਂ ਮੋਟਰਸਾਈਕਲ ਚੋਰੀ ਕਰਦਾ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਚ ਗੋਵਿੰਦਾ ਨਾਮ ਦਾ ਇਕ ਕਬਾੜੀਆ ਵੀ ਸ਼ਾਮਲ ਹੈ। ਇਹ ਗਿਰੋਹ ਪੁਰਾਣੇ ਮਾਡਲ ਦੇ ਚੋਰੀ ਕੀਤੇ ਮੋਟਰਸਾਈਕਲਾਂ ਨੂੰ ਕਬਾੜੀਏ ਕੋਲ ਲਿਜਾ ਕੇ ਉਨ੍ਹਾਂ ਦੀ ਭੰਨਤੋੜ ਕਰ ਦਿੰਦਾ ਸੀ ਅਤੇ ਫਿਰ ਉਨ੍ਹਾਂ ਦੇ ਸਪੇਅਰ ਪਾਰਟਸ ਵੇਚੇ ਜਾਂਦੇ ਸਨ। ਨਵੇਂ ਅਤੇ ਚੰਗੀ ਕੰਡੀਸ਼ਨ ਵਾਲੇ ਮੋਟਰਸਾਈਕਲਾਂ ਨੂੰ ਗੋਬਿੰਦਾ ਉਰਫ ਗੋਬਿੰਦੀ ਮਕੈਨਿਕ ਵੱਲੋਂ ਗਾਹਕਾਂ ਦੀ ਭਾਲ ਕਰ ਕੇ ਵੇਚਿਆ ਜਾਂਦਾ ਸੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੇਰੀ ਰਸੋਈ' ਯੋਜਨਾ ਨਾਲ ਲੋੜਵੰਦ ਪਰਿਵਾਰਾਂ ਨੂੰ ਮਿਲੀ ਮਜ਼ਬੂਤੀ: ਵਿਧਾਇਕ ਜਿੰਪਾ



**ਹੁਸ਼ਿਆਰਪੁਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋੜਵੰਦ ਪਰਿਵਾਰਾਂ ਦੀ ਰਸੋਈ ਦਾ ਖਰਚਾ ਘਟਾਉਣ ਅਤੇ ਉਨ੍ਹਾਂ ਨੂੰ ਜ਼ਰੂਰੀ ਖਾਧ ਸਮੱਗਰੀ ਉਪਲਬੱਧ ਕਰਵਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੇਰੀ ਰਸੋਈ' ਯੋਜਨਾ ਤਹਿਤ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 18 ਵਿੱਚ ਲਾਭਪਾਤਰੀ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਅਤੇ ਯੋਜਨਾ ਦੇ ਲਾਭਪਾਤਰੀ ਹਾਜ਼ਰ ਸਨ।

ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਲੋਕ-ਭਲਾਈ ਯੋਜਨਾਵਾਂ ਲਾਗੂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ਼ ਯੋਜਨਾਵਾਂ ਸ਼ੁਰੂ ਕਰਨਾ ਨਹੀਂ, ਸਗੋਂ ਉਨ੍ਹਾਂ ਦਾ ਲਾਭ ਅਸਲ ਲੋੜਵੰਦਾਂ ਤੱਕ ਪਹੁੰਚਾਉਣਾ ਹੈ। 'ਮੇਰੀ ਰਸੋਈ' ਯੋਜਨਾ ਵੀ ਇਸੇ ਸੋਚ ਦਾ ਨਤੀਜਾ ਹੈ, ਜਿਸ ਨਾਲ ਲੱਖਾਂ ਪਰਿਵਾਰਾਂ ਨੂੰ ਸਿੱਧੀ ਰਾਹਤ ਮਿਲੇਗੀ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਅਧੀਨ ਵੰਡੀਆਂ ਜਾ ਰਹੀਆਂ ਰਾਸ਼ਨ ਕਿੱਟਾਂ ਵਿੱਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਨਮਕ, 200 ਗ੍ਰਾਮ ਹਲਦੀ ਅਤੇ 1 ਲੀਟਰ ਸਰ੍ਹੋਂ ਦਾ ਤੇਲ ਸ਼ਾਮਲ ਹੈ। ਖ਼ਾਸ ਗੱਲ ਇਹ ਹੈ ਕਿ ਲਾਭਪਾਤਰੀ ਪਰਿਵਾਰਾਂ ਨੂੰ ਹਰ ਤਿੰਨ ਮਹੀਨੇ ਬਾਅਦ ਅਜਿਹੀ ਰਾਸ਼ਨ ਕਿੱਟ ਮੁਹੱਈਆ ਕਰਵਾਈ ਜਾਵੇਗੀ, ਜਿਸ ਨਾਲ ਘਰੇਲੂ ਖਰਚੇ ਦਾ ਬੋਝ ਘਟੇਗਾ ਅਤੇ ਪਰਿਵਾਰਾਂ ਨੂੰ ਨਿਯਮਿਤ ਸਹਾਇਤਾ ਮਿਲਦੀ ਰਹੇਗੀ।

ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ 600 ਯੂਨਿਟ ਤੱਕ ਮੁਫ਼ਤ ਬਿਜਲੀ, ਬਿਹਤਰ ਸਿਹਤ ਸਹੂਲਤਾਂ ਅਤੇ ਗੁਣਵੱਤਾ ਭਰਪੂਰ ਸਿੱਖਿਆ ਵਰਗੀਆਂ ਸੇਵਾਵਾਂ ਲੋਕਾਂ ਤੱਕ ਪਹੁੰਚਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਲਗਭਗ 2.20 ਲੱਖ ਪਰਿਵਾਰ 'ਮੇਰੀ ਰਸੋਈ' ਯੋਜਨਾ ਤੋਂ ਲਾਭ ਪ੍ਰਾਪਤ ਕਰਨਗੇ, ਜਦਕਿ ਪੂਰੇ ਪੰਜਾਬ ਵਿੱਚ ਕਰੀਬ 40 ਲੱਖ ਪਰਿਵਾਰਾਂ ਨੂੰ ਇਸ ਦਾ ਫ਼ਾਇਦਾ ਮਿਲੇਗਾ।

ਯੋਜਨਾ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਲਈ ਰਾਜ ਸਰਕਾਰ ਨੇ 900 ਕਰੋੜ ਰੁਪਏ ਦਾ ਬਜਟ ਨਿਰਧਾਰਤ ਕੀਤਾ ਹੈ।

ਇਸ ਮੌਕੇ ਲਾਭਪਾਤਰੀਆਂ ਨੇ ਸਰਕਾਰ ਦੀ ਇਸ ਪਹਿਲ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਯੋਜਨਾ ਨਾਲ ਰਸੋਈ ਦਾ ਖਰਚਾ ਘਟਾਉਣ ਵਿੱਚ ਮਦਦ ਮਿਲੇਗੀ। ਪ੍ਰੋਗਰਾਮ ਵਿੱਚ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਹੋਰ ਪਤਵੰਤੇ ਵਿਅਕਤੀ ਅਤੇ ਮੁਹੱਲਾ ਨਿਵਾਸੀ ਵੀ ਹਾਜ਼ਰ ਸਨ।

# ਈ-ਵੇਸਟ ਇਕੱਠਾ ਕਰਨ ਦੀ ਮੁਹਿੰਮ ਤਹਿਤ 1500 ਕਿਲੋਗ੍ਰਾਮ ਇਲੈਕਟ੍ਰਾਨਿਕ ਕੂੜਾ ਵਿਗਿਆਨਕ ਰੀਸਾਈਕਲਿੰਗ ਲਈ ਭੇਜਿਆ ਗਿਆ: ਆਸ਼ਿਕਾ ਜੈਨ

**ਹੁਸ਼ਿਆਰਪੁਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਵਾਤਾਵਰਣ ਦਿਵਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ, ਰੈੱਡ ਕ੍ਰਾਸ ਸੁਸਾਇਟੀ ਅਤੇ ਬਿਯੌਂਡ ਦਾ 'ਆਈ' ਟਰੱਸਟ ਫਾਊਂਡੇਸ਼ਨ ਦੇ ਸਾਂਝੇ ਯਤਨਾਂ ਨਾਲ ਚਲਾਈ ਗਈ ਜ਼ਿਲ੍ਹਾ ਪੱਧਰੀ ਈ-ਵੇਸਟ ਇਕੱਠਾ ਕਰਨ ਮੁਹਿੰਮ ਤਹਿਤ ਲਗਭਗ 1500 ਕਿਲੋਗ੍ਰਾਮ ਇਲੈਕਟ੍ਰਾਨਿਕ ਕੂੜਾ ਇਕੱਠਾ ਕਰਕੇ ਅਧਿਕਾਰਤ ਰੀਸਾਈਕਲਰ ਨੂੰ ਵਿਗਿਆਨਕ ਢੰਗ ਨਾਲ ਰੀਸਾਈਕਲਿੰਗ ਲਈ ਭੇਜਿਆ ਗਿਆ।

ਇਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਬਿਯੌਂਡ ਦਾ 'ਆਈ' ਟਰੱਸਟ ਫਾਊਂਡੇਸ਼ਨ ਅਤੇ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਵੱਲੋਂ 'ਚੜ੍ਹਦਾ ਸੂਰਜ' ਮੁਹਿੰਮ ਅਧੀਨ ਈ-ਵੇਸਟ ਪ੍ਰਬੰਧਨ ਲਈ ਕੀਤੀ ਗਈ ਇਹ ਇੱਕ ਬਹੁਤ ਹੀ ਸ਼ਲਾਘਾਯੋਗ ਪਹਿਲ ਹੈ। ਉਨ੍ਹਾਂ ਦੱਸਿਆ ਕਿ ਕੇਵਲ 15 ਦਿਨਾਂ ਵਿੱਚ ਸਕੂਲਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਜਾਗਰੂਕ ਨਾਗਰਿਕਾਂ ਦੇ ਸਹਿਯੋਗ



ਨਾਲ ਲਗਭਗ ਡੇਢ ਟਨ ਈ-ਵੇਸਟ ਇਕੱਠਾ ਕੀਤਾ ਗਿਆ, ਜਿਸ ਨੂੰ ਹੁਣ ਵਿਗਿਆਨਕ ਢੰਗ ਨਾਲ ਰੀਸਾਈਕਲਿੰਗ ਲਈ ਭੇਜਿਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਪਹਿਲ ਨਾ ਸਿਰਫ਼ ਈ-ਵੇਸਟ ਪ੍ਰਬੰਧਨ ਨੂੰ ਹੋਰ ਬਿਹਤਰ ਅਤੇ ਵਿਗਿਆਨਕ ਬਣਾਉਣ ਵਿੱਚ ਸਹਾਇਕ ਸਾਬਤ ਹੋਵੇਗੀ, ਸਗੋਂ ਬੱਚਿਆਂ ਅਤੇ ਨਾਗਰਿਕਾਂ ਵਿੱਚ ਇਲੈਕਟ੍ਰਾਨਿਕ ਕੂੜੇ ਦੇ ਸੁਰੱਖਿਅਤ ਨਿਪਟਾਰੇ ਪ੍ਰਤੀ ਜਾਗਰੂਕਤਾ ਵੀ ਵਧਾਏਗੀ। ਉਨ੍ਹਾਂ ਕਿਹਾ ਕਿ ਈ-ਵੇਸਟ ਦੀ ਆਰਥਿਕ ਮਹੱਤਤਾ ਵੀ ਹੁੰਦੀ ਹੈ ਅਤੇ ਜੇਕਰ ਇਸ ਨੂੰ ਅਧਿਕਾਰਤ ਰੀਸਾਈਕਲਰਾਂ ਤੱਕ ਪਹੁੰਚਾਇਆ ਜਾਵੇ ਤਾਂ ਇਸ ਨੂੰ ਦੁਬਾਰਾ ਵਰਤੋਂ ਵਿੱਚ ਲਿਆ ਕੇ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਇਆ ਜਾ ਸਕਦਾ ਹੈ।

ਆਸ਼ਿਕਾ ਜੈਨ ਨੇ ਕਿਹਾ ਕਿ ਇਹ ਕੋਈ ਇੱਕ ਵਾਰ ਦੀ ਮੁਹਿੰਮ ਨਹੀਂ ਹੈ, ਸਗੋਂ ਇਸ ਨੂੰ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਸਕੂਲਾਂ, ਸਮਾਜਿਕ ਸੰਸਥਾਵਾਂ, ਐਨਜੀਓਜ਼ ਅਤੇ ਜਾਗਰੂਕ ਨਾਗਰਿਕਾਂ ਨੂੰ ਇਸ ਲੋਕ-ਹਿਤੈਸ਼ੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਵਧਾਈ ਦਿੱਤੀ ਅਤੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਠੋਸ ਕੂੜਾ ਪ੍ਰਬੰਧਨ ਅਪਣਾਉਣ ਅਤੇ ਵੱਖ-ਵੱਖ ਕਿਸਮ ਦੇ ਕੂੜੇ ਲਈ ਵੱਖਰੇ ਡਸਟਬਿਨ ਵਰਤਣ ਦੀ ਅਪੀਲ ਕੀਤੀ।

ਉਨ੍ਹਾਂ ਬਿਯੌਂਡ ਦਾ 'ਆਈ' ਟਰੱਸਟ ਫਾਊਂਡੇਸ਼ਨ ਦੇ ਯਤਨਾਂ ਦੀ ਵਿਸ਼ੇਸ਼ ਸ਼ਲਾਘਾ ਕਰਦਿਆਂ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਅਤੇ ਸੰਯੁਕਤ ਸਕੱਤਰ ਆਦਿਤਿਆ ਰਾਣਾ ਵੱਲੋਂ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਨਿਭਾਈ ਗਈ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ।

ਬਿਯੌਂਡ ਦਾ 'ਆਈ' ਟਰੱਸਟ ਫਾਊਂਡੇਸ਼ਨ ਦੀ ਸੰਸਥਾਪਕ ਮਨਵੀਰ ਸਿੰਘ ਨੇ 'ਚੜ੍ਹਦਾ ਸੂਰਜ' ਮੁਹਿੰਮ ਦੀ ਸ਼ਲਾਘਾ ਕੀਤੀ । ਇਸ ਮੌਕੇ ਜ਼ਿਲ੍ਹਾ ਈ-ਵੇਸਟ ਇਕੱਠਾ ਕਰਨ ਮੁਹਿੰਮ ਦੀ ਸਫਲਤਾ ਸਾਰੇ ਭਾਗੀਦਾਰਾਂ ਨਾਲ ਸਾਂਝੀ ਕੀਤੀ ਅਤੇ ਇਸ ਵਿੱਚ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਗਿਆ।

ਮੁਹਿੰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਆਮ ਨਾਗਰਿਕਾਂ ਵਿੱਚ ਇਲੈਕਟ੍ਰਾਨਿਕ ਕੂੜੇ ਦੇ ਸੁਰੱਖਿਅਤ ਅਤੇ ਵਿਗਿਆਨਕ ਨਿਪਟਾਰੇ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਇਸ ਤਹਿਤ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿੱਚ ਪਏ ਬੇਕਾਰ ਜਾਂ ਖਰਾਬ ਇਲੈਕਟ੍ਰਾਨਿਕ ਉਪਕਰਣ ਸਕੂਲਾਂ ਵਿੱਚ ਜਮ੍ਹਾਂ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ। ਬਾਅਦ ਵਿੱਚ ਰੈੱਡ ਕ੍ਰਾਸ ਸੁਸਾਇਟੀ ਵੱਲੋਂ ਇਹ ਈ-ਵੇਸਟ ਇਕੱਠਾ ਕਰਕੇ ਅਧਿਕਾਰਤ ਰੀਸਾਈਕਲਿੰਗ ਕੇਂਦਰ, ਲੁਧਿਆਣਾ ਭੇਜਿਆ ਗਿਆ।

ਸਮਾਗਮ ਵਿੱਚ ਜ਼ਿਲ੍ਹੇ ਦੇ 18 ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਨੁਮਾਇੰਦਿਆਂ ਸਮੇਤ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਮੈਂਬਰ ਹਾਜ਼ਰ ਰਹੇ। ਮੁਹਿੰਮ ਵਿੱਚ ਜ਼ਿਲ੍ਹੇ ਦੇ 31 ਨਿੱਜੀ ਸਕੂਲਾਂ ਨੇ ਸਰਗਰਮ ਭਾਗੀਦਾਰੀ ਨਿਭਾਈ।

ਮੁਹਿੰਮ ਦੌਰਾਨ ਈ-ਵੇਸਟ ਦੇ ਵਿਗਿਆਨਕ ਨਿਪਟਾਰੇ ਪ੍ਰਤੀ ਜਾਗਰੂਕਤਾ ਦਿਖਾਉਂਦੇ ਹੋਏ ਆਪਣਾ ਇਲੈਕਟ੍ਰਾਨਿਕ ਕੂੜਾ ਸਵੈ-ਇੱਛਾ ਨਾਲ ਜਮ੍ਹਾਂ ਕਰਵਾਉਣ ਵਾਲੇ ਨਾਗਰਿਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਗੁਰਸਿਮਰਨ ਹਸਪਤਾਲ ਦੇ ਸੰਚਾਲਕ ਡਾ. ਸੰਦੀਪ ਸਿੰਘ, ਬਾਲ ਰੋਗ ਮਾਹਰ ਡਾ. ਡੀ.ਵੀ. ਸਲਵਾਨ ਅਤੇ ਸਮਾਜਸੇਵਿਕਾ ਨਾਜ਼ਮ ਰਿਆੜ ਪ੍ਰਮੁੱਖ ਤੌਰ 'ਤੇ ਸ਼ਾਮਲ ਰਹੇ। ਸਨਮਾਨਤ ਸੰਸਥਾਵਾਂ ਵਿਚ ਵਿੱਚ ਵਿਦਿਆ ਮੰਦਰ ਸਕੂਲ, ਹੁਸ਼ਿਆਰਪੁਰ, ਅਕੈਡਮਿਕ ਹਾਈਟਸ ਪਬਲਿਕ ਸਕੂਲ, ਚੌਧਰੀ ਬਲਬੀਰ ਸਿੰਘ ਸਕੂਲ, ਡੀ.ਏ.ਵੀ. ਮਾਡਲ ਸਕੂਲ, ਪੱਟੀ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਤੇ ਪੰਡੋਰੀ ਖਜੂਰ ਸਕੂਲ ਸ਼ਾਮਲ ਹਨ।

ਇਸ ਤੋਂ ਇਲਾਵਾ ਸਤਿਆ ਸਾਈ ਵਿਦਿਆ ਨਿਕੇਤਨ ਸਕੂਲ, ਟਾਡਲਰਜ਼ ਹੋਮ ਸਕੂਲ, ਹੁਸ਼ਿਆਰਪੁਰ ਸਮੇਤ ਸਾਰੇ ਭਾਗੀਦਾਰ ਸਕੂਲਾਂ ਨੂੰ ਵੀ ਮੁਹਿੰਮ ਵਿੱਚ ਉਤਸ਼ਾਹਪੂਰਵਕ ਭਾਗ ਲੈਣ ਲਈ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ।

ਪ੍ਰੋਗਰਾਮ ਵਿੱਚ ਚਾਰਟਰਡ ਅਕਾਊਂਟੈਂਟ ਨੈਂਸੀ ਸਿੰਘ, ਮਾਸਟਰਮਾਈਂਡ ਇੰਸਟੀਚਿਊਟ ਦੇ ਮੁਖੀ ਅਤੇ ਸੰਸਕਾਰੀ ਸਟੂਡੈਂਟਸ ਐਨਜੀਓ ਦੇ ਸੰਸਥਾਪਕ ਮਨੀ ਗੋਗੀਆ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਝੋਨੇ ਦੀ ਮੈਟ ਟਾਈਪ ਨਰਸਰੀ ਦੇ ਸਬੰਧ ਵਿੱਚ ਟ੍ਰੇਨਿੰਗ ਅਤੇ ਪ੍ਰਦਰਸ਼ਨੀ



**ਗੁਰਦਾਸਪੁਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਨਿਰਦੇਸ਼ਕ, ਪਸਾਰ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਵੀਲਾ ਤੇਜਾ ਬਲਾਕ ਫਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਵਿਚ ਮੈਟ ਟਾਈਪ ਨਰਸਰੀ ਦੇ ਸਬੰਧ ਵਿੱਚ ਇਸ ਟ੍ਰੇਨਿੰਗ ਲਗਾਈ ਗਈ।

ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਇੰਚਾਰਜ ਡਾ. ਨਰਿੰਦਰਦੀਪ ਸਿੰਘ (ਜ਼ਿਲ੍ਹਾ ਪਸਾਰ ਮਾਹਿਰ, ਸੀਨੀਅਰ ਮੋਸਟ) ਨੇ ਕਿਸਾਨ ਵੀਰਾਂ ਨੂੰ ਸੰਬੋਧਨ ਕਰਦਿਆਂ ਹੋਇਆ ਦੱਸਿਆ ਕਿ ਇਹ ਤਕਨੀਕ ਆਉਣ ਵਾਲੇ ਸਮੇਂ ਵਿੱਚ ਸਾਡੇ ਲਈ ਵਰਦਾਨ ਸਾਬਤ ਹੋਵੇਗੀ। ਇਹਨਾਂ ਨੇ ਦੱਸਿਆ ਕਿ ਇਸ ਮਸ਼ੀਨ ਨਾਲ ਅਸੀਂ ਇੱਕ ਦਿਨ ਵਿੱਚ 10-12 ਕਿੱਲਿਆਂ ਵਿੱਚ ਝੋਨੇ ਦੀ ਬਜਾਈ ਕਰ ਸਕਦੇ ਹਾਂ ਅਤੇ ਆਪਣੇ ਲੇਬਰ ਦੇ ਖਰਚੇ ਅਤੇ ਸਮਾਂ ਵੀ ਬਚਾ ਸਕਦੇ ਹਾਂ।

ਡਾ. ਅਨਿਲ ਖੋਖਰ ਫਸਲ ਵਿਗਿਆਨੀ, ਕੇ.ਵੀ.ਕੇ ਗੁਰਦਾਸਪੁਰ ਨੇ ਝੋਨੇ ਦੀ ਮੈਟ ਟਾਈਪ ਨਰਸਰੀ ਬਾਰੇ ਕਿਸਾਨ ਵੀਰਾਂ ਨੂੰ ਜਾਣੂ ਕਰਵਾਇਆ ਅਤੇ ਦੱਸਿਆ ਕਿ ਇਸ ਵਿਧੀ ਨਾਲ ਸਾਡੇ ਖੇਤ ਵਿੱਚ ਬੂਟਿਆਂ ਦੀ ਸੰਖਿਆ ਪੂਰੀ ਹੁੰਦੀ ਹੈ ਅਤੇ ਚੰਗਾ ਝਾੜ ਮਿਲਦਾ ਹੈ। ਇਸ ਤੋਂ ਇਲਾਵਾ ਉਹਨਾਂ ਨੇ ਝੋਨੇ ਵਿੱਚ ਸੁਚੱਜਾ ਖਾਦ ਪ੍ਰਬੰਧ, ਨਦੀਨ ਪ੍ਰਬੰਧਨ, ਕੀਟ ਅਤੇ ਬਿਮਾਰੀਆਂ ਪ੍ਰਬੰਧਨ ਬਾਰੇ ਵਿਸਤਾਰ ਨਾਲ ਚਾਨਣਾ ਪਾਇਆ।

ਇਸ ਸਮੇਂ ਡਾ. ਸਰਵਪ੍ਰੀਆ ਸਿੰਘ ਜ਼ਿਲ੍ਹਾ ਪਸਾਰ ਵਿਗਿਆਨੀ, ਫ਼ਲ ਵਿਗਿਆਨ ਨੇ ਕਿਸਾਨ ਵੀਰਾਂ ਨੂੰ ਫਲਾਂ ਤੇ ਸਬਜ਼ੀਆਂ ਦੀ ਘਰੇਲੂ ਬਗੀਚੀ ਲਗਾਉਣ ਨੂੰ ਪ੍ਰੇਰਿਤ ਕੀਤਾ। ਇਸ ਟ੍ਰੇਨਿੰਗ ਕੈਂਪ ਵਿੱਚ ਲਗਭਗ 50 ਕਿਸਾਨ ਵੀਰਾਂ ਨੇ ਭਾਗ ਲਿਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

ਆਖਰ ਵਿੱਚ ਅਗਾਂਹਵਾਧੂ ਕਿਸਾਨ ਵੀਰ ਪ੍ਰਭਦੀਪ ਸਿੰਘ ਨੇ ਇਸ ਕੈਂਪ ਵਿੱਚ ਆਏ ਹੋਏ ਸਾਰੇ ਵੀਰਾ ਦਾ ਧੰਨਵਾਦ ਕੀਤਾ ਤੇ ਮੈਟ ਟਾਈਪ ਨਰਸਰੀ ਅਤੇ ਲਵਾਈ ਜਾ ਝੋਨੇ ਦੀ ਸਿੱਧੀ ਬਜਾਈ ਨੂੰ ਤਰਜੀਹ ਦੇਣ ਲਈ ਕਿਸਾਨ ਵੀਰ ਨੂੰ ਅਪੀਲ ਕੀਤੀ।

# ਮੁੱਖ ਮੰਤਰੀ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ

**ਪੰਚਕੂਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨਾਂ ਦੀ ਆਮਦਨ ਵਧਾਉਣ ਦੇ ਦ੍ਰਿਸ਼ਟੀਕੋਣ ਮੁਤਾਬਕ ਰਾਜ ਸਰਕਾਰ ਕਿਸਾਨਾਂ ਨੂੰ ਆਧੁਨਿਕ ਖੇਤੀਬਾੜੀ ਤਕਨੀਕਾਂ, ਨਵੇਂ ਬਾਜ਼ਾਰਾਂ ਅਤੇ ਵਿਸ਼ਵਵਿਆਪੀ ਮੌਕਿਆਂ ਨਾਲ ਜੋੜਨ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸ ਪਹਿਲ ਦੇ ਹਿੱਸੇ ਵਜੋਂ ਉਨ੍ਹਾਂ 'ਗੋ ਗਲੋਬਲ' ਦ੍ਰਿਸ਼ਟੀਕੋਣ ਨੂੰ ਨਵੀਂ ਪ੍ਰੇਰਣਾ ਦਿੱਤੀ ਹੈ, ਜਿਸ ਦੇ ਤਹਿਤ ਹਰਿਆਣਾ ਦੇ ਕਿਸਾਨ ਉਤਪਾਦਕ ਸੰਗਠਨ ਹੁਣ ਤਨਜ਼ਾਨੀਆ, ਕੀਨੀਆ ਅਤੇ ਹੋਰ ਅਫਰੀਕੀ ਦੇਸ਼ਾਂ ਵਿੱਚ ਖੇਤੀ ਅਤੇ ਖੇਤੀਬਾੜੀ ਕਾਰੋਬਾਰ ਦੇ ਮੌਕਿਆਂ ਦਾ ਲਾਭ ਉਠਾਉਣ ਦੇ ਯੋਗ ਹੋਣਗੇ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ ਪੰਚਕੂਲਾ ਦੇ ਮੋਰਨੀ ਵਿੱਚ ਦੇਸ਼ ਦੀ ਪ੍ਰਸਿੱਧ ਮਸਾਲੇ ਕੰਪਨੀ, ਐਮ ਡੀ ਐਚ ਅਤੇ ਹਰਿਆਣਾ ਦੇ ਛੇ ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓ) ਵਿਚਕਾਰ ਮਹੱਤਵਪੂਰਨ ਸਮਝੌਤਾ ਸਹੀਬੱਧ ਕੀਤਾ ਗਿਆ। ਵਿਦੇਸ਼ੀ ਸਹਿਯੋਗ ਵਿਭਾਗ ਅਤੇ ਬਾਗਬਾਨੀ ਵਿਭਾਗ ਦੁਆਰਾ ਲਾਗੂ ਕੀਤੀ ਗਈ ਇਸ ਪਹਿਲਕਦਮੀ ਦਾ ਉਦੇਸ਼ ਕਿਸਾਨਾਂ ਨੂੰ ਵਿਸ਼ਵ ਬਾਜ਼ਾਰਾਂ ਨਾਲ ਜੋੜਨਾ, ਉਨ੍ਹਾਂ ਦੀ ਆਮਦਨ ਵਧਾਉਣਾ ਅਤੇ ਖੇਤੀਬਾੜੀ ਖੇਤਰ ਵਿੱਚ ਨਵੇਂ ਮੌਕੇ ਪੈਦਾ ਕਰਨਾ ਹੈ। ਸੰਵਾਦ ਪ੍ਰੋਗਰਾਮ ਦੌਰਾਨ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਨੂੰ ਰਵਾਇਤੀ ਖੇਤੀ ਤੱਕ ਸੀਮਤ ਨਹੀਂ ਰੱਖਣਾ ਚਾਹੁੰਦੀ, ਸਗੋਂ ਉਨ੍ਹਾਂ ਨੂੰ ਖੇਤੀਬਾੜੀ ਉੱਦਮਤਾ, ਮੁੱਲ ਵਾਧਾ ਅਤੇ ਅੰਤਰਰਾਸ਼ਟਰੀ ਵਪਾਰ ਨਾਲ ਜੋੜ ਕੇ ਉਨ੍ਹਾਂ ਨੂੰ ਸਵੈ-ਨਿਰਭਰ ਅਤੇ ਖੁਸ਼ਹਾਲ ਬਣਾਉਣਾ ਹੈ। ਇਸ ਦ੍ਰਿਸ਼ਟੀਕੋਣ ਮੁਤਾਬਕ ਕਿਸਾਨਾਂ ਨੂੰ ਵਿਸ਼ਵ ਬਾਜ਼ਾਰਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

# ਪੁਲੀਸ ਮੁਕਾਬਲੇ ਵਿੱਚ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਗੈਂਗ ਦੇ 2 ਸ਼ੂਟਰ ਗ੍ਰਿਫਤਾਰ

**ਪੰਚਕੂਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਚਕੂਲਾ ਵਿੱਚ ਬੁੱਧਵਾਰ ਦੇਰ ਰਾਤ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਗੈਂਗ ਦੇ ਸ਼ੂਟਰਾਂ ਨੇ ਨਗਰ ਨਿਗਮ ਵਾਰਡ-1 ਦੀ ਕੌਂਸਲਰ ਦੇ ਦਿਓਰ ਰਤਨ ਲੁਬਾਣਾ @ਤੇ ਜਾਨਲੇਵਾ ਹਮਲਾ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਪੂਰੀ ਟ੍ਰਾਈਸਿਟੀ ਵਿੱਚ ਹੜਕੰਪ ਮਚ ਗਿਆ। ਹਾਲਾਂਕਿ, ਪੁਲੀਸ ਨੇ ਤੇਜ਼ੀ ਦਿਖਾਉਂਦੇ ਹੋਏ ਨਾਕਾਬੰਦੀ ਕੀਤੀ ਅਤੇ ਕੁਝ ਹੀ ਘੰਟਿਆਂ ਵਿੱਚ ਮੁਕਾਬਲੇ ਤੋਂ ਬਾਅਦ ਦੋਵਾਂ ਸ਼ੂਟਰਾਂ ਨੂੰ ਕਾਬੂ ਕਰ ਲਿਆ।

ਜਾਣਕਾਰੀ ਅਨੁਸਾਰ ਰਤਨ ਲੁਬਾਣਾ ਬੁੱਧਵਾਰ ਰਾਤ ਕਰੀਬ 12 ਵਜੇ ਸੈਕਟਰ-5 ਸਥਿਤ ਸਵਿਸ ਲਾਉਂਜ ਤੋਂ ਬਾਹਰ ਨਿਕਲ ਰਹੇ ਸਨ। ਉਦੋਂ ਹੀ ਪਲਸਰ ਬਾਈਕ @ਤੇ ਸਵਾਰ ਦੋ ਬਦਮਾਸ਼ਾਂ ਨੇ ਉਨ੍ਹਾਂ @ਤੇ ਤਾਬੜਤੋੜ ਫਾਇਰਿੰਗ ਸ਼ੁਰੂ ਕਰ ਦਿੱਤੀ। ਬਦਮਾਸ਼ਾਂ ਨੇ ਕਰੀਬ 8 ਰਾਊਂਡ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ ਇੱਕ ਗੋਲੀ ਰਤਨ ਲੁਬਾਣਾ ਨੂੰ ਲੱਗ ਗਈ। ਹਮਲੇ ਦੌਰਾਨ ਬਦਮਾਸ਼ਾਂ ਨੇ ਪਿਸਤੌਲ ਲੋਡ ਕਰਦੇ ਸਮੇਂ ਦੋ ਕਾਰਤੂਸ ਮੌਕੇ @ਤੇ ਹੀ ਡੇਗ ਦਿੱਤੇ। ਇਸ ਤੋਂ ਬਾਅਦ ਉਹ ਵਾਰਦਾਤ ਨੂੰ ਅੰਜਾਮ ਦੇ ਕੇ ਯਮੁਨਾਨਗਰ ਹਾਈਵੇਅ ਵੱਲ ਫਰਾਰ ਹੋ ਗਏ। ਘਟਨਾ ਵਿੱਚ ਇੱਕ ਸਥਾਨਕ ਵਿਅਕਤੀ ਦੇ ਵੀ ਜ਼ਖਮੀ ਹੋਣ ਦੀ ਸੂਚਨਾ ਹੈ।

ਵੇਰਵਿਆਂ ਅਨੁਸਾਰ ਘਟਨਾ ਦੇ ਸਮੇਂ ਡਿਟੈਕਟਿਵ ਸਟਾਫ ਦਾ ਇੱਕ ਜਵਾਨ ਮੌਕੇ @ਤੇ ਮੌਜੂਦ ਸੀ, ਜਿਸ ਨੇ ਤੁਰੰਤ ਬਦਮਾਸ਼ਾਂ ਦਾ ਪਿੱਛਾ ਕੀਤਾ ਅਤੇ ਪੁਲੀਸ ਨੂੰ ਸੂਚਨਾ ਦਿੱਤੀ। ਇਸ ਤੋਂ ਬਾਅਦ ਡਿਟੈਕਟਿਵ ਟੀਮ, ਕ੍ਰਾਈਮ ਬ੍ਰਾਂਚ-26 ਅਤੇ ਐਂਟੀ ਨਾਰਕੋਟਿਕਸ ਸੈੱਲ ਹਰਕਤ ਵਿੱਚ ਆ ਗਏ ਅਤੇ ਪੰਚਕੂਲਾ ਦੇ ਮੱਟਾਵਾਲਾ ਫਲਾਈਓਵਰ ਦੇ ਕੋਲ ਨਾਕਾਬੰਦੀ ਕਰ ਦਿੱਤੀ। ਨਾਕਾਬੰਦੀ ਦੌਰਾਨ ਬਦਮਾਸ਼ਾਂ ਨੇ ਪੁਲੀਸ ਟੀਮ @ਤੇ ਫਾਇਰਿੰਗ ਕਰ ਦਿੱਤੀ ਅਤੇ ਬੇਲਾ ਵਿਸਟਾ ਚੌਕ ਤੇ ਨਾਡਾ ਸਾਹਿਬ ਇਲਾਕੇ ਵਿੱਚ ਪੁਲੀਸ ਦੀ ਗੱਡੀ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ, ਪੁਲੀਸ ਮੁਲਾਜ਼ਮ ਸੁਰੱਖਿਅਤ ਬਚ ਗਏ।

ਇਸ ਤੋਂ ਬਾਅਦ ਪੁਲੀਸ ਅਤੇ ਬਦਮਾਸ਼ਾਂ ਵਿਚਕਾਰ ਮੁਕਾਬਲਾ ਹੋਇਆ। ਜਵਾਬੀ ਕਾਰਵਾਈ ਵਿੱਚ ਦੋਵਾਂ ਸ਼ੂਟਰਾਂ ਦੇ ਗੋਡਿਆਂ ਵਿੱਚ ਗੋਲੀਆਂ ਲੱਗੀਆਂ, ਜਿਸ ਤੋਂ ਬਾਅਦ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਜ਼ਖਮੀ ਬਦਮਾਸ਼ਾਂ ਨੂੰ ਪਹਿਲਾਂ ਪੰਚਕੂਲਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੋਂ ਗੰਭੀਰ ਹਾਲਤ ਦੇ ਚਲਦਿਆਂ ਉਨ੍ਹਾਂ ਨੂੰ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਮੁਲਜ਼ਮਾਂ ਦੀ ਪਛਾਣ ਪੰਜਾਬ ਦੇ ਲੁਧਿਆਣਾ ਨਿਵਾਸੀ ਜਸਵਿੰਦਰ ਅਤੇ ਹੁਸ਼ਿਆਰਪੁਰ ਨਿਵਾਸੀ ਹਰਪ੍ਰੀਤ ਵਜੋਂ ਹੋਈ ਹੈ। ਦੋਵਾਂ @ਤੇ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਗੈਂਗ ਨਾਲ ਜੁੜੇ ਹੋਣ ਦਾ ਦੋਸ਼ ਹੈ। ਜਸਵਿੰਦਰ @ਤੇ ਪਹਿਲਾਂ ਤੋਂ ਹੀ ਕਤਲ ਦੇ ਯਤਨ ਦੇ ਦੋ ਮਾਮਲੇ ਦਰਜ ਦੱਸੇ ਜਾ ਰਹੇ ਹਨ। ਪੁਲੀਸ ਅਨੁਸਾਰ ਦੋਵਾਂ ਮੁਲਜ਼ਮਾਂ ਨੇ ਇਸ ਪੂਰੀ ਵਾਰਦਾਤ ਵਿੱਚ ਲਗਪਗ 18 ਗੋਲੀਆਂ ਚਲਾਈਆਂ ਅਤੇ ਉਨ੍ਹਾਂ ਕੋਲੋਂ ਦੋ ਸੈਮੀ-ਆਟੋਮੈਟਿਕ ਪਿਸਤੌਲ ਬਰਾਮਦ ਕੀਤੇ ਗਏ ਹਨ। ਫਿਲਹਾਲ ਪੁਲੀਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਹਮਲੇ ਦੇ ਪਿੱਛੇ ਪੂਰੀ ਸਾਜ਼ਿਸ਼ ਕੀ ਸੀ।

# ਕਲਾ ਪਰਿਸ਼ਦ ਦਾ ਮੀਤ ਪ੍ਰਧਾਨ ਬਣਨ 'ਤੇ ਜੋਸ਼ੀ ਦਾ ਸਨਮਾਨ



**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥੀਏਟਰ ਕਲਾ ਵਿੱਚ ਸਰਗਰਮ ਕੁਰੂਕਸ਼ੇਤਰ ਦੇ ਨਿਊ ਉਥਾਨ ਗਰੁੱਪ ਦੇ ਕਲਾਕਾਰਾਂ ਨੇ ਮਹੇਸ਼ ਜੋਸ਼ੀ ਨੂੰ ਹਰਿਆਣਾ ਕਲਾ ਪਰਿਸ਼ਦ ਦੇ ਮੀਤ ਪ੍ਰਧਾਨ ਵਜੋਂ ਨਿਯੁਕਤ ਹੋਣ 'ਤੇ ਵਧਾਈ ਦਿੱਤੀ। ਥੀਏਟਰ ਮੰਚ ਦੇ ਪ੍ਰਧਾਨ ਨੀਰਜ ਸੇਠੀ ਅਤੇ ਸਕੱਤਰ ਸ਼ਿਵ ਕੁਮਾਰ ਕਿਰਮਚ ਨੇ ਮਹੇਸ਼ ਜੋਸ਼ੀ ਦਾ ਗੁਲਦਸਤਾ ਅਤੇ ਸ਼ਾਲ ਦੇ ਕੇ ਸਨਮਾਨ ਕੀਤਾ। ਇਸ ਤੋਂ ਇਲਾਵਾ ਗਰੁੱਪ ਮੈਂਬਰਾਂ ਨਰੇਸ਼ ਸਾਗਵਾਲ, ਕਪਿਲ ਬੱਤਰਾ, ਸੁਰੇਖਾ ਮੁਖੀਜਾ, ਸੁਦੇਸ਼ ਕੁਮਾਰੀ, ਰਚਨਾ ਅਰੋੜਾ, ਸਾਗਰ ਸ਼ਰਮਾ, ਗੌਰਵ ਜਾਂਗੜਾ, ਵੇਦਿਤਾ, ਨਵਿਆ ਮਹਿਤਾ, ਆਕਾਸ਼ਦੀਪ ਅਤੇ ਡਾਇਰੈਕਟਰ ਵਿਕਾਸ ਸ਼ਰਮਾ ਨੇ ਵੀ ਉਨ੍ਹਾਂ ਨੂੰ ਸ਼ਾਲ ਭੇਟ ਕੀਤੇ। ਗਰੁੱਪ ਦੇ ਪ੍ਰਧਾਨ ਨੀਰਜ ਸੇਠੀ ਨੇ ਕਿਹਾ ਕਿ ਮਹੇਸ਼ ਜੋਸ਼ੀ ਦੀ ਹਰਿਆਣਾ ਕਲਾ ਪਰਿਸ਼ਦ ਦੇ ਉਪ ਪ੍ਰਧਾਨ ਵਜੋਂ ਨਿਯੁਕਤੀ ਪੂਰੇ ਕਲਾ ਜਗਤ ਲਈ ਮਾਣ ਵਾਲੀ ਗੱਲ ਹੈ। ਕਲਾ ਪ੍ਰਤੀ ਉਨ੍ਹਾਂ ਦਾ ਵਿਆਪਕ ਤਜਰਬਾ ਅਤੇ ਸਮਰਪਣ ਸੂਬੇ ਦੇ ਸੱਭਿਆਚਾਰ ਨੂੰ ਇੱਕ ਨਵੀਂ ਦਿਸ਼ਾ ਦੇਵੇਗਾ। ਕਲਾਕਾਰਾਂ ਨੇ ਉਮੀਦ ਪ੍ਰਗਟ ਕੀਤੀ ਕਿ ਜੋਸ਼ੀ ਦੀ ਅਗਵਾਈ ਹੇਠ ਸਥਾਨਕ ਕਲਾਕਾਰਾਂ ਅਤੇ ਨੌਜਵਾਨ ਥੀਏਟਰ ਕਲਾਕਾਰਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦੇ ਬਿਹਤਰ ਮੌਕੇ ਮਿਲਣਗੇ। ਨਿਊ ਉਥਾਨ ਗਰੁੱਪ ਦੇ ਸਾਰੇ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਮਹੇਸ਼ ਜੋਸ਼ੀ ਨੇ ਕਿਹਾ ਕਿ ਕਲਾਕਾਰਾਂ ਵੱਲੋਂ ਦਿੱਤਾ ਗਿਆ ਇਹ ਪਿਆਰ ਅਤੇ ਸਤਿਕਾਰ ਉਨ੍ਹਾਂ ਲਈ ਇੱਕ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਦਾ ਮੁੱਖ ਉਦੇਸ਼ ਕਲਾ ਅਤੇ ਕਲਾਕਾਰਾਂ ਦੋਵਾਂ ਨੂੰ ਮਜ਼ਬੂਤ ਕਰਨਾ ਹੈ। ਇਸ ਤੋਂ ਇਲਾਵਾ ਹਰਿਆਣਾ ਕਲਾ ਪ੍ਰੀਸ਼ਦ ਕਲਾ ਰਾਹੀਂ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।

# ਨਸ਼ਾ ਤਸਕਰਾਂ ਦੇ ਟਿਕਾਣਿਆਂ 'ਤੇ ਛਾਪੇ



**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਡਿਵੀਜ਼ਨ ਦੇ ਇੰਸਪੈਕਟਰ ਜਨਰਲ ਆਫ਼ ਪੁਲੀਸ ਪੰਕਜ ਨੈਨ ਅਤੇ ਜ਼ਿਲ੍ਹਾ ਪੁਲੀਸ ਮੁਖੀ ਚੰਦਰ ਮੋਹਨ ਦੀ ਅਗਵਾਈ ਹੇਠ ਜ਼ਿਲ੍ਹਾ ਪੁਲੀਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਉਂਦੇ ਹੋਏ ਕਾਰਵਾਈ ਤੇਜ਼ ਕੀਤੀ ਹੋਈ ਹੈ।

ਇਸੇ ਤਹਿਤ ਕੁਰੂਕਸ਼ੇਤਰ ਪੁਲੀਸ ਵੱਲੋਂ 'ਅਪਰੇਸ਼ਨ ਮੈਦਾਨ-2' ਤਹਿਤ ਸ਼ਾਹਬਾਦ ਦੀ ਡੇਹਾ ਕਲੋਨੀ, ਮਾਜਰੀ ਮੁਹੱਲਾ, ਸੱਤਿਆ ਨਗਰ, ਬਰਾੜਾ ਰੋਡ ਅਤੇ ਗੋਪੀ ਵਿਹਾਰ ਵਿੱਚ ਇੱਕੋ ਸਮੇਂ ਤਲਾਸ਼ੀ ਮੁਹਿੰਮ ਚਲਾਈ ਗਈ। ਭਾਰੀ ਪੁਲੀਸ ਫੋਰਸ ਦੇ ਨਾਲ ਡੀ ਐੱਸ ਪੀ ਹੈੱਡਕੁਆਰਟਰ ਸੁਨੀਲ ਕੁਮਾਰ ਅਤੇ ਡੀ ਐੱਸ ਪੀ ਸ਼ਾਹਬਾਦ ਸਿਧਾਰਥ ਦੀ ਅਗਵਾਈ ਹੇਠ ਸ਼ਾਹਬਾਦ ਪੁਲੀਸ ਸਟੇਸ਼ਨ ਦੇ ਇੰਚਾਰਜ ਜਗਦੀਸ਼ ਤਮਕ, ਐਂਟੀ ਨਾਰਕੋਟਿਕਸ ਸੈੱਲ ਦੇ ਇੰਚਾਰਜ ਸਬ-ਇੰਸਪੈਕਟਰ ਸਤਵਿੰਦਰ ਸਿੰਘ ਨੇ ਵੱਖ-ਵੱਖ ਥਾਣਿਆਂ ਦੀ ਪੁਲੀਸ ਦੇ ਸਹਿਯੋਗ ਨਾਲ ਨਸ਼ਾ ਤਸਕਰਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ। ਕਾਰਵਾਈ ਦੌਰਾਨ ਇੱਕ ਮੁਲਜ਼ਮ ਕੋਲੋਂ 40 ਗ੍ਰਾਮ ਗਾਂਜਾ ਅਤੇ ਇੱਕ ਹੋਰ ਮੁਲਜ਼ਮ ਕੋਲੋਂ 55 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ।

ਪੁਲੀਸ ਨੇ ਨਸ਼ਾ ਤਸਕਰਾਂ ਨੂੰ ਸਪੱਸ਼ਟ ਤੌਰ 'ਤੇ ਚਿਤਾਵਨੀ ਦਿੱਤੀ ਕਿ ਉਹ ਜਾਂ ਤਾਂ ਇਸ ਗੈਰ-ਕਾਨੂੰਨੀ ਧੰਦੇ ਨੂੰ ਛੱਡ ਦੇਣ ਜਾਂ ਜੇਲ੍ਹ ਜਾਣ ਲਈ ਤਿਆਰ ਰਹਿਣ। ਪੁਲੀਸ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇ ਆਸ-ਪਾਸ ਕੋਈ ਵੀ ਵਿਅਕਤੀ ਨਸ਼ੀਲੇ ਪਦਾਰਥ ਵੇਚਦਾ ਹੈ ਜਾਂ ਤਸਕਰੀ ਕਰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਮੋਬਾਈਲ ਨੰਬਰ 74969-85326 'ਤੇ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦਾ ਨਾਂ ਅਤੇ ਪਛਾਣ ਬਿਲਕੁਲ ਗੁਪਤ ਰੱਖੀ ਜਾਵੇਗੀ।

# ਹੈਂਡਬਾਲ 'ਚ ਖਿਡਾਰਨਾਂ ਨੇ ਚਾਂਦੀ ਦਾ ਤ.ਗਮਾ ਜਿੱਤਿਆ



**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਲੁਜ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ 29 ਮਈ ਤੋਂ ਪਹਿਲੀ ਜੂਨ ਤੱਕ ਉੱਤਰ ਪ੍ਰਦੇਸ਼ ਦੇ ਬਾਗਪਤ ਵਿੱਚ ਹੋਈ ਗਰਲਜ਼ ਜੂਨੀਅਰ ਸਪੀਡ ਹੈਂਡਬਾਲ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦਾ ਤ.ਗਮਾ ਜਿੱਤਿਆ। ਸਕੂਲ ਪੁੱਜਣ 'ਤੇ ਇਨ੍ਹਾਂ ਖਿਡਾਰੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਡਾ. ਆਰ ਐੱਸ ਘੁੰਮਣ ਨੇ ਦੱਸਿਆ ਕਿ ਇਸ ਕੌਮੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਸ੍ਰਿਸ਼ਟੀ, ਲਕਸ਼ਮੀ, ਸ਼ਵੇਤਾ, ਹਰਮਨ ਅਤੇ ਨਰਗਿਸ ਨੇ ਚਾਂਦੀ ਦਾ ਤਗਮਾ ਜਿੱਤ ਕੇ ਸਕੂਲ ਅਤੇ ਖੇਤਰ ਦਾ ਨਾਂ ਰੌਸ਼ਨ ਕੀਤਾ ਹੈ। ਡਾ. ਘੁੰਮਣ ਨੇ ਇਸ ਸਫ਼ਲਤਾ 'ਤੇ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਕੋਚ ਅਰਪਿਤ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਕੋਚ ਦੇ ਵਧੀਆ ਮਾਰਗਦਰਸ਼ਨ ਸਦਕਾ ਹੀ ਟੀਮ ਰਾਸ਼ਟਰੀ ਪੱਧਰ 'ਤੇ ਇਸ ਮੁਕਾਮ ਉਪਰ ਪੁੱਜੀ ਹੈ। ਉਨ੍ਹਾਂ ਕਿਹਾ ਕਿ ਸਕੂਲ ਪ੍ਰਸ਼ਾਸਨ ਭਵਿੱਖ ਵਿੱਚ ਵੀ ਖੇਡਾਂ ਅਤੇ ਖਿਡਾਰੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਰਹੇਗਾ।

ਸਕੂਲ ਦੇ ਵਾਈਸ ਪ੍ਰਿੰਸੀਪਲ ਸਤਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਮੈਦਾਨ 'ਤੇ ਸਖ਼ਤ ਮਿਹਨਤ ਜਿੱਤ ਜਾਂ ਹਾਰ ਨਾਲੋਂ ਜ਼ਿਆਦਾ ਅਹਿਮ ਹੈ ਅਤੇ ਸਕੂਲ ਦੀਆਂ ਲੜਕੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਕਿਸੇ ਨਾਲੋਂ ਵੀ ਘੱਟ ਨਹੀਂ ਹਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਇਹ ਸਫ਼ਲਤਾ ਸਕੂਲ ਦੇ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਕੰਮ ਕਰੇਗੀ ਅਤੇ ਭਵਿੱਖ ਵਿੱਚ ਇਹ ਐਥਲੀਟ ਸੋਨੇ ਦੇ ਤਗਮੇ ਜਿੱਤਣਗੇ ਅਤੇ ਦੇਸ਼ ਭਰ ਵਿੱਚ ਆਪਣੀ ਪਛਾਣ ਬਣਾਉਣਗੇ। ਇਸ ਮੌਕੇ ਚਾਂਦ, ਪਾਇਲ, ਮੀਨਾ, ਅੰਕੁਸ਼, ਮੋਹਸਿਨ, ਉਮੇਸ਼ ਆਦਿ ਵੀ ਮੌਜੂਦ ਸਨ।

# ਠੋਸ ਕੂੜਾ ਪ੍ਰਬੰਧਨ ਨਿਯਮ ਲਾਗੂ ਕਰਨ 'ਤੇ ਜ਼ੋਰ

**ਰਤੀਆ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ ਨੇ ਕਿਹਾ ਕਿ ਵਾਤਾਵਰਨ ਦੀ ਸੰਭਾਲ ਲਈ ਜ਼ਿਲ੍ਹੇ ਵਿੱਚ ਠੋਸ ਕੂੜਾ ਪ੍ਰਬੰਧਨ ਨਿਯਮ-2026 ਦੀ ਪਾਲਣਾ ਯਕੀਨੀ ਬਣਾਉਣ ਲਈ ਸਾਰੇ ਵਿਭਾਗਾਂ ਨੂੰ ਪੂਰੀ ਜ਼ਿੰਮੇਵਾਰੀ ਅਤੇ ਗੰਭੀਰਤਾ ਨਾਲ ਕੰਮ ਕਰਨਾ ਹੋਵੇਗਾ।

ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਸਫ਼ਾਈ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਨਿਯਮਿਤ ਜਾਂਚ ਅਤੇ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਕੂੜਾ ਪ੍ਰਬੰਧਨ ਨਾਲ ਸਬੰਧਿਤ ਨਿਯਮਾਂ ਦੀ ਪਾਲਣਾ ਸਖ਼ਤੀ ਨਾਲ ਕਰਵਾਈ ਜਾ ਸਕੇ। ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ ਅੱਜ ਠੋਸ ਕੂੜਾ ਪ੍ਰਬੰਧਨ ਨਿਯਮ-2026 ਲਾਗੂ ਕਰਨ ਸਬੰਧੀ ਸਮੀਖਿਆ ਮੀਟਿੰਗ ਕਰ ਰਹੇ ਸਨ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ




ਦੀ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਅਤੇ ਪ੍ਰਦੂਸ਼ਣ-ਮੁਕਤ ਵਾਤਾਵਰਨ ਹੀ ਸਿਹਤਮੰਦ ਸਮਾਜ ਦੀ ਨੀਂਹ ਹੈ ਅਤੇ ਇਸ ਲਈ ਹਰ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨਾ ਲਾਜ਼ਮੀ ਹੈ। ਡੀ ਸੀ ਡਾ. ਵਿਵੇਕ ਭਾਰਤੀ ਨੇ ਐੱਮ ਏ ਸ਼ਾਖਾ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਠੋਸ ਕੂੜਾ ਪ੍ਰਬੰਧਨ ਨਿਯਮਾਂ ਦੀ ਨਿਗਰਾਨੀ ਲਈ ਇੱਕ ਵਿਸ਼ੇਸ਼ ਸੌਲਿਡ ਵੇਸਟ ਮੈਨੇਜਮੈਂਟ ਸੈੱਲ ਬਣਾਇਆ ਜਾਵੇ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਹਰ ਐੱਸ ਡੀ ਐੱਮ ਦੀ ਅਗਵਾਈ ਹੇਠ ਫਲਾਇੰਗ ਸਕੁਐਡ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਸਫ਼ਾਈ ਪ੍ਰਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਸਿਰਫ਼ ਪ੍ਰਸ਼ਾਸਨ ਹੀ ਨਹੀਂ, ਸਗੋਂ ਆਮ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਅਤਲੋਕਾਂ ਦੀ ਭਾਗੀਦਾਰੀ ਵੀ ਬਹੁਤ ਜ਼ਰੂਰੀ ਹੈ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪੰਛੀਆਂ ਨੂੰ ਪਾਣੀ ਮੁਹੱਈਆ ਕਰਵਾਉਣ ਲਈ ਮਿੱਟੀ ਦੇ ਘੜਿਆਂ ਦੀ ਵੰਡ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ (ਰਾਕੇਸ਼ ਠਾਕੁਰ) ਗਰਮੀ ਨੂੰ ਧਿਆਨ ਵਿੱਚ ਰੱਖਦੇ ਹੋਏ, ਭਾਰਤ ਵਿਕਾਸ ਪ੍ਰੀਸ਼ਦ, ਪਟਿਆਲਾ (ਭਗਤ ਸਿੰਘ ਸ਼ਾਖਾ) ਵੱਖ-ਵੱਖ ਥਾਵਾਂ @ਤੇ ਪੰਛੀਆਂ ਅਤੇ ਜਾਨਵਰਾਂ ਨੂੰ ਪੀਣ ਵਾਲੇ ਪਾਣੀ ਲਈ ਮਿੱਟੀ ਦੇ ਘੜੇ ਵੰਡਣ ਦਾ ਪ੍ਰਬੰਧ ਕਰ ਰਹੀ ਹੈ।

ਇਸ ਲੜੀ ਤਹਿਤ ਪੁੱਡਾ ਐਨਕਲੇਵ-2 ਦੇ ਨੇੜੇ ਮਿੱਟੀ ਦੇ ਘੜੇ ਵੰਡੇ ਗਏ ਜਿਸ ਵਿੱਚ ਸ਼੍ਰੀ ਕੁੰਦਨ ਗੋਗੀਆ, ਮੇਅਰ ਨਗਰ ਨਿਗਮ ਪਟਿਆਲਾ ਵਿਸ਼ੇਸ਼ ਤੌਰ @ਤੇ ਮੌਜੂਦ ਸਨ। ਮੇਅਰ ਸਾਹਿਬ ਨੇ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਇੱਕ ਸਮਾਜ ਸੇਵਾ, ਗੈਰ-ਰਾਜਨੀਤਿਕ ਸੰਸਥਾ ਹੈ ਜੋ ਸ਼ਹਿਰ ਵਿੱਚ ਵੱਖ-ਵੱਖ ਸਮਾਜ ਸੇਵਾ




ਦੇ ਕੰਮ ਕਰਦੀ ਰਹਿੰਦੀ ਹੈ ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਲਗਭਗ 200 ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਜਾਂਦੀ ਹੈ, ਫਿਲਮ ਦੇਖਣ, ਸਫਾਈ ਮੁਹਿੰਮ ਆਦਿ ਪ੍ਰੋਗਰਾਮਾਂ ਵਿੱਚ ਸਾਰੇ ਮੈਂਬਰ ਸ਼ਾਮਲ ਹੁੰਦੇ ਹਨ। ਇਸ ਤੋਂ ਇਲਾਵਾ, ਪ੍ਰੀਸ਼ਦ ਭਗਵਾਨ ਸਵਰੂਪ ਪਾਰਕ ਵਿੱਚ ਹਰ ਰੋਜ਼ ਮੁਫ਼ਤ ਯੋਗ ਅਭਿਆਸ ਦਾ ਵੀ ਆਯੋਜਨ ਕਰਦੀ ਹੈ।

ਆਉਣ ਵਾਲੇ ਦਿਨਾਂ ਵਿੱਚ, ਪ੍ਰੀਸ਼ਦ ਵਿਸ਼ਵ ਵਾਤਾਵਰਣ ਦਿਵਸ ਮਨਾਉਣ, ਠੰਡੇ ਮਿੱਠੇ ਜਲ ਦਾ ਸਟਾਲ ਲਗਾਉਣ, ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ, ਤੁਲਸੀ ਅਤੇ ਗੰਗਾ ਜਲ ਵੰਡਣ ਦਾ ਆਯੋਜਨ ਕਰੇਗੀ।

ਮਿੱਟੀ ਦੇ ਘੜੇ ਵੰਡਣ ਲਈ ਪ੍ਰੀਸ਼ਦ ਵੱਲੋਂ ਹਰਿੰਦਰ ਗੁਪਤਾ, ਮੁਕੇਸ਼ ਸਿੰਗਲਾ, ਰਾਜੇਸ਼ ਮਿੱਤਲ, ਰਵਿੰਦਰ ਸਿੰਘ, ਲਕਸ਼ਮਣ ਦਾਸ, ਸ਼ਾਮ ਲਾਲ, ਡਾ. ਰਾਜੇਸ਼ ਕੁਮਾਰ, ਕੇਵਲ ਬਾਂਸਲ, ਗਗਨ ਗੋਇਲ, ਨਰੇਸ਼ ਸਿੰਗਲਾ, ਰਾਕੇਸ਼ ਠਾਕੁਰ, ਰਾਕੇਸ਼ ਗੋਇਲ, ਖੁਸ਼ਵਿੰਦਰ ਸ਼ਰਮਾ, ਅਸ਼ੋਕ ਗੁਪਤਾ ਆਦਿ ਮੌਜੂਦ ਸਨ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਕਵਿਤਾਵਾਂ ਰਾਹੀਂ ਜਾਗਰੂਕ ਕਰਨ ਵਾਲੀ ਲੇਖਿਕਾ



ਸੁੱਖ ਘੁੰਮਣ
98777-10248

ਸੁੱਖ ਘੁੰਮਣ ਪੰਜਾਬੀ ਸਾਹਿਤ ਵਿਚ ਨਵੀਂ ਅਤੇ ਉੱਭਰਦੀ ਲੇਖਿਕਾ ਹੈ। ਜਿਸ ਨੇ ਕਵਿਤਾਵਾਂ, ਕਹਾਣੀਆਂ, ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਬਚਣ ਦਾ ਸਨੇਹਾ ਦਿੱਤਾ। ਉਂਝ ਤਾਂ ਉਸ ਦਾ ਪੂਰਾ ਨਾਂ ਸੁੱਖਪ੍ਰੀਤ ਕੌਰ ਘੁੰਮਣ ਹੈ। ਉਸ ਦਾ ਜਨਮ 27 ਅਕਤੂਬਰ 1997 ਨੂੰ ਪਿਤਾ ਹਰਦੇਵ ਸਿੰਘ ਅਤੇ ਮਾਤਾ ਰਣਜੀਤ ਕੌਰ ਦੇ ਘਰ ਜ਼ਿਲ੍ਹਾ ਬਠਿੰਡਾ 'ਚ ਵਸਦੇ ਪਿੰਡ ਘੁੰਮਣ ਕਲਾਂ ਵਿਖੇ ਹੋਇਆ। ਸੁੱਖ ਨੇ ਦਸਵੀਂ ਦੀ ਪੜ੍ਹਾਈ ਪਿੰਡ ਪੂਹਲੀ ਕਲਾਂ ਦੇ ਸਕੂਲ ਤੋਂ ਕੀਤੀ ਅਤੇ ਬਾਰ੍ਹਵੀਂ ਐੱਸਐੱਸ ਮਾਨ ਗਰਲਜ਼ ਸਕੂਲ ਤੋਂ ਕੀਤੀ। ਸੁੱਖ ਘੁੰਮਣ ਅੱਜ ਕੱਲ੍ਹ ਪਿੰਡ ਪੂਹਲੀ ਕਲਾਂ ਜ਼ਿਲਾ ਬਠਿੰਡਾ ਵਿਖੇ ਰਹਿ ਰਹੀ ਹੈ। ਉਸ ਨੇ ਬੀਏ ਦੀ ਪੜ੍ਹਾਈ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਤੋਂ ਕੀਤੀ। ਸੁੱਖ ਹੁਣ ਐੱਮਏ ਪੰਜਾਬੀ ਦਿ ਰੋਇਲ ਕਾਲਜ ਬੋੜ੍ਹਾਵਾਲ (ਮਾਨਸਾ) ਤੋਂ ਕਰ ਰਹੀ ਹੈ। ਆਉ, ਸੁੱਖ ਘੁੰਮਣ ਦੀਆਂ ਰਚਨਾ ਦਾ ਅਨੰਦ ਮਾਣਦੇ ਹਾਂ।

• **ਹਰਮਨ ਸੂਫ਼ੀ ਲਹਿਰਾ**

## ਕਵਿਤਾ

### ਖੋ ਲਏ ਪੁੱਤ

ਘਰ ਵਾਰ ਸਭ ਨੇ,
ਵਿਕਾਤੇ ਚਿੱਟੇ ਨੇ।
ਮਾਪਿਆ ਦੇ ਸਿਰੋਂ,
ਖੋ ਲਏ ਪੁੱਤ ਨੇ।
ਨਸ਼ਿਆਂ ਨੇ ਖਾ ਲਈ,
ਜਵਾਨੀ ਤੇਰੀ ਪੁੱਤਰਾ।
ਸਰੀਰ ਕਰ ਦਿੱਤੇ,
ਥੋਥੇ ਚਿੱਟੇ ਨੇ।
ਕੈਸੀ ਖੇਡ ਏ ਬਣਾਈ,
ਰੱਬਾ ਲੋਕਾਂ ਨੇ।
ਕਈ ਰਿਸ਼ਤੇ ਨੇ,
ਮਾਰੇ ਚਿੱਟੇ ਨੇ।
ਚਾਰ ਦਿਨ ਖ਼ੁਸ਼ੀ ਪਿੱਛੇ,
ਨਸ਼ੇ ਕਾਰਨ !
ਜ਼ਿੰਦਗੀ 'ਚੋ ਹੱਥ ਧੋਂਦੇ ਦੇਖੇ ਮੈਂ ।
ਨਸ਼ਿਆਂ ਦੀ ਲੱਤ ਪਿੱਛੇ ,
ਬਾਪ ਦੀ ਕਮਾਈ ਪੁੱਤਾ
ਚਿੱਟੇ ਵਿੱਚ ਰੋਲ 'ਤੀ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

## ਕੁਝ ਕੰਮ ਦੀਆਂ ਗੱਲਾਂ

- ਮੌਤ ਦਾ ਡਰ ਸਭ ਤੋਂ ਭਿਆਨਕ ਡਰ ਮੰਨਿਆ ਜਾਂਦਾ ਹੈ, ਜਦੋਂ ਇਹ ਡਰ ਖ਼ਤਮ ਫਿਰ ਬਾਕੀ ਡਰ ਵੀ ਖ਼ਤਮ ਹੋ ਜਾਂਦੇ ਹਨ ।
- ਸੋਚ ਬਦਲੇਗੀ ਤਾਂ ਕਰਮ ਬਦਲੇਗਾ, ਕਰਮ ਬਦਲੇਗਾ ਤਾਂ ਜ਼ਿੰਦਗੀ ਬਦਲੇਗੀ।
- ਜਦੋਂ ਸੁੱਖ-ਦੁੱਖ, ਹਾਨੀ- ਲਾਭ ,ਚੰਗਾ- ਬੁਰਾ, ਇੱਕੋ ਲੱਗਦਾ ਹੈ ਤਾਂ ਸੱਚ ਮੁੱਚ ਜ਼ਿੰਦਗੀ ਅਨੰਦਮਈ ਹੋ ਜਾਂਦੀ ਹੈ।
- ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰਾਂਗੇ ਫਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਹੋਵੇਗਾ।
- ਕੁਦਰਤ ਕੋਲ ਹਰ ਬੀਮਾਰੀ ਦਾ ਇਲਾਜ ਹੈ ਅਤੇ ਹਰ ਸਮੱਸਿਆ ਦਾ ਹੱਲ ।
- ਜਿਵੇਂ ਸਾਗਰ ਲਹਿਰਾਂ ਤੋਂ ਬਿਨਾਂ ਨਹੀਂ ਹੁੰਦਾ ਜ਼ਿੰਦਗੀ ਵੀ ਸੁੱਖ ਦੁੱਖ ਤਕਲੀਫਾਂ ਆਦਿ ਤੋਂ ਬਿਨਾਂ ਨਹੀਂ ਹੁੰਦੀ ।
- ਕੁਦਰਤ ਕੋਲ ਹਰ ਸਮੱਸਿਆ ਦਾ ਹੱਲ ਹੈ ।



# ਸੱਭਿਅਕ ਬਣਨ ਦੀ ਕੋਸ਼ਿਸ਼

**ਦਵਿੰਦਰ ਕੌਰ**

ਅਸੀਂ ਸਭ ਜਾਣਦੇ ਹਾਂ ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਅਤੇ ਯੁੱਗ ਬਦਲਣ ਨਾਲ ਜ਼ਮਾਨਾ ਵੀ ਬਦਲ ਗਿਆ ਹੈ। ਜੀਵਨ ਵਿਚ ਅਸੀਂ ਬਹੁਤ ਤਰੱਕੀਆਂ ਕਰ ਲਈਆਂ ਹਨ। ਨਵੀਆਂ-ਨਵੀਆਂ ਦਵਾਈਆਂ ਨਾਲ ਕਈ ਮਾਰੂ ਬਿਮਾਰੀਆਂ 'ਤੇ ਵੀ ਹੁਣ ਕਾਬੂ ਪੈ ਗਿਆ ਹੈ। ਅਨਪੜ੍ਹਤਾ ਵੀ ਘੱਟ ਹੁੰਦੀ ਜਾ ਰਹੀ ਹੈ। ਸਾਨੂੰ ਜੀਵਨ ਜਿਊਣ ਦੀ ਸੋਝੀ ਆ ਗਈ ਹੈ। ਹੁਣ ਜ਼ਮਾਨੇ ਦੇ ਨਾਲ ਰਲਣ ਲਈ ਅਸੀਂ ਸਾਰੇ ਯਤਨ ਕਰਦੇ ਹਾਂ। ਕੋਈ ਵੀ ਇਨਸਾਨ ਖ਼ੁਦ ਨੂੰ ਨੀਵਾਂ ਨਹੀਂ ਦਿਖਾਉਣਾ ਚਾਹੁੰਦਾ। ਇਸੇ ਦੌੜ ਵਿਚ ਜੀਵਨ ਦਾ ਹਰ ਪੱਖ ਬਦਲ ਗਿਆ।

### ਪਹਿਰਾਵਾ ਅਤੇ ਸੁੰਦਰਤਾ

ਖਾਣ-ਪੀਣ, ਬੋਲਣ, ਬੈਠਣ-ਉੱਠਣ, ਪਹਿਰਾਵਾ ਅਤੇ ਸੁੰਦਰਤਾ ਦੇ ਪੱਖ ਤੋਂ ਲੋਕਾਂ ਵਿਚ ਕਾਫ਼ੀ ਜਾਗਰੂਕਤਾ ਆਈ ਹੈ ਤੇ ਸਾਰੇ ਢੰਗ ਬਦਲ ਗਏ ਹਨ ਪਰ ਇਨ੍ਹਾਂ ਬਦਲਦੇ ਹੋਏ ਢੰਗਾਂ ਨੇ ਕਿਤੇ ਨਾ ਕਿਤੇ ਸਾਡੀ ਸਿਹਤ, ਸੁੰਦਰਤਾ ਅਤੇ ਸਰੀਰ ਨਾਲ ਕਾਫ਼ੀ ਖਿਲਵਾੜ ਕੀਤਾ ਹੈ। ਸਾਡੀਆਂ ਆਦਤਾਂ ਵਿਚ ਘੁਟਣ ਜਿਹੀ ਸਮਾ ਗਈ ਹੈ। ਜ਼ਿੰਦਗੀ ਜਿਊਣ ਦੇ ਢੰਗ ਵੀ ਨਿਯਮਿਤ ਅਤੇ ਸੀਮਿਤ ਜਿਹੇ ਹੋ ਗਏ ਹਨ। ਖੁੱਲ੍ਹ ਕੇ ਹੱਸਣ ਨੂੰ ਹੁਣ ਅਸੱਭਿਅਕ ਮੰਨਿਆ ਜਾਂਦਾ ਹੈ ਪਰ ਬਿਮਾਰੀਆਂ ਦੂਰ ਕਰਨ ਲਈ ਖੁੱਲ੍ਹਾ ਹਾਸਾ ਜਾਂ ਤਾਂ ਯੋਗਾ ਕਲਾਸਾਂ ਦੇ ਵਿਚ ਮਿਲਦਾ ਹੈ ਜਾਂ ਸਪੈਸ਼ਲ ਕਸਰਤ ਹੀ ਬਣ ਗਿਆ ਹੈ। ਪਿੰਡਾਂ ਦੇ ਮਾਹੌਲ 'ਤੇ ਵੀ ਸ਼ਹਿਰੀ ਰੰਗ ਚੜ੍ਹਦਾ ਜਾਂਦਾ ਹੈ ਅਤੇ ਆਪਣਾ ਦੇਸੀਪਨ ਖ਼ਤਮ ਹੁੰਦਾ ਜਾ ਰਿਹਾ ਹੈ। ਆਧੁਨਿਕ ਬਣਨਾ ਵੀ ਜ਼ਰੂਰੀ ਹੈ ਪਰ ਆਪਣੀ ਅਸਲੀਅਤ ਤੋਂ ਦੂਰ ਭੱਜਣਾ ਸਾਨੂੰ ਮਹਿੰਗਾ ਪੈਂਦਾ ਹੈ। ਜੀਵਨ ਜਾਚ ਵਿਚ ਬਹੁਤ ਕੁਝ ਬਦਲ ਚੁੱਕਾ ਹੈ ਜਿਸ ਨੇ ਹਰ ਆਦਮੀ ਦੀ ਸਿਹਤ, ਮਨ, ਦਿਮਾਗ਼, ਸਾਦਗੀ, ਭੋਲਾਪਨ ਅਤੇ ਕੁਦਰਤੀ ਸੁੰਦਰਤਾ ਨੂੰ ਪ੍ਰਭਾਵਿਤ ਕੀਤਾ ਹੈ।

### ਪੁਰਾਣੀਆਂ ਖ਼ੁਰਾਕਾਂ

ਪਹਿਲਾਂ ਲੋਕ ਦੇਸੀ ਖ਼ੁਰਾਕਾਂ ਖਾਂਦੇ ਸਨ। ਖਾਣ-ਪੀਣ ਦਾ ਸਮਾਂ ਵੀ ਸਹੀ ਅਤੇ ਬੱਝਵਾਂ ਹੁੰਦਾ ਸੀ। ਉਹ ਸੂਰਜ ਰਹਿੰਦਿਆਂ ਖਾਣਾ ਖਾ ਲੈਂਦੇ ਸਨ। ਹੋਰ ਵੀ ਸਾਰੇ ਭੋਜਨ ਪਦਾਰਥ ਘਰੇਲੂ ਅਤੇ ਪੌਸ਼ਟਿਕ ਹੁੰਦੇ ਸਨ। ਸਭ ਕੁਝ ਖਾ ਪੀ ਕੇ ਵੀ ਇੰਨੀਆਂ ਬਿਮਾਰੀਆਂ ਨਹੀਂ ਸਨ ਜਿੰਨੀਆਂ ਅੱਜ ਕੱਲ੍ਹ ਹਨ ਪਰ ਹੁਣ ਵੰਨ-ਸੁਵੰਨੇ ਮਸਾਲੇਦਾਰ ਅਤੇ ਚਟਪਟੇ ਭੋਜਨ ਅਤੇ ਜੰਕ-ਫੂਡ ਤੇ ਹੋਰ ਪੀਣ ਵਾਲੇ ਬਣਾਵਟੀ ਪਦਾਰਥ ਚੱਲ ਪਏ ਹਨ ਜੋ ਸਿੱਧੇ ਤੌਰ 'ਤੇ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਦੁੱਧ-ਲੱਸੀ ਦੀ ਥਾਂ ਹੁਣ ਕੋਲਡਰਿੰਕ ਨੇ ਲੈ ਲਈ ਤੇ ਪੁਰਾਣੀਆਂ ਖ਼ੁਰਾਕਾਂ ਕਿਸੇ ਦੇ ਹਜ਼ਮ ਨਹੀਂ ਹੁੰਦੀਆਂ।

### ਖੁੱਲ੍ਹ ਕੇ ਵਿਚਾਰ ਪ੍ਰਗਟ ਕਰਨਾ

ਪਹਿਲਾਂ ਲੋਕ ਸਾਦਗੀ ਭਰਪੂਰ ਆਪਣੇ ਦਿਲ ਦੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਦੇ ਸਨ। ਕੁਝ ਕਹਿ ਲੈਂਦੇ ਸਨ ਤੇ ਕੁਝ ਸੁਣ ਲੈਂਦੇ ਸਨ ਪਰ ਹੁਣ ਅਸੀਂ ਸੱਭਿਅਕ ਬਣਨ ਦੀ ਕੋਸ਼ਿਸ਼ ਕਰਦੇ-ਕਰਦੇ ਵਿਚਾਰਾਂ ਅਤੇ ਹਾਵ-ਭਾਵ ਨੂੰ ਦਬਾ ਕੇ ਰਸਮੀ ਤੌਰ 'ਤੇ ਬੋਲਣ ਲੱਗ ਗਏ ਹਾਂ ਕਿ ਕਿਸੇ ਨੂੰ ਬੁਰਾ ਨਾ ਲੱਗੇ। ਜਿਸ ਨਾਲ ਅਸੀਂ ਮਾਨਸਿਕ ਤੌਰ 'ਤੇ ਬਿਮਾਰ ਹੁੰਦੇ ਜਾ ਰਹੇ ਹਾਂ ਅਤੇ ਵਿਚਾਰਾਂ ਦਾ ਤਾਣਾ-ਬਾਣਾ ਦਿਮਾਗ਼ ਦੇ ਅੰਦਰ ਹੀ ਉਲਝਿਆ ਰਹਿੰਦਾ ਹੈ ਜੋ ਸੁਭਾਅ ਨੂੰ ਚਿੜਚਿੜਾ ਬਣਾਉਂਦਾ ਹੈ।



### ਮਾਪਦੰਡ

ਬੋਲਣ-ਚੱਲਣ ਦੇ ਵਾਂਗ ਹੁਣ ਬੈਠਣਾ-ਉਠਣਾ ਵੀ ਸੱਭਿਅਕ ਰੂਪ ਦੇ ਮਾਪਦੰਡ ਮਾਪਦਾ ਰਹਿੰਦਾ ਹੈ। ਰਸਮੀ ਤੌਰ 'ਤੇ ਬੈਠਣਾ, ਉੱਠਣਾ ਜਾਂ ਤੁਰਨਾ ਵੀ ਸਾਡੇ ਸਰੀਰ 'ਤੇ ਕਾਫ਼ੀ ਪ੍ਰਭਾਵ ਪਾਉਂਦਾ ਹੈ। ਪਹਿਲਾਂ ਲੋਕ ਖੁੱਲ੍ਹ ਕੇ ਮਨਮਰਜ਼ੀ ਨਾਲ ਆਪਣੇ ਆਪ ਨੂੰ ਸੁਖਾਵਾਂ ਕਰ ਕੇ ਬਹਿੰਦੇ ਉੱਠਦੇ ਅਤੇ ਚਲਦੇ ਸਨ। ਹੁਣ ਜੋ ਤਬਦੀਲੀ ਆਈ ਹੈ ਉਸ ਅਨੁਸਾਰ ਲੋੜ ਤੋਂ ਵੱਧ ਰਸਮੀਪਨ ਸਰੀਰ ਨੂੰ ਤਕਲੀਫ਼ ਦਿੰਦਾ ਹੈ। ਅਸੀਂ ਇਸ ਚਿੰਤਾ ਵਿਚ ਹੀ ਰਹਿੰਦੇ ਹਾਂ ਕਿ ਵੇਖਣ ਵਾਲੇ ਨੂੰ ਕਿਵੇਂ ਲੱਗੇਗਾ।

### ਆਧੁਨਿਕ ਯੁੱਗ

ਪੁਰਾਣੇ ਸਮੇਂ ਅਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਹੁਣ ਬਹੁਤ ਫ਼ਰਕ ਆ ਗਿਆ ਹੈ। ਸਮੇਂ ਦੇ ਹਾਣੀ ਹੋਣ ਦੇ ਨਾਤੇ ਸਾਨੂੰ ਆਪਣਾ ਪਹਿਰਾਵਾ ਬਦਲਣਾ ਚਾਹੀਦਾ ਹੈ ਅਤੇ ਵਧੀਆ ਦਿੱਖ ਹੋਣੀ ਜ਼ਰੂਰੀ ਹੈ ਪਰ ਜੇਕਰ ਉਹ ਸਰੀਰ ਨੂੰ ਤਕਲੀਫ਼ ਜਾਂ ਘੁਟਣ ਦਿੰਦਾ ਹੈ ਤਾਂ ਅਸੀਂ ਅਜਿਹੇ ਅਣਸੁਖਾਵੇਂ ਪਹਿਰਾਵੇ ਤੋਂ ਪਰਹੇਜ਼ ਵੀ ਕਰ ਸਕਦੇ ਹਾਂ। ਜ਼ਿਆਦਾ ਘੁਟਵੇ ਜਾਂ ਅਣਸੁਖਾਵੇ ਕੱਪੜੇ ਸਾਡੇ ਸਰੀਰ ਦੇ ਨਾਲ-ਨਾਲ ਸਾਡੇ ਸੁਭਾਅ ਨੂੰ ਵੀ ਖ਼ਰਾਬ ਕਰਦੇ ਹਨ।

### ਬਣਾਵਟੀ ਸੁੰਦਰਤਾ

ਅੱਜ ਦੇ ਜ਼ਮਾਨੇ ਵਿਚ ਹਰ ਇਨਸਾਨ ਬਣਾਵਟੀ ਸੁੰਦਰਤਾ ਦੀ ਦੌੜ ਵਿਚ ਲੱਗਾ ਹੋਇਆ ਹੈ ਜਿਸ ਦੇ ਥੱਲੇ ਸਾਡਾ ਅਸਲੀ ਚਿਹਰਾ ਗੁੰਮ ਹੋ ਗਿਆ ਹੈ।

ਅੱਜ ਦਾ ਯੁੱਗ ਫ਼ੈਸ਼ਨ ਦਾ ਯੁੱਗ ਹੈ। ਹਰ ਕੋਈ ਮਾਡਰਨ ਬਣ ਕੇ ਰਹਿਣਾ ਚਾਹੁੰਦਾ ਹੈ। ਕਈ ਵਾਰ ਸਾਦੇ ਬੰਦੇ ਨੂੰ ਜ਼ਮਾਨਾ ਪੱਛੜਿਆ ਹੋਇਆ ਵੀ ਸਮਝਦਾ ਹੈ। ਹਰ ਇਨਸਾਨ ਬਣਾਵਟੀ ਸੁੰਦਰਤਾ ਦੇ ਜਾਲ਼ ਵਿਚ ਫ਼ਸ ਕੇ ਮਜਬੂਰ ਹੋ ਚੁੱਕਾ ਹੈ। ਇਸ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਸੁੰਦਰਤਾ ਜਾਂ ਮੇਕਅੱਪ ਦੀਆਂ ਸਭ ਚੀਜ਼ਾਂ ਕਈ ਪ੍ਰਕਾਰ ਦੇ ਕਾਸਮੈਟਿਕਸ ਸਾਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ ਪਰ ਉਸ ਦਾ ਸਾਡੀ ਚਮੜੀ ਤੇ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਅਸੀਂ ਆਪਣੀ ਕੁਦਰਤੀ ਸੁੰਦਰਤਾ ਵੀ ਹੌਲੀ-ਹੌਲੀ ਗਵਾ ਬੈਠਦੇ ਹਾਂ ਅਤੇ ਸਾਡੇ ਚਿਹਰੇ ਮੁਰਝਾ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਲੋਕਾਂ ਕੋਲ ਘਰੇਲੂ ਨੁਸਖੇ ਹੁੰਦੇ ਸਨ ਜਿਸ ਨਾਲ ਚਿਹਰੇ 'ਤੇ ਰੌਣਕ ਬਣੀ ਰਹਿੰਦੀ ਸੀ।

### ਅਜੋਕੀ ਪੀੜ੍ਹੀ

ਹੁਣ ਨੌਜਵਾਨ ਵਰਗ ਦਾ ਸਾਰਾ ਧਿਆਨ ਵਾਲਾਂ ਨੇ ਖਿਚਿਆ ਹੋਇਆ ਹੈ। ਤਰ੍ਹਾਂ-ਤਰ੍ਹਾਂ ਦੇ ਵਾਲਾਂ ਦੇ ਡਿਜ਼ਾਇਨ ਅਤੇ ਰੰਗ ਅਜੋਕੀ ਪੀੜ੍ਹੀ ਨੂੰ ਆਕਰਸ਼ਿਤ ਤਾਂ ਕਰਦੇ ਹਨ ਪਰ ਇਸ ਦੇ ਪ੍ਰਭਾਵ ਬਹੁਤ ਨੁਕਸਾਨਦਾਇਕ ਹਨ ਜੋ ਸਰੀਰਕ ਅਤੇ ਮਾਨਸਿਕ ਪੱਖ ਤੋਂ ਵਿਨਾਸ਼ ਕਰਦੇ ਹਨ। ਉਮਰ ਤੋਂ ਪਹਿਲਾਂ ਵਾਲ ਕਮਜ਼ੋਰ ਹੋ ਜਾਂਦੇ ਨੇ ਤੇ ਦਿਮਾਗ਼ ਵਾਲ ਸਵਾਰਨ ਵਿਚ ਲੱਗਿਆ ਹੋਣ ਕਾਰਨ ਬੰਦਾ ਆਪਣੇ ਕੰਮਾਂ ਵਿਚ ਧਿਆਨ ਨਹੀਂ ਦੇ ਸਕਦਾ। ਸੋ ਇਸ ਸਭ ਕੁਝ ਸੋਚਣ ਦੇ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਆਧੁਨਿਕਤਾ ਅਤੇ ਸ਼ੌਕੀਨੀ ਦੇ ਰੰਗ ਵਿਚ ਰੰਗੇ ਹੋਏ ਇਨਸਾਨ ਨੂੰ ਇਸ ਦੇ ਨਤੀਜਿਆ ਬਾਰੇ ਸੋਚ ਕੇ ਹੀ ਕਿਸੇ ਨਵੀਂ ਚੀਜ਼ ਨੂੰ ਅਪਣਾਉਣਾ ਚਾਹੀਦਾ ਹੈ। ਆਧੁਨਿਕ ਚੀਜ਼ਾ ਅਪਣਾਉਣੀਆਂ ਚਾਹੀਦੀਆਂ ਹਨ ਤਾਂ ਹੀ ਸਮੇਂ ਦਾ ਹਾਣੀ ਵੀ ਬਣਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਆਪਣੇ ਆਪ ਨੂੰ ਵੀ ਸੰਭਾਲੀ ਰੱਖਣਾ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਚੀਜ਼ ਦੀ ਘਾਟ ਮਾੜੀ ਹੁੰਦੀ ਹੈ ਅਤੇ ਬਹੁਤਾਤ ਵੀ। ਸਾਨੂੰ ਪੁਰਾਤਨ ਵਿਰਸੇ ਦੀਆਂ ਚੀਜ਼ਾਂ ਨੂੰ ਨਾਲ ਲੈ ਕੇ ਚਲਦੇ ਹੋਏ ਆਧੁਨਿਕ ਸਮੇਂ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਦੇ ਸਮੇਂ ਸ਼ਰਮ ਨਹੀਂ ਮਹਿਸੂਸ ਕਰਨੀ ਚਾਹੀਦੀ। •

82838-32839



## ਪੱਤਰ ਹਰੇ ਕਚੂਰ

# ਬਹੁਪੱਖੀ ਸ਼ਖ਼ਸੀਅਤ



ਤਰਸੇਮ ਬੁੱਟਰ
81465-82152

ਤਰਸੇਮ ਬੁੱਟਰ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ। ਉਹ ਇਲਾਕੇ ਦਾ ਉੱਘਾ ਸਮਾਜ ਸੇਵਕ, ਖ਼ੂਨਦਾਨੀ, ਅਦਾਕਾਰ, ਰੇਡੀਓ ਅਨਾਊਂਸਰ, ਸਫਲ ਮੰਚ ਸੰਚਾਲਕ, ਲੇਖਕ ਤਾਂ ਹੈ ਹੀ ਇਸ ਦੇ ਨਾਲ-ਨਾਲ ਉਹ ਵਧੀਆ ਇਨਸਾਨ ਵੀ ਹੈ। ਬੁੱਟਰ ਕਿੱਤੇ ਵਜੋਂ ਸਰਕਾਰੀ ਅਧਿਆਪਕ ਤੇ ਐੱਫਐੱਮ ਰੇਡੀਓ ਬਠਿੰਡਾ 'ਤੇ ਬਤੌਰ ਅਨਾਊਂਸਰ ਕੰਮ ਵੀ ਕਰ ਰਿਹਾ ਹੈ। ਅਦਾਕਾਰੀ ਪੱਖੋਂ ਉਹ ਅਨੇਕਾਂ ਹੀ ਟੈਲੀ ਫ਼ਿਲਮਾਂ ਤੋਂ ਇਲਾਵਾ ਇਕ ਵੱਡੇ ਪਰਦੇ ਦੀ ਫਿਲਮ ਵੀ ਕਰ ਚੁੱਕਾ ਹੈ। ਤਰਸੇਮ ਆਪਣੇ ਪਿੰਡ ਦੇ ਮਾਲਵਾ ਵੈੱਲਫੇਅਰ ਕਲੱਬ ਦਾ ਜਨਰਲ ਸਕੱਤਰ ਹੈ, ਜਿਸ ਦੇ ਜ਼ਰੀਏ ਉਹ ਅਨੇਕਾਂ ਹੀ ਸਮਾਜ ਸੇਵੀ ਕੰਮਾਂ ਤੋਂ ਇਲਾਵਾ ਹੁਣ ਤਕ ਵੀਹ ਵਾਰ ਖ਼ੂਨਦਾਨ ਕਰ ਚੁੱਕਾ ਹੈ। ਬੁੱਟਰ ਇਲਾਕੇ ਦੀਆਂ ਨਾਮਵਰ ਸਾਹਿਤਕ ਸਭਾਵਾਂ ਦਾ ਸਰਗਰਮ ਕਾਰਕੁਨ ਅਤੇ ਅਹੁਦੇਦਾਰ ਹੋਣ ਕਰਕੇ ਉਸ ਨੂੰ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਆਮ ਵੇਖਿਆ ਜਾਂਦਾ ਹੈ। ਜੇਕਰ ਉਸ ਦੀ ਲੇਖਣੀ ਦੀ ਗੱਲ ਕਰੀਏ ਤਾਂ ਉਹ ਲਿਖਤਾਂ ਜ਼ਰੀਏ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ, ਮੈਗਜ਼ੀਨਾਂ, ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ, ਸੋਸ਼ਲ ਮੀਡੀਆ ਆਦਿ 'ਤੇ ਆਪਣੀ ਭਰਵੀਂ ਹਾਜ਼ਰੀ ਲਵਾ ਰਿਹਾ ਹੈ । ਫ਼ਖ਼ਰ ਵਾਲੀ ਗੱਲ ਹੈ ਕਿ ਉਸ ਦੀਆਂ ਲਿਖਤਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ। ਮਾਣਦੇ ਹਾਂ ਉਸ ਦੀ ਰਚਨਾ ਦਾ ਅਨੰਦ।

• **ਕੁਲਦੀਪ ਸਿੰਘ ਬੰਗੀ**
94174-07778

## ਨਜ਼ਮ

### ਰੁੱਖੀ ਮਿੱਸੀ

ਨਾ ਵੇਖ ਸ਼ਾਹੀ ਪਕਵਾਨਾ ਨੂੰ ਜੀਅ ਲਲਚਾਈ ਜਾ।
ਖਾ ਕੇ ਰੁੱਖੀ ਮਿੱਸੀ ਰੱਬ ਦਾ ਸ਼ੁਕਰ ਮਨਾਈ ਜਾ।
ਚੈਨ ਖ਼ੁਸ਼ੀ, ਅਨੰਦ, ਤਸੱਲੀ ਆਪ ਮੁਹਾਰੇ ਆਵਣਗੇ,
ਆਪ ਤੋਂ ਨੀਵੇਂ ਵੇਖ ਆਪਣਾ ਵਕਤ ਲੰਘਾਈ ਜਾ
ਮੁਸ਼ਕਿਲ, ਭੀੜਾਂ, ਬਿਪਤਾ, ਸੰਕਟ ਜ਼ਰਨੇ ਪੈਂਦੇ ਬੰਦਿਆਂ ਨੂੰ,
ਦੁੱਖ, ਦਲਿੱਦਰ, ਸਰਵ ਵਿਆਪਕ ਮਨ ਸਮਝਾਈ ਜਾ।
ਟੋਏ ਟਿੱਬੇ, ਪਰਬਤ, ਸਾਗਰ, ਜੰਗਲ ਰਾਹ ਵਿਚ ਅੜਨਾ ਨਾ,
ਮੰਜ਼ਿਲ ਪਾਉਣੀ ਹੱਥ 'ਚ ਤੇਰੇ ਨਾ ਘਬਰਾਈ ਜਾ।
ਮੰਦਰ, ਮਾਜਿਦ, ਗੁਰਦੁਆਰੇ ਹਰ ਮਾਨਵ ਲਈ ਸਾਂਝੇ ਨੇ,
ਧਰਮ ਦੇ ਨਾਂ 'ਤੇ ਲੋਕਾਂ ਵਿਚ ਨਾ ਵੰਡੀਆਂ ਪਾਈ ਜਾ।
ਕੈਂਚੀ ਵਾਂਗੂ ਕੱਟਣ ਦੀ ਥਾਂ ਸੂਈ ਵਾਂਗੂ ਸਿਆਉਣਾ ਸਿੱਖ,
ਬੁੱਟਰ ਵੰਡੀਆਂ ਪਾ-ਪਾ ਕੇ ਤੂੰ ਨਾ ਲੋਕ ਨੂੰ ਲੜਾਈ ਜਾ।

## ਗ਼ਜ਼ਲ



ਗੁਰਪ੍ਰੀਤ ਕੌਰ ਧਾਲੀਵਾਲ
98798-002110

ਘਰ ਤਾਂ ਆਖ਼ਰ ਘਰ ਹੁੰਦੇ ਨੇ।
ਘਰਾਂ 'ਚ ਕਾਹਦੇ ਡਰ ਹੁੰਦੇ ਨੇ।
ਉੱਤੋਂ ਖ਼ੁਸ਼ੀਆਂ ਵੰਡਦੇ ਹਾਂ ਪਰ,
ਹੌਕੇ ਲੁੱਕ-ਲੁੱਕ ਭਰ ਹੁੰਦੇ ਨੇ।
ਆਪਣਿਆਂ ਦੀ ਓਟ ਦੇ ਸਦਕਾ,
ਜਗ ਦੇ ਤਾਹਨੇ ਜ਼ਰ ਹੁੰਦੇ ਨੇ।
ਹੱਕਾਂ ਲਈ ਲੜਨਾ ਨਹੀਂ ਮਾੜਾ,
ਲੜ ਕੇ ਈ ਸੁਪਨੇ ਸਰ ਹੁੰਦੇ ਨੇ।
ਪਿਆਰ ਦੇ ਬੂਟੇ ਮਹਿਕਣ ਉੱਥੇ,
ਤਿੱਤਲੀ ਜਿਹੇ ਜੋ ਦਰ ਹੁੰਦੇ ਨੇ।
ਮਰਨ ਮਿਟਣ ਦੇ ਜਜ਼ਬੇ ਨਾਲ ਹੀ,
ਸੀਸ ਤਲੀ 'ਤੇ ਧਰ ਹੁੰਦੇ ਨੇ।
'ਪ੍ਰੀਤ' ਜੋ ਪਿਆਰ ਵਫ਼ਾ ਨੂੰ ਪਾਲਣ,
ਬੰਦੇ ਓਹੀ ਨਰ ਹੁੰਦੇ ਨੇ।

# ਕਿਸ ਨੇ ਖੋਹ ਲਿਆ ਨਾਨਕੇ ਜਾਣ ਦਾ ਚਾਅ

ਜੂਨ ਦੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਨਾਨਕੇ ਜਾਣ ਦਾ ਚਾਅ ਇੰਨਾ ਜ਼ਿਆਦਾ ਹੁੰਦਾ ਸੀ ਕਿ ਇਕ ਮਹੀਨੇ ਵਿਚ ਕਰਨ ਵਾਲਾ ਸਕੂਲ ਦਾ ਕੰਮ, ਯਾਨਿ ਕਿ ਜੂਨ ਦੀਆਂ ਛੁੱਟੀਆਂ ਦਾ ਕੰਮ ਇਕ ਹਫ਼ਤੇ ਵਿਚ ਹੀ ਪੂਰਾ ਕਰ ਲਿਆ ਜਾਂਦਾ ਸੀ ਤਾਂ ਕਿ ਨਾਨਕੇ ਜਾ ਕੇ ਪੜ੍ਹਾਈ ਦਾ ਕੋਈ ਫ਼ਿਕਰ ਨਾ ਰਹਿ ਜਾਵੇ। ਬੱਚਿਆਂ ਨੂੰ ਤਾਂ ਖੇਡਣ ਮੱਲਣ ਦਾ ਹੀ ਚਾਅ ਹੁੰਦਾ ਏ ਪੜ੍ਹਨ ਪੜ੍ਹਾਉਣ ਦੀਆਂ ਤਾਂ ਬਾਅਦ ਦੀਆਂ ਗੱਲਾਂ ਹੁੰਦੀਆਂ ਨੇ। ਅੱਜ ਕੱਲ੍ਹ ਜੂਨ ਦੀਆਂ ਛੁੱਟੀਆਂ ਵਿਚ ਨਾਨਕੀ ਜਾਣ ਦੀ ਬਜਾਏ ਠੰਢੀਆਂ ਥਾਵਾਂ 'ਤੇ ਜਾਣੀ ਕਿ ਕੁੱਲੂ, ਮਨਾਲੀ, ਸ਼ਿਮਲੇ ਜਾਂ ਫਿਰ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਨੇ । ਇਹੀ ਮੋਹ ਪਿਆਰ ਘਟਨ ਦੇ ਸਬੂਤ ਨੇ। ਪਿਛਲੇ ਸਮਿਆਂ ਵਿਚ ਭਾਵੇਂ ਟੈਲੀਫੋਨ ਨਹੀਂ ਸੀ ਹੁੰਦੇ ਪਰ ਫਿਰ ਵੀ ਮਾਮੇ ਮਾਸੀਆਂ ਨੂੰ ਆਪਣੇ ਭਾਣਜੇ, ਭਾਣਜੀਆਂ ਦੇ ਆਉਣ ਦੀ ਪੂਰੀ ਉਡੀਕ ਹੁੰਦੀ ਸੀ ਕਿਉਂਕਿ ਜੂਨ ਦੀਆਂ ਛੁੱਟੀਆਂ ਵਿਚ ਹਰ ਇਕ ਨੇ ਆਪਣੇ ਨਾਨਕੇ ਜ਼ਰੂਰ ਆਉਣਾ ਜਾਣਾ ਹੁੰਦਾ ਸੀ ਪਰ ਅੱਜ ਕੱਲ੍ਹ ਇਹ ਸਭ ਚਾਅ ਘਟਦੇ ਜਾ ਰਹੇ ਨੇ। ਅੱਜ ਨਾ ਤਾਂ ਕੋਈ ਪਹਿਲਾਂ ਵਾਂਗੂ ਉਡੀਕ ਕਰਦਾ ਤੇ ਨਾ ਹੀ ਬਹੁਤੀ ਨਾਨਕੇ ਜਾਣ ਨੂੰ ਤਰਜੀਹ ਦੇ ਦਿੰਦਾ ਹੈ ਜਿਵੇਂ ਹਰ ਥਾਂ 'ਤੇ ਬੱਚਿਆਂ ਨੂੰ ਪਿਤਾ ਦੇ ਨਾਂ 'ਤੇ ਜਾਣਿਆ ਜਾਂਦਾ ਹੈ ਪਰ ਨਾਨਕੀ ਜਾ ਕੇ ਬੱਚਿਆਂ ਦੀ ਵੱਖਰੀ ਪਛਾਣ ਹੁੰਦੀ ਹੈ। ਇੱਥੇ ਉਨ੍ਹਾਂ ਨੂੰ ਮਾਵਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਾਨਕਿਓਂ ਆਉਣ ਲੱਗਿਆਂ ਨੂੰ ਨਾਨੀ ਵੱਲੋਂ ਕੱਪੜੇ, ਨਗਦੀ, ਹੋਰ ਖਾਣ ਪੀਣ ਦੇ ਸਮਾਨ ਵਿਚ ਘਰ ਦੇ ਬਣਾਏ ਹੋਏ ਬਿਸਕੁਟ, ਸੇਵੀਆਂ ਆਦਿ ਦਿੱਤੇ ਜਾਂਦੇ ਸਨ। ਜ਼ਿਆਦਾ ਤਰ ਪਹਿਲੇ ਬੱਚੇ ਨੂੰ ਨਾਨਕਿਆ ਵੱਲੋਂ ਹੀ ਪਾਲਿਆ ਜਾਂਦਾ ਸੀ। ਇਸ ਦੇ ਨਾਲ-ਨਾਲ 7 ਜਾਂ 9 ਸਾਲ ਦੀ ਉਮਰ ਵਿਚ ਪੱਗ ਬਣਾਈ ਦੀ ਰਸਮ ਵੀ ਨਾਨਕਿਆਂ ਵੱਲੋਂ ਹੀ ਕੀਤੀ ਜਾਂਦੀ ਸੀ। ਪਹਿਲੇ ਵਿਆਹ ਦੇ ਖ਼ਰਚ ਦਾ ਕੁਝ ਹਿੱਸਾ ਨਾਨਕਿਆਂ ਵੱਲੋਂ ਕੀਤਾ ਜਾਂਦਾ ਸੀ । ਜਿਸ ਨੂੰ ਨਾਨਕੀ ਸ਼ੱਕ ਆਖਦੇ ਸਨ ਪਰ ਅੱਜ ਕੱਲ੍ਹ ਸਾਡੀਆਂ ਲੋੜਾਂ, ਮਜਬੂਰੀਆਂ, ਮਹਿਗਾਈ ਤੇ ਲਾਲਚਾ ਨੇ ਸਾਡੇ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਕੇ ਸਾਡੇ ਪੱਕੇ ਪਵਿੱਤਰ ਰਿਸ਼ਤਿਆਂ ਵਿਚ ਭਾਈਚਾਰਕ ਸਾਂਝ ਵਰਗੇ ਵਰਤਾਰੇ ਤੇ ਪਿਆਰ ਨੂੰ ਜਿਉਂਦਾ ਨਹੀਂ ਰਹਿਣ ਦਿੱਤਾ। ਲੱਗਦਾ ਏ ਹੁਣ ਸਾਡੀ ਆਪ ਮੋਹਾਰੀ ਜ਼ਿੰਦਗੀ ਵਿਚ ਸਾਡੇ ਵਰਤਾਰੇ ਤੇ ਪਿਆਰ ਸਾਥੋਂ ਕੋਹਾਂ ਦੂਰ ਚਲੇ ਗਏ ਹਨ।



• **ਰੇਸ਼ਮ ਸਿੰਘ**, 98151-53111

# ਜੁੱਤੀ ਕਸੂਰੀ ਪੈਰੀਂ ਨਾ ਪੂਰੀ...

**ਜੇ. ਐੱਸ. ਬਲਿਆਲਵੀ**



ਪੰਜਾਬੀ ਜੁੱਤੀ ਦਾ ਗੜ੍ਹ ਰਿਹਾ ਅਣਵੰਡੇ ਪੰਜਾਬ ਵੇਲੇ ਦਾ ਕਸੂਰ ਸ਼ਹਿਰ। ਲੋਕ ਬੋਲੀਆ ਵਿਚ ਇਸ ਦਾ ਜ਼ਿਕਰ ਅਜੇ ਵੀ ਕਾਇਮ ਹੈ। 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੋਰਨਾ ਪਿਆ' ਗੀਤ ਤੁਸੀਂ ਸੁਣਿਆ ਹੀ ਹੋਵੇਗਾ। ਕਿੰਨਾ ਮਿੱਠਾ ਹੈ ਇਹ ਗੀਤ। ਮਨ ਦੇ ਵਲਵਲੇ ਕਿਸ ਤਰ੍ਹਾਂ ਦਰਸਾਏ ਗਏ ਨੇ ਇਸ ਗੀਤ ਵਿਚ। ਜੁੱਤੀ ਨਾਲ ਜੁੜਿਆ ਇਹ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਨੂੰ ਚੰਗਾ ਲੱਗਦਾ ਹੈ। ਭਾਵੇਂ ਜੁੱਤੀ ਦਾ ਰਿਵਾਜ ਪਹਿਲਾ ਦੇ ਮੁਕਾਬਲੇ ਬਹੁਤ ਘੱਟ ਰਿਹੈ ਤੇ ਜੁੱਤੀ ਲੋੜ ਦੀ ਥਾਂ ਫ਼ੈਸ਼ਨ ਦਾ ਹਿੱਸਾ ਬਣਦੀ ਜਾ ਰਹੀ ਹੈ ਪਰ ਕਿਸੇ ਵੇਲੇ ਕਸੂਰ ਸ਼ਹਿਰ ਤੋਂ ਇਲਾਵਾ ਮੁਕਤਸਰ, ਪਟਿਆਲਾ, ਕਪੂਰਥਲਾ ਤੇ ਅੰਮ੍ਰਿਤਸਰ ਦੀ ਬਣੀ ਜੁੱਤੀ ਦੀ ਵੀ ਵਧੇਰੇ ਅਹਿਮੀਅਤ ਹੁੰਦੀ ਸੀ। ਕੋਈ ਵੇਲਾ ਸੀ ਜਦੋਂ ਇੱਥੋਂ ਦੀ ਬਣੀ ਲਾਲ ਸੂਹੇ ਰੰਗ ਦੀ ਕੱਢਵੀ ਜੁੱਤੀ ਦੂਰ-ਦੂਰ ਤਕ ਮਸ਼ਹੂਰ ਸੀ। ਚੀਕੂੰ-ਚੀਕੂੰ ਕਰਦੀ ਉਹ ਜੁੱਤੀ ਦੂਜਿਆ ਉੱਪਰ ਪਹਿਨਣ ਵਾਲੇ ਦੇ ਵਿਅਕਤੀਤਵ ਦਾ ਵੱਖਰਾ ਪ੍ਰਭਾਵ ਛੱਡਦੀ ਸੀ ਤੇ ਸਾਰਿਆਂ ਦਾ ਧਿਆਨ ਆਪਣੇਂ ਵੱਲ ਖਿੱਚਦੀ ਸੀ। ਮਰਦ ਹੀ ਨਹੀਂ ਔਰਤਾਂ ਦੀ ਵੀ ਇਹ ਪਹਿਲੀ ਪਸੰਦ ਵਿਚ ਸ਼ਾਮਲ ਸੀ। ਅੱਜ ਦੇ ਸਮੇਂ ਇਹ ਵਿਰਲੇ ਟਾਵੇਂ ਨੌਜਵਾਨਾਂ ਦੇ ਸ਼ੌਕ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਕਿਉਂਕਿ ਹੁਣ ਦੀ ਨਵੀਂ ਪਨੀਰੀ ਤੋਂ ਲੈ ਕੇ ਕਿਸੇ ਅਧੇੜ੍ਹ ਉਮਰ ਦੇ ਮਰਦ ਤਕ ਕੁੜਤੇ-ਪਜਮੇ ਦੀ ਥਾਂ ਫੈਸ਼ਨ ਮੁਤਾਬਕ ਪੈਂਟ-ਸ਼ਰਟ ਪਉਂਦੇ ਹਨ ਤੇ ਪੈਂਟ-ਸ਼ਰਟ ਨਾਲ ਜੁੱਤੀ ਦਾ ਕੀ ਮੇਲ, ਇਸ ਕਰਕੇ ਵੀ ਸ਼ਾਇਦ ਜੁੱਤੀ ਪਹਿਨਣ ਦਾ ਸ਼ੌਕ ਘੱਟਦਾ ਜਾ ਰਿਹਾ ਹੈ।

ਪਹਿਲੇਂ ਸਮਿਆਂ 'ਚ ਵਿਆਹ-ਸ਼ਾਦੀਆਂ, ਮੇਲਿਆਂ ਜਾਂ ਹੋਰ ਦਿਨਾਂ ਤਿਉਹਾਰਾਂ 'ਤੇ ਜੁੱਤੀ ਨੂੰ ਤੋਹਫ਼ੇ ਵੱਜੋਂ ਘਰ ਲਿਆਂਦਾ ਜਾਂਦਾ ਸੀ। ਇਹ ਮੌਕਿਆਂ 'ਤੇ ਗੱਭਰੂਆਂ ਦੇ ਪੈਰਾਂ ਵਿਚ ਸਜੀ ਕੱਢਵੀ ਜੁੱਤੀ ਇੰਨੀਂ ਜੱਚਦੀ ਹੈ ਕਿ ਦੇਖਣ ਵਾਲੇ ਦੇਖਦੇ ਹੀ ਰਹਿ ਜਾਂਦੇ। ਉਸ ਵੇਲੇ ਦੇ ਕਰੀਗਰ ਸਾਦੀਆਂ, ਵੱਖ-ਵੱਖ ਕਲਾਕਿਰਤੀਆਂ ਵਾਲੀਆਂ ਅਨੇਕਾਂ ਹੀ ਕਿਸਮ ਦੀਆਂ ਜੁੱਤੀਆਂ ਤਿਆਰ ਕਰਦੇ ਰਹੇ ਹਨ। ਪੰਜਾਬੀਆਂ ਵੱਲੋਂ ਜ਼ਿਆਦਾਤਰ ਮੌਜਾ, ਨੋਕ ਵਾਲੀ ਜੁੱਤੀ ਅਤੇ ਉਲਟਵੀ ਨੋਕ ਵਾਲੀ ਜੁੱਤੀ ਪਸੰਦ ਕੀਤੀ ਜਾਂਦੀ ਸੀ। ਤਿੱਲੇਦਾਰ ਜੁੱਤੀ ਦੀ ਮੰਗ ਅੱਜ ਵੀ ਗੱਭਰੂਆਂ ਵੱਲੋਂ ਕੀਤੀ ਜਾਂਦੀ ਹੈ। ਮਲਵਈ ਜੁੱਤੀਆਂ ਮੱਧਵਰਗੀ ਪਰਿਵਾਰਾਂ ਵੱਲੋਂ ਪਸੰਦ ਕੀਤੀਆਂ ਜਾਂਦੀਆਂ ਸਨ। ਇਹ ਜੁੱਤੀਆਂ ਤਿੱਲੇਦਾਰ ਜੁੱਤੀ ਨਾਲੋਂ ਵਧੇਰੇ ਮਜ਼ਬੂਤ ਅਤੇ ਮਹਿੰਗੀਆਂ ਹੁੰਦੀਆਂ ਸਨ। ਰਾਜੇ-ਮਹਾਰਾਜੇ ਜੁੱਤੀਆਂ ਉਪਰ ਕਾਰੀਗਰਾਂ ਪਾਸੋਂ ਤਿੱਲੇ ਦੀ ਥਾਂ ਸੋਨੇਂ ਅਤੇ ਚਾਂਦੀ ਦੀਆਂ ਤਾਰਾਂ ਦੀ ਕੱਢਵਾਈ ਕਰਵਾਉਦੇ ਸਨ। ਇਕ ਜੋੜੀ ਜੁੱਤੀ ਨੂੰ ਤਿਆਰ ਕਰਨ ਵਿਚ ਇਕ ਕਾਰੀਗਰ ਦੇ 30 ਤੋਂ 40 ਦਿਨ ਲੱਗ ਜਾਂਦੇ ਸਨ। ਅੱਜ ਮਹਿੰਗਾਈ ਦੇ ਦੌਰ 'ਚ ਦੇਸੀ ਜੁੱਤੀਆ ਦੀ ਬਹੁਤੀ ਕਦਰ ਨਹੀਂ ਰਹੀ। ਭਾਵੇਂ ਕੁਝ ਲੋਕ ਅੱਜ ਵੀ ਬੂਟਾਂ ਦੇ ਤਸਮੇ ਖੋਲਣ-ਬੰਨ੍ਹਣ ਨਾਲੋਂ ਜੁੱਤੀ ਪਹਿਨਣਾ ਪਸੰਦ ਕਰਦੇ ਹਨ। ਬੀਤੇ ਸਮਿਆਂ 'ਚ ਜੁੱਤੀਆਂ ਤਿਆਰ ਕਰਨ ਵਾਲਿਆ ਦੀਆਂ ਦੁਕਾਨਾਂ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ ਸਨ ਪਰ ਅੱਜ ਉਨ੍ਹਾਂ 'ਤੇ ਇੱਕੜ-ਦੁੱਕੜ ਲੋਕ ਹੀ ਨਜ਼ਰ ਆਉਂਦੇ ਹਨ। •

99886-68608

# ਦੁੱਖ-ਸੁੱਖ ਦੀ ਸਾਂਝ

ਦੁਨੀਆ ਦੀ ਸਭ ਤੋਂ ਪਿਆਰੀ ਜਗ੍ਹਾ ਘਰ ਹੁੰਦੀ ਹੈ। ਘਰ ਵਿਚ ਪਿਆਰੇ ਰਿਸ਼ਤੇ ਤੇ ਇਨ੍ਹਾਂ ਰਿਸ਼ਤਿਆਂ ਵਿਚ ਅਸੀਂ ਆਪਸੀ ਪਿਆਰ ਅਤੇ ਦੁੱਖ-ਸੁੱਖ ਦੀ ਸਾਂਝ ਕਰਕੇ ਜੁੜੇ ਰਹਿੰਦੇ ਹਾਂ। ਘਰ ਵਿਚ ਕਈ ਇਨਸਾਨ ਰਹਿੰਦੇ ਹਨ। ਉਨ੍ਹਾਂ ਵਿੱਚੋਂ ਜੇਕਰ ਕਿਸੇ ਇਕ ਨੂੰ ਤਕਲੀਫ਼ ਹੁੰਦੀ ਸੀ ਤਾਂ ਸਿਸਕਦੇ ਸਾਰੇ ਸਨ। ਅੱਥਰੂ ਹਰ ਇਕ ਦੀ ਅੱਖ ਵਿੱਚੋਂ ਝਲਕਦਾ ਸੀ। ਸ਼ਾਇਦ ਇਹ ਹੀ ਕਾਰਨ ਹੈ ਕਿ ਸਾਡੇ ਪੂਰਵਜ ਆਰੀਅਨ ਲੋਕ ਲੰਮੀ ਉਮਰ ਪਾਉਣ ਤੇ ਇਸ ਘਰ ਦੇ ਨਿੱਘ ਨੂੰ ਮਾਣਨ ਲਈ ਯੱਗ ਤੇ ਬਲੀਆਂ ਕਰਦੇ ਸਨ। ਉਹ ਸੰਸਾਰ ਤੇ ਇਸ ਦੇ ਰਿਸ਼ਤਿਆਂ ਨੂੰ ਮਾਣਨਾ ਚਾਹੁੰਦੇ ਸਨ। ਸ਼ਾਇਦ ਇਸ ਕਰਕੇ ਬਾਅਦ ਵਿਚ ਮਨੁੱਖ ਨੇ ਆਪਣੇ ਪੂਰਵਜਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ ਕਿ ਉਹ ਉਨ੍ਹਾਂ ਨੂੰ ਸੰਸਾਰਿਕ ਸੁੱਖ ਪ੍ਰਦਾਨ ਕਰਨਗੇ ਕਿਉਂਕਿ ਉਨ੍ਹਾਂ ਦੀ ਆਪਣੇ ਪੂਰਵਜਾਂ ਨਾਲ ਖ਼ੂਨ ਦੀ ਸਾਂਝ ਦੇ ਨਾਲ-ਨਾਲ ਦੁੱਖ-ਸੁੱਖ ਦੀ ਸਾਂਝ ਵੀ ਹੈ। ਦੁਨੀਆ ਦੀ ਇਸ ਪਿਆਰੀ ਜਗ੍ਹਾ ਘਰ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਜਿੱਥੇ ਖ਼ੂਨ ਦੇ ਤੌਰ 'ਤੇ ਸਾਡੀ ਸਾਂਝ ਹੈ ਪਰ ਦੁੱਖ-ਸੁੱਖ ਵਿਚ ਅਸੀਂ ਅਲੱਗ ਹਾਂ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਘਰ ਟੁੱਟ ਰਹੇ ਹਨ, ਰਿਸ਼ਤੇ ਤਿੜਕਦੇ ਜਾਂ ਰਹੇ ਹਨ। ਇਕ ਘਰ ਦੇ ਮੈਂਬਰ ਵੀ ਆਪਸ ਵਿਚ ਫੋਨ 'ਤੇ ਮਿਲਦੇ ਹਨ। ਸਾਰੇ ਰਿਸ਼ਤਿਆਂ ਵਿਚ ਕੇਵਲ ਰਸਮੀ ਸਾਂਝ ਤੇ ਅਪਣੱਤ ਰਹਿ ਗਈ ਹੈ। ਅਜੋਕੇ ਸਮੇਂ ਘਰਾਂ ਵਿਚਲੀ ਸਾਂਝ ਤੇ ਪਿਆਰ ਦੀ ਥਾਂ ਈਰਖਾ ਤੇ ਗੁੱਸੇ ਨੇ ਲੈ ਲਈ ਹੈ। ਜੇ ਦੇਖਿਆ ਜਾਵੇ ਤਾਂ ਇਹ ਸਾੜਾ ਕੇਵਲ ਭੈਣ ਭਰਾ ਦੇ ਰਿਸ਼ਤੇ ਵਿਚ ਹੀ ਨਹੀਂ ਸਗੋਂ ਮਾਪਿਆਂ ਤੇ ਬੱਚਿਆਂ ਵਿਚਕਾਰ ਵੀ ਪਾਇਆ ਜਾਂਦਾ ਹੈ। ਪਹਿਲਾਂ ਘਰ ਦਾ ਮੁੱਢ ਇਸ ਦਾ ਸ਼ਿਕਾਰ ਹੁੰਦਾ ਹੈ। ਬੱਚੇ ਉਨ੍ਹਾਂ ਨੂੰ ਦੇਖ ਕੇ ਉਹੋ ਜਿਹਾ ਰੂਪ ਗ੍ਰਹਿਣ ਕਰਦੇ ਹਨ। ਤਿੜਕੇ ਰਿਸ਼ਤਿਆਂ ਵਾਲੇ ਘਰਾਂ ਵਿਚ ਪੈਦਾ ਹੋਏ ਬੱਚਿਆਂ ਲਈ ਇਨ੍ਹਾਂ ਤ੍ਰੇੜਾਂ ਨੂੰ ਭਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਉਹ ਸ਼ੁਰੂ ਤੋਂ ਇਕੱਲੇ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ ਫਿਰ ਉਹ ਕਿਸ ਤਰੀਕੇ ਨਾਲ ਆਪਣੀ ਸਾਂਝ ਸਥਾਪਿਤ ਕਰਨ। ਸ਼ਾਇਦ ਇਸ ਕਰਕੇ ਸੰਯੁਕਤ ਪਰਿਵਾਰ ਖ਼ਤਮ ਹੋ ਰਹੇ ਹਨ ਅਤੇ ਇਥੋਂ ਤੱਕ ਕਿ ਮਾਪੇ ਤੇ ਬੱਚੇ ਵੀ ਅਲੱਗ ਰਹਿ ਰਹੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਇਸ ਸਾਂਝ ਨੂੰ ਤੋੜਣ ਲਈ ਕੌਣ ਜ਼ਿੰਮੇਵਾਰ ਹੈ, ਸਮਾਜ, ਮਾਪੇ ਜਾ ਬੱਚੇ। ਅਕਸਰ ਸਮਾਜ ਤੇ ਬੱਚਿਆਂ ਨੂੰ ਇਸ ਦੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਪਰ ਕੀ ਕਦੇ ਅਸੀਂ ਇਹ ਸੋਚਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮਾਜ ਸਾਡੇ ਨਾਲ ਬਣਦਾ ਹੈ ਤੇ ਬੱਚਿਆਂ ਦੀ ਪਰਵਰਿਸ਼ ਵੀ ਅਸੀਂ ਕਰਦੇ ਹਾਂ ਫਿਰ ਇਸ ਸਭ ਲਈ ਜ਼ਿੰਮੇਵਾਰ ਕੌਣ? ਜੇਕਰ ਅਸੀਂ ਵੀ ਆਪਣੇ ਪੂਰਵਜਾਂ ਦੀ ਤਰ੍ਹਾਂ ਘਰ ਦੇ ਪਿਆਰ ਤੇ ਸਾਂਝ ਨੂੰ ਮਾਣਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਪਹਿਲਾਂ ਅਸੀਂ ਆਪਣੇ ਬਜ਼ੁਰਗਾਂ ਨਾਲ ਸਾਂਝ ਪਾਈਏ ਜਿਸ ਨਾਲ ਸਾਡੇ ਬੱਚਿਆਂ ਦੀ ਸੋਚ ਬਦਲੇਗੀ ਤੇ ਫਿਰ ਸਮਾਜ। ਇਸ ਤਰ੍ਹਾਂ ਸਾਂਝੇ ਘਰਾਂ ਵੱਲ ਆਪਣੇ ਕਦਮ ਵਧਾਈਏ ਤੇ ਫਿਰ ਤੋਂ ਘਰ ਦੀ ਨਿੱਘ ਨੂੰ ਮਾਣੀਏ।

• **ਰੁਪਿੰਦਰ ਕੌਰ ਕੰਗ**
94175-60707

# ਪੰਜਾਬੀ ਸੱਭਿਆਚਾਰ ਦੀਆਂ ਨਿਸ਼ਾਨੀਆਂ

ਪੰਜਾਬ ਦੀ ਅਮੀਰ ਸੱਭਿਅਤਾ ਦੀਆਂ ਅਨੇਕਾਂ ਵਰਤੋਂ ਵਾਲੀਆਂ ਨਿਸ਼ਾਨੀਆਂ ਲੋਪ ਹੁੰਦੀਆਂ ਜਾ ਰਹੀਆਂ ਹਨ। ਲੋਕ ਸਾਰੰਗੀਆਂ, ਅਲਗੋਜ਼ੇ, ਅਖਾੜੇ, ਝੂਮਰ, ਸੰਮੀ, ਫੁਲਕਾਰੀਆਂ, ਚਰਖੇ, ਪੱਖੀਆਂ, ਖੂਹ, ਲੋਕ ਗੀਤ, ਪਹਿਰਾਵਾ ਆਦਿ ਨਾਲੋਂ ਅਜੋਕਾ ਪੰਜਾਬੀ ਵੱਖ ਹੁੰਦਾ ਜਾ ਰਿਹਾ ਹੈ। ਅਸੀਂ ਦਿਨੋ-ਦਿਨ ਕੰਮਾਂ ਵਿਚ ਰੁੱਝੇ ਹੋਣ ਕਰਕੇ ਸੱਭਿਆਚਾਰ ਨੂੰ ਭੁੱਲ ਰਹੇ ਹਾਂ। ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ ਬਰਗਰ, ਨੂਡਲਸ, ਪੀਜੇ ਵਰਗੀਆਂ ਚੀਜਾਂ ਖਾ ਕੇ ਬਿਮਾਰੀ ਨੂੰ ਸੱਦਾ ਦੇ ਰਹੀ ਹੈ। ਘਰੇਲੂ ਖਾਣੇ ਦੀ ਮਹੱਤਤਾ ਇਨ੍ਹਾਂ ਨੂੰ ਪਤਾ ਨਹੀਂ। ਗੱਲ ਕਰੀਏ ਫੁਲਕਾਰੀ, ਖੂਹ,ਟਿੰਡਾਂ, ਪਿੱਤਲ ਦੇ ਭਾਂਡੇ, ਦਰੀਆਂ, ਖੇਸ ਤੇ ਪੱਖੀਆਂ ਆਦਿ ਦੀ ਤਾਂ ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਦੇ ਨਾਂ ਤਕ ਨਹੀਂ ਪਤਾ। ਮਨੁੱਖੀ ਜੀਵਨ ਵਿਚ ਤਕਨੀਕੀ ਵਿਕਾਸ ਨੇ ਜਿੱਥੇ ਇਕ ਪਾਸੇ ਜੀਵਨ ਸੌਖਾ ਕੀਤਾ ਹੈ ਉੱਥੇ ਹੀ ਕੁਦਰਤ ਤੋਂ ਮਨੁੱਖ ਦੀ ਦੂਰੀ ਵੀ ਵਧਾਈ ਹੈ। ਨਵੀਂ ਤਕਨਾਲੋਜੀ ਦੇ ਆਉਣ ਨਾਲ ਪੱਖੀ ਸਾਡੇ ਜੀਵਨ ਵਿੱਚੋਂ ਲਗਪਗ ਲੋਪ ਹੋ ਗਈ ਹੈ। ਡਿਨਰ ਸੈੱਟ 'ਤੇ ਵਧੀਆ ਭਾਂਡਿਆਂ ਦੀ ਵਰਤੋਂ ਘਰ ਵਿਚ ਹੋਣ ਨਾਲ ਪਿੱਤਲ ਦੇ ਭਾਂਡਿਆਂ ਨੂੰ ਕੋਈ ਨਹੀਂ ਪੁੱਛਦਾ। ਸਰਦੀਆਂ ਵਿਚ ਕਮਰਿਆਂ ਵਿਚ ਹੀਟਰ ਹੋਣਗੇ, ਗਰਮ ਕੰਬਲ ਹੋਣਗੇ ਤੇ ਖੇਸਾਂ ਦੀ ਪਛਾਣ ਕਿੱਥੋਂ ਹੋਵੇਗੀ? ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਤੋਂ ਇਲਾਵਾ ਕਣਕ ਦੇ ਸਿੱਟਿਆਂ ਤਕ ਦਾ ਪਤਾ ਨਹੀਂ ਹੈ।ਹੁਣ ਗੱਲ ਕਰੀਏ ਮਾਂ-ਬੋਲੀ ਦੀ, ਲੋਕ ਆਪਣੀ ਮਾਂ-ਬੋਲੀ ਨੂੰ ਦਿਨੋ-ਦਿਨ ਵਿਸਾਰਦੇ ਜਾ ਰਹੇ ਹਨ। ਬੱਚੇ ਤੇ ਨੌਜਵਾਨ ਸਭ ਘਰੋਂ ਬਾਹਰ ਜਾ ਕੇ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸ ਕਰਦੇ ਹਨ। ਮਾਤਾ-ਪਿਤਾ ਵੀ ਦੇਖੋ-ਦੇਖੀ ਸਮਾਜਿਕ ਪ੍ਰਭਾਵ ਅਧੀਨ ਆਪਣੇ ਬੱਚਿਆਂ ਨੂੰ ਅੰਗਰੇਜ਼ੀ, ਹਿੰਦੀ ਬੋਲਣ ਲਈ ਪ੍ਰੇਰਿਤ ਕਰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜੀ ਰੱਖਣ ਤਾਂ ਹੀ ਬੱਚਿਆਂ ਵਿਚ ਮਾਂ-ਬੋਲੀ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ। ਮਾਂ-ਬੋਲੀ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿਚ ਵੀ ਤਬਦੀਲੀ ਆ ਰਹੀ ਹੈ। ਅਜੋਕੇ ਸਮੇਂ ਬੱਚਿਆਂ, ਨੌਜਵਾਨਾਂਨੂੰ ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਪੁਰਾਤਨ ਯੁੱਗ ਦੇ ਪਹਿਰਾਵੇ ਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਢੇਰ ਸਾਰਾ ਅੰਤਰ ਆ ਗਿਆ ਹੈ। ਪਹਿਲਾਂ ਸਲਵਾਰ-ਕਮੀਜ਼ ਤੇ ਧੋਤੀ-ਕੁੜ੍ਹਤੇ, ਪੈਂਟ-ਕਮੀਜ਼ ਦਾ ਰਿਵਾਜ ਸੀ ਨੌਜਵਾਨ ਪੀੜ੍ਹੀ ਦਾ ਪਹਿਰਾਵਾ ਵੱਖਰੀ ਕਿਸਮ ਦਾ ਹੈ। ਉਨ੍ਹਾਂ ਲਈ ਪਹਿਰਾਵਾ ਇਕ ਹੁਨਰ ਬਣ ਗਿਆ ਹੈ। ਅਜਿਹੇ ਮਾਹੌਲ ਵਿਚ ਉਹ ਸੱਭਿਆਚਾਰ ਤੇ ਪੰਜਾਬੀ ਪਹਿਰਾਵੇ ਬਾਰੇ ਕਿੱਥੋਂ ਜਾਣੂ ਹੋਣਗੇ? ਹੁਣ ਕੋਈ ਵੀ ਪਰਿਵਾਰ ਬਜ਼ੁਰਗਾਂ ਦੀ ਗੱਲ ਨੂੰ ਨਹੀਂ ਸਹਾਰਦਾ। ਉਨ੍ਹਾਂ ਨੂੰ ਪਹਿਲਾ ਵਰਗਾ ਸਤਿਕਾਰ ਨਹੀਂ ਦਿੱਤਾ ਜਾਂਦਾ।

ਅਜੋਕੇ ਸਮੇਂ ਵਿਚ ਲੋੜ ਹੈ ਜਾਗਰੂਕਤਾ ਦੀ ਕਿਉਂਕਿ ਆਧੁਨਿਕ ਤਬਦੀਲੀ ਨੇ ਸਾਡੇ ਸੱਭਿਆਚਾਰ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ। ਸੰਸਾਰ ਭਰ ਦੇ ਵਿਦਵਾਨ ਮੰਨਦੇ ਹਨ ਕਿ ਬੱਚੇ ਦੀ ਸ਼ਖ਼ਸੀਅਤ ਦਾ ਤਾਂ ਹੀ ਸਹੀ ਵਿਕਾਸ ਹੋਵੇਗਾ, ਜੇ ਉਨ੍ਹਾਂ ਦੀ ਮੁੱਢਲੀ ਸਿੱਖਿਆ ਮਾਂ-ਬੋਲੀ ਵਿਚ ਹੋਵੇਗੀ। ਜੇ ਇਸੇ ਤਰ੍ਹਾਂ ਅਸੀਂ ਸੱਭਿਆਚਾਰ ਨੂੰ ਵਿਸਾਰਦੇ ਗਏ ਤਾਂ ਇਕ ਦਿਨ ਅਸੀਂ ਸੱਭਿਆਚਾਰ ਪੱਛਮੀ ਪ੍ਰਭਾਵ ਹੇਠ ਗੁਆ ਕੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਵਾਂਗੇ। ਤਰੱਕੀ ਹਰ ਸਮਾਜ ਲਈ ਜ਼ਰੂਰੀ ਹੈ ਪਰ ਸਾਨੂੰ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਕੋਈ ਦਰਖ਼ਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।



• **ਸੰਦੀਪ ਕੌਰ ਹਿਮਾਂਯੂੰਪੁਰਾ**
97816-60021

# ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾਵੇ : ਵਧੀਕ ਡਿਪਟੀ ਕਮਿਸ਼ਨਰ

**ਜਲੰਧਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਨੇ ਅੱਜ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਟ੍ਰੈਫਿਕ ਪੁਲਿਸ ਅਤੇ ਟਰਾਂਸਪੋਰਟ ਵਿਭਾਗ ਨੂੰ ਹਦਾਇਤ ਕੀਤੀ ਕਿ ਸੜਕੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਅੰਡਰ ਏਜ ਡਰਾਈਵਿੰਗ, ਓਵਰਲੋਡਿੰਗ, ਓਵਰ ਹਾਈਟ ਵਾਹਨਾਂ ਅਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖਿਲਾਫ਼ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਆਮ ਲੋਕਾਂ ਵਿੱਚ ਟ੍ਰੈਫਿਕ ਨਿਯਮਾਂ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਪਬਲਿਕ ਟਰਾਂਸਪੋਰਟ ਖਾਸ ਕਰ ਆਟੋ ਰਿਕਸ਼ਿਆਂ 'ਚ ਓਵਰਲੋਡਿੰਗ ਨੂੰ ਰੋਕਣ ਲਈ ਵਿਸ਼ੇਸ਼ ਤਵਜੋਂ ਦੇਣ ਦੇ ਨਿਰਦੇਸ਼ ਦਿੰਦਿਆਂ ਸੜਕ ਹਾਦਸਿਆਂ ਨੂੰ ਘਟਾਉਣ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਕਿਹਾ। ਬਲੈਕ ਸਪਾਟਸ ਨੂੰ ਠੀਕ ਕਰਨ ਲਈ ਕੀਤੀ ਜਾ ਰਹੀ ਕਾਰਵਾਈ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਐਸ.ਡੀ.ਐਮਜ਼ ਨੂੰ ਪੁਲਿਸ ਵਿਭਾਗ ਅਤੇ ਸਬੰਧਤ ਰੋਡ ਏਜੰਸੀ ਨਾਲ ਸਾਂਝੇ ਤੌਰ 'ਤੇ ਮੌਕੇ ਦਾ ਮੁਆਇਨਾ ਕਰਨ ਲਈ ਕਿਹਾ।

ਮੀਟਿੰਗ ਦੌਰਾਨ ਉਨ੍ਹਾਂ ਨਗਰ ਨਿਗਮ ਜਲੰਧਰ, ਪੀ.ਡਬਲਯੂ.ਡੀ. ਤੇ ਮੰਡੀਬੋਰਡ ਨੂੰ ਨਿਰਦੇਸ਼ ਦਿੱਤੇ ਕਿ ਸੜਕ 'ਤੇ ਪੈਦਲ ਚੱਲਣ ਵਾਲੇ ਯਾਤਰੀਆਂ ਦੀ ਸੁਰੱਖਿਆ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੀਤੇ ਜਾ ਸਕਣ ਵਾਲੇ ਕਾਰਜਾਂ ਸਬੰਧੀ ਵਿਸਥਾਰਤ ਯੋਜਨਾ ਤਿਆਰ ਕਰਕੇ ਪੇਸ਼ ਕੀਤੀ ਜਾਵੇ ਤਾਂ ਜੋ ਉਸ 'ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਮੀਟਿੰਗ ਦੌਰਾਨ ਉਨ੍ਹਾਂ ਸੜਕਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ, ਸੜਕ ਕੰਢੇ ਝਾੜੀਆਂ ਆਦਿ ਦੀ ਕਟਾਈ, ਟੁੱਟੀਆਂ ਸੜਕਾਂ ਦੀ ਮੁਰੰਮਤ, ਹਿੱਟ ਐਂਡ ਰਨ ਦੇ ਸਾਰੇ ਮਾਮਲਿਆਂ ਵਿੱਚ ਐਫ.ਆਈ.ਆਰ. ਦਰਜ ਕਰਨ ਦੀ ਹਦਾਇਤ ਕੀਤੀ। ਇਸ ਤੋਂ ਇਲਾਵਾ ਸੇਫ ਸਕੂਲ ਵਾਹਨ ਪਾਲਿਸੀ ਦਾ ਜਾਇਜ਼ਾ ਲੈਂਦਿਆਂ ਇਸ ਨੂੰ ਇੰਨ-ਬਿੰਨ ਲਾਗੂ ਕਰਨ 'ਤੇ ਜ਼ੋਰ ਦਿੱਤਾ।

ਮੀਟਿੰਗ ਦੌਰਾਨ ਟ੍ਰੈਫਿਕ ਲਾਈਟਾਂ, ਸਪੀਡ ਬ੍ਰੇਕਰ ਆਦਿ ਸਬੰਧੀ ਵੀ ਵਿਚਾਰ-ਚਰਚਾ ਕੀਤੀ ਗਈ ਅਤੇ ਸੜਕ ਹਾਦਸਿਆਂ ਲਈ ਜ਼ਿੰਮੇਵਾਰ ਕਾਰਨਾਂ ਨੂੰ ਦੂਰ ਕਰਨ ਅਤੇ ਸੜਕ ਸੁਰੱਖਿਆ ਯਕੀਨੀ ਬਣਾਉਣ ਲਈ ਕੀਤੇ ਜਾ ਸਕਣ ਵਾਲੇ ਉਪਰਾਲਿਆਂ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ।

ਮੀਟਿੰਗ ਵਿੱਚ ਸਕੱਤਰ, ਆਰ.ਟੀ.ਏ. ਬਲਜਿੰਦਰ ਸਿੰਘ ਢਿੱਲੋਂ, ਏ.ਟੀ.ਓ. ਵਿਸ਼ਾਲ ਗੋਇਲ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀ ਅਤੇ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜ਼ਮ ਯੂਨੀਅਨਾਂ ਨਾਲ ਉੱਚ ਪੱਧਰੀ ਮੀਟਿੰਗਾਂ ਦੀ ਕੀਤੀ ਪ੍ਰਧਾਨਗੀ, ਲੰਬਿਤ ਮਸਲਿਆਂ ਦੇ ਜਲਦੀ ਹੱਲ ਦੇ ਦਿੱਤੇ ਨਿਰਦੇਸ਼

**➢ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ, ਜਾਇਜ਼ ਮੰਗਾਂ ਦਾ ਜਲਦੀ ਕੀਤਾ ਜਾਵੇਗਾ ਨਿਪਟਾਰਾ ➢ ਕੈਬਨਿਟ ਸਬ-ਕਮੇਟੀ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਸਰਗਰਮੀ ਨਾਲ ਕਰ ਰਹੀ ਹੈ ਕੰਮ: ਚੀਮਾ**

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ ਕਿ ਸੂਬੇ ਦੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਅੱਜ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਜਾਇਜ਼ ਮੰਗਾਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਉਣ ਲਈ ਉੱਚ ਪੱਧਰੀ ਮੀਟਿੰਗਾਂ ਦੀ ਲੜੀ ਦੀ ਪ੍ਰਧਾਨਗੀ ਕੀਤੀ।

ਹਰੇਕ ਵਫ਼ਦ ਵੱਲੋਂ ਉਠਾਈਆਂ ਗਈਆਂ ਵਿਸ਼ੇਸ਼ ਮੰਗਾਂ ਅਤੇ ਮੁੱਦਿਆਂ ਦੀ ਸਮੀਖਿਆ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਪ੍ਰਬੰਧਕੀ ਮੁਖੀਆਂ ਨੂੰ ਮੌਕੇ 'ਤੇ ਹੀ ਨਿਰਦੇਸ਼ ਜਾਰੀ ਕਰਦਿਆਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦੀ ਬਾਰੀਕੀ ਨਾਲ ਪੜਤਾਲ ਕਰਨ ਅਤੇ ਜਲਦੀ ਤੋਂ ਜਲਦੀ ਇਨ੍ਹਾਂ ਦਾ ਹੱਲ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਕੈਬਨਿਟ ਸਬ-ਕਮੇਟੀ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ, ਕੈਬਨਿਟ ਸਬ-ਕਮੇਟੀ ਸੂਬੇ ਦੇ ਸਾਰੇ ਕੇਡਰਾਂ ਦੇ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਇੱਕ ਸਹਿਯੋਗੀ ਮਾਹੌਲ ਸਿਰਜਣ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਇਨ੍ਹਾਂ ਵਿਚਾਰ-ਵਟਾਂਦਰਿਆਂ ਦੌਰਾਨ ਵਿੱਤ ਮੰਤਰੀ ਨੇ ਪੰਜਾਬ ਸਟੇਟ ਮਿਨਿਸਟਰੀਅਲ ਸਰਵਿਸਿਜ਼ ਯੂਨੀਅਨ, ਬਾਜ਼ੀਗਰ ਵਣਜਾਰਾ ਸਮਾਜ ਸੰਘਰਸ਼ ਕਮੇਟੀ, ਕੰਪਿਊਟਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਵਿਸਥਾਰਪੂਰਵਕ ਚਰਚਾ ਕੀਤੀ। ਪੰਜਾਬ ਸਟੇਟ ਮਿਨਿਸਟਰੀਅਲ ਸਰਵਿਸਿਜ਼ ਯੂਨੀਅਨ ਨੇ ਇੱਕ ਵਿਸਥਾਰਤ ਮੰਗ ਪੱਤਰ ਸੌਂਪਿਆ, ਜਿਸ ਵਿੱਚ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਦਰਪੇਸ਼ ਸਾਂਝੇ ਮਸਲਿਆਂ ਨੂੰ ਉਜਾਗਰ ਕੀਤਾ ਗਿਆ। ਆਮ ਮੁਲਾਜ਼ਮ ਭਲਾਈ ਦੇ ਮਾਮਲਿਆਂ ਤੋਂ ਇਲਾਵਾ, ਯੂਨੀਅਨ ਨੇ ਵੱਖ-ਵੱਖ ਖੇਤਰਾਂ ਵਿੱਚ ਤਾਇਨਾਤ ਮਿਨਿਸਟਰੀਅਲ ਸਟਾਫ਼ ਨਾਲ ਸਬੰਧਤ ਵਿਸ਼ੇਸ਼ ਚਿੰਤਾਵਾਂ ਨੂੰ ਸਾਹਮਣੇ ਲਿਆਂਦਾ, ਜਿਨ੍ਹਾਂ ਵਿੱਚ ਜ਼ਿਲ੍ਹਾ ਪ੍ਰਬੰਧਕੀ ਦਫ਼ਤਰ, ਸਿੱਖਿਆ ਵਿਭਾਗ, ਸਹਿਕਾਰਤਾ ਵਿਭਾਗ, ਆਬਕਾਰੀ ਵਿਭਾਗ, ਵਿੱਤ ਵਿਭਾਗ, ਆਈ.ਟੀ.ਆਈਜ਼, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਭੂਮੀ ਅਤੇ ਜਲ ਸੰਭਾਲ ਵਿਭਾਗ ਅਤੇ ਕਮਿਸ਼ਨਰ ਦਫ਼ਤਰਾਂ ਦੇ ਮੁਲਾਜ਼ਮਾਂ ਦੇ ਮੁੱਦੇ ਸ਼ਾਮਲ ਸਨ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਇਨਲਿਸਟਮੈਂਟ/ ਆਊਟਸੋਰਸ ਵਰਕਰਾਂ ਦਾ ਮੋਰਚਾ 8ਵੇਂ ਦਿਨ ਵਿੱਚ ਹੋਇਆ ਦਾਖਲ

**ਪਟਿਆਲਾ, 7 ਜੂਨ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**



ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਜਲ ਸਪਲਾਈ ਵਿਭਾਗ 'ਚ ਠੇਕਾ ਪ੍ਰਣਾਲੀ ਦੀ ਚੱਕੀ ਵਿਚ ਪੀਸ ਰਹੇ ਇਨਲਿਸਟਮੈਂਟ /ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਕੰਟਰੈਕਟ ਅਧੀਨ ਮਰਜ ਕਰਕੇ ਈ.ਪੀ.ਐਫ. ਅਤੇ ਈ.ਐਸ.ਆਈ.ਸੀ. ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਸੀ ਅਧੀਨ 'ਪੱਕੇ ਰੁਜਗਾਰ' ਦਾ ਪ੍ਰਬੰਧ ਕਰਨ ਦੀ ਮੰਗ ਲਈ ਪਟਿਆਲਾ ਵਿਖੇ ਵਿਭਾਗ ਦੇ ਹੈਡ ਆਫਿਸ ਦਾ ਘੇਰਾਓ ਕਰਕੇ ਲਗਾਤਾਰ ਚੱਲ ਰਿਹਾ ਮੋਰਚਾ ਅਤੇ ਧਰਨਾ ਲਗਾਤਾਰ ਜਾਰੀ ਹੈ, ਜੋ ਅੱਜ 8ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਅੱਜ ਦੇ ਧਰਨੇ ਦੀ ਅਗੁਵਾਈ ਸੂਬਾ, ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਆਗੂ ਪ੍ਰਦੂਮਣ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਊਟੋਸਰਸ ਠੇਕਾ ਮੁਲਾਜਮਾਂ ਨੂੰ ਪੱਕੇ ਕਰਨ ਲਈ ਨਵਾਂ ਕਾਨੂੰਨ ਲਿਆਉਣ ਲਈ ਬੀਤੇ ਦਿਨੀਂ 30 ਮਈ ਨੂੰ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ, ਇਸ ਕਾਨੂੰਨ ਵਿੱਚ ਇਨਲਿਸਟਮੈਂਟ ਵਰਕਰ ਜੋਕਿ ਜਲ ਸਪਲਾਈ ਵਿਭਾਗ ਵਿੱਚ ਸੇਵਾਵਾਂ ਦੇ ਰਹੇ ਹਨ, ਇਨ੍ਹਾਂ ਇਨਲਿਸਟਮੈਂਟ ਵਰਕਰਾਂ ਦਾ ਵੀ ਇਸ ਪਾਲਸੀ ਅਧੀਨ ਪੱਕੇ ਰੁਜਗਾਰ ਦਾ ਪ੍ਰਬੰਧ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ 7 ਜੂਨ 2026 ਨੂੰ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੀ ਮੀਟਿੰਗ ਚੰਡੀਗੜ੍ਹ ਵਿਖੇ ਹੋਵੇਗੀ, ਜਿਸ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪੇਂਡੂ ਜਲ ਸਪਲਾਈ ਸਕੀਮਾਂ ਫੀਲਡ ਅਤੇ ਦਫਤਰਾਂ ਵਿੱਚ ਸਾਲਾਬੰਧੀ ਅਰਸ਼ੇ ਤੋਂ ਲਗਾਤਾਰ ਇਨਲਿਸਟਮੈਂਟ ਵਰਕਰ ਸੇਵਾਵਾਂ ਦੇ ਰਹੇ ਹਨ, ਇਨ੍ਹਾਂ ਕਾਮਿਆਂ ਨੂੰ ਵੀ ਸਬੰਧਤ ਵਿਭਾਗ 'ਚ ਕੰਟਰੈਕਟ ਅਧੀਨ ਸ਼ਾਮਲ ਕਰਕੇ ਈ.ਪੀ.ਐਫ. ਅਤੇ ਈ.ਐਸ.ਆਈ.ਸੀ. ਸਹੂਲਤਾਂ ਅਧੀਨ ਪੱਕਾ ਰੁਜਗਾਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਰਿਟਾਇਰਮੈਂਟ ਉਪਰੰਤ ਇਨਲਿਸਟਮੈਂਟ/ ਆਊਟਸੋਰਸ ਠੇਕਾ ਮੁਲਾਜ਼ਮਾਂ ਲਈ ਪੈਨਸ਼ਨ ਅਤੇ ਗਰੈਚੁਟੀ ਦੇ ਲਾਭ ਦੀ ਅਦਾਇਗੀ ਕੀਤੀ ਜਾਵੇ। 50 ਲੱਖ ਰੁਪਏ ਦੀ ਅਦਾਇਗੀ ਦੇ ਨਾਲ ਨਾਲ ਪਰਿਵਾਰ ਦੇ ਇੱਕ ਜੀਅ ਲਈ ਨੌਕਰੀ ਦਾ ਪ੍ਰਬੰਧ ਕੀਤਾ ਜਾਵੇ।

# ਰਾਸ਼ਨ ਸਬਸਿਡੀ ਜਾਰੀ ਰੱਖਣ ਹਿਤ ਨਾਗਰਿਕਾਂ ਨੂੰ ਮੋਬਾਈਲ ਐਪ ਪ੍ਰਕਿਰਿਆ ਪੂਰੀ ਕਰਨ ਦੀ ਬੇਨਤੀ ਕੀਤੀ ਗਈ



**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਰੇ ਰਾਸ਼ਨ ਕਾਰਡ ਧਾਰਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਸਰਕਾਰ ਦੁਆਰਾ ਹੁਣ ਰਾਸ਼ਨ ਸਬਸਿਡੀ ਦੀ ਰਕਮ ਸਿੱਧੇ ਲਾਭਾਰਥੀਆਂ ਦੇ ਬੈਂਕ ਖਾਤਿਆਂ ਵਿੱਚ ਭੇਜਣ ਦੀ ਬਜਾਏ ਮੋਬਾਈਲ ਐਪਲੀਕੇਸ਼ਨ ਦੇ ਜ਼ਰੀਏ ਪ੍ਰਦਾਨ ਕੀਤੀ ਜਾਵੇਗੀ। ਇਸ ਪ੍ਰਕਿਰਿਆ ਨੂੰ ਪੂਰਾ ਕਰਵਾਉਣ ਹਿਤ 03.06.2026 ਤੋਂ ਰੋਜ਼ਾਨਾ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਵਿਕਾਸ ਨਗਰ (ਮੌਲੀ ਜੱਗਰਾਂ), ਮਲੋਆ, ਸੈਕਟਰ 25, ਰਾਮਲੀਲਾ ਗਰਾਊਂਡ ਬੁੜੈਲ, ਕਜਹੇੜੀ, ਹੱਲੋ ਮਾਜਰਾ, ਖੁੱਡਾ ਅਲੀ ਸ਼ੇਰ, ਸੈਕਟਰ 32, 40, 41, 42, 56 ਅਤੇ ਮਨੀ ਮਾਜਰਾ (ਆਰਆਈਐੱਮਟੀ ਸਕੂਲ ਦੇ ਨੇੜੇ) ਸਥਿਤ ਕਮਿਊਨਿਟੀ ਸੈਂਟਰਾਂ ਵਿੱਚ ਇਹ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ।

ਜਿਨ੍ਹਾਂ ਲਾਭਾਰਥੀਆਂ ਨੇ ਰਾਸ਼ਨ ਸਬਸਿਡੀ ਆਪਣੇ ਮੋਬਾਈਲ ਫੋਨਾਂ 'ਤੇ ਪ੍ਰਾਪਤ ਕਰਨ ਹਿਤ ਆਪਣੀ ਜਾਣਕਾਰੀ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤੀ ਹੈ, ਲੇਕਿਨ ਅਜੇ ਤੱਕ ਆਪਣੇ ਮੋਬਾਈਲ ਫੋਨ 'ਤੇ ਐਪਲੀਕੇਸ਼ਨ ਡਾਊਨਲੋਡ ਨਹੀਂ ਕੀਤੀ ਹੈ, ਉਹ ਆਪਣੇ ਆਧਾਰ ਕਾਰਡ ਅਤੇ ਆਧਾਰ ਨਾਲ ਲਿੰਕ ਮੋਬਾਈਲ ਫੋਨ ਨਾਲ ਕੈਂਪ ਵਿੱਚ ਪਹੁੰਚ ਕੇ ਪ੍ਰਕਿਰਿਆ ਪੂਰੀ ਕਰਨ।

ਜਿਨ੍ਹਾਂ ਲਾਭਾਰਥੀਆਂ ਨੇ ਅਜੇ ਤੱਕ ਆਪਣੀ ਜਾਣਕਾਰੀ ਜਮ੍ਹਾਂ ਨਹੀਂ ਕਰਵਾਈ ਹੈ, ਉਹ ਵੀ ਆਪਣੇ ਆਧਾਰ ਕਾਰਡ ਅਤੇ ਆਧਾਰ ਨਾਲ ਲਿੰਕ ਮੋਬਾਈਲ ਫੋਨ ਨਾਲ ਕੈਂਪ ਵਿੱਚ ਪਹੁੰਚ ਕੇ ਜ਼ਰੂਰੀ ਰਸਮੀ ਕਾਰਵਾਈ ਪੂਰੀ ਕਰਨ।

ਚੰਡੀਗੜ੍ਹ ਵਿੱਚ ਹੁਣ ਤੱਕ 22,000 ਤੋਂ ਅਧਿਕ ਰਾਸ਼ਨ ਕਾਰਡ ਧਾਰਕ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਕਰ ਚੁੱਕੇ ਹਨ ਅਤੇ 25,000 ਤੋਂ ਅਧਿਕ ਲਾਭਾਰਥੀ ਆਪਣੀ ਜਾਣਕਾਰੀ ਜਮ੍ਹਾਂ ਕਰਵਾ ਚੁੱਕੇ ਹਨ। ਹਾਲਾਂਕਿ, ਲਗਭਗ 30,000 ਲਾਭਾਰਥੀ, ਵਿਸ਼ੇਸ਼ ਕਰਕੇ ਮਲੋਆ, ਮੌਲੀ ਜੱਗਰਾਂ, ਮਨੀ ਮਾਜਰਾ, ਸੈਕਟਰ 25, ਬੁੜੈਲ, ਸੈਕਟਰ 55 ਅਤੇ 56, ਹੱਲੋ ਮਾਜਰਾ ਅਤੇ ਪਲਸੌਰਾ ਖੇਤਰਾਂ ਦੇ ਨਿਵਾਸੀ, ਅਜੇ ਤੱਕ ਇਹ ਪ੍ਰਕਿਰਿਆ ਪੂਰੀ ਨਹੀਂ ਸਕੇ ਹਨ।

ਸਾਰੇ ਰਾਸ਼ਨ ਕਾਰਡ ਧਾਰਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਾਸ਼ਨ ਸਬਸਿਡੀ ਪ੍ਰਾਪਤ ਕਰਨ ਲਈ ਮੋਬਾਈਲ ਐਪਲੀਕੇਸ਼ਨ ਡਾਊਨਲੋਡ ਅਤੇ ਐਕਟੀਵੇਟ ਕਰਨਾ ਜ਼ਰੂਰੀ ਹੈ।

# ਯੂਟੀ ਚੰਡੀਗੜ੍ਹ ਦੇ ਮੁੱਖ ਸਕੱਤਰ ਨੇ ਅਕਾਦਮਿਕ ਸੈਸ਼ਨ 2026-27 ਲਈ ਜੀਜੀਡੀਐੱਸਡੀ ਕਾਲਜ ਦਾ ਪ੍ਰਾਸਪੈਕਟਸ ਲਾਂਚ ਕੀਤਾ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀ ਐੱਚ. ਰਾਜੇਸ਼ ਪ੍ਰਸਾਦ, ਆਈਏਐੱਸ, ਮੁੱਖ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਅਕਾਦਮਿਕ ਸੈਸ਼ਨ 2026-27 ਲਈ ਗੋਸਵਾਮੀ ਗਣੇਸ਼ ਦੱਤ ਸਨਾਤਨ ਧਰਮ (ਜੀਜੀਡੀਐੱਸਡੀ) ਕਾਲਜ, ਸੈਕਟਰ 32, ਚੰਡੀਗੜ੍ਹ ਦਾ ਪ੍ਰਾਸਪੈਕਟਸ, ਸਟੂਡੈਂਟ ਹੈਂਡਬੁੱਕ ਅਤੇ ਹੋਸਟਲ ਪ੍ਰਾਸਪੈਕਟਸ ਲਾਂਚ ਕੀਤਾ।

ਜੀਜੀਡੀਐੱਸਡੀ ਕਾਲਜ ਦੇ ਪ੍ਰਿੰਸੀਪਲ, ਡਾ. ਅਜੈ ਸ਼ਰਮਾ ਅਤੇ ਜੀਜੀਡੀਐੱਸਡੀ ਕਾਲਜ ਸੋਸਾਇਟੀ ਦੇ ਪ੍ਰਤੀਨਿਧੀਆਂ ਨੇ ਮੁੱਖ ਸਕੱਤਰ ਨੂੰ ਇਹ ਪ੍ਰਕਾਸ਼ਨ ਭੇਟ ਕੀਤੇ ਅਤੇ ਉਨ੍ਹਾਂ ਨੂੰ ਸੰਸਥਾ ਦੀਆਂ ਅਕਾਦਮਿਕ ਉਪਲਬਧੀਆਂ, ਵਿਦਿਆਰਥੀ-ਕੇਂਦ੍ਰਿਤ ਪਹਿਲਾਂ ਅਤੇ ਭਾਵੀ ਵਿਕਾਸ ਯੋਜਨਾਵਾਂ ਦੀ ਜਾਣਕਾਰੀ ਦਿੱਤੀ।

ਉਚੇਰੀ ਸਿੱਖਿਆ ਦੇ ਖੇਤਰ ਵਿੱਚ ਜੀਜੀਡੀਐੱਸਡੀ ਕਾਲਜ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਸ਼੍ਰੀ ਐੱਚ. ਰਾਜੇਸ਼ ਪ੍ਰਸਾਦ ਨੇ ਸੰਸਥਾ ਦੀ ਅਕਾਦਮਿਕ ਉਤਕ੍ਰਿਸ਼ਟਤਾ, ਇਨੋਵੇਸ਼ਨ ਅਤੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਪ੍ਰਤੀ ਪ੍ਰਤੀਬੱਧਤਾ ਦੀ ਪ੍ਰਸ਼ੰਸਾ ਕੀਤੀ।

ਪ੍ਰਾਸਪੈਕਟਸ ਵਿੱਚ ਆਗਾਮੀ ਦਾਖਲਾ ਸੈਸ਼ਨ ਲਈ ਅਕਾਦਮਿਕ ਪ੍ਰੋਗਰਾਮਾਂ, ਖੋਜ ਅਵਸਰਾਂ, ਬੁਨਿਆਦੀ ਢਾਂਚੇ, ਸਕਾਲਰਸ਼ਿਪਾਂ, ਪਲੇਸਮੈਂਟਾਂ ਅਤੇ ਵਿਦਿਆਰਥੀ ਸਹਾਇਤਾ ਸੇਵਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਉਪਲਬਧ ਕਰਵਾਈ ਗਈ ਹੈ।

ਸਟੂਡੈਂਟ ਹੈਂਡਬੁੱਕ ਵਿਦਿਆਰਥੀਆਂ ਲਈ ਇੱਕ ਉਪਯੋਗੀ ਮਾਰਗਦਰਸ਼ਕ ਦੇ ਰੂਪ ਵਿੱਚ ਅਕਾਦਮਿਕ ਨਿਯਮਾਂ, ਕੈਂਪਸ ਸੁਵਿਧਾਵਾਂ, ਵਿਦਿਆਰਥੀ ਭਲਾਈ ਤੰਤਰ, ਸੰਸਥਾਗਤ ਨੀਤੀਆਂ ਅਤੇ ਬਿਹਤਰੀਨ ਪਿਰਤਾਂ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ, ਜਦਕਿ ਹੋਸਟਲ ਪ੍ਰਾਸਪੈਕਟਸ ਵਿੱਚ ਰਿਹਾਇਸ਼ੀ ਸੁਵਿਧਾਵਾਂ, ਉਪਲਬਧ ਸੇਵਾਵਾਂ, ਸੁਰੱਖਿਆ ਉਪਾਵਾਂ ਅਤੇ ਹੋਸਟਲਰਾਂ ਲਈ ਉਪਲਬਧ ਸਹਾਇਤਾ ਪ੍ਰਣਾਲੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

# ਆਬਕਾਰੀ ਲਾਇਸੈਂਸ ਧਾਰਕਾਂ ਨਾਲ ਕੀਤੀ ਮੀਟਿੰਗ



**ਜਲੰਧਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਆਬਕਾਰੀ ਕਮਿਸ਼ਨਰ, ਜਲੰਧਰ ਵੈਸਟ ਰੇਂਜ ਨਵਜੀਤ ਸਿੰਘ ਵਲੋਂ ਜੀ.ਐਸ.ਟੀ. ਭਵਨ ਜਲੰਧਰ ਵਿਖੇ ਆਬਕਾਰੀ ਰੇਂਜ, ਵੈਸਟ ਵਿੱਚ ਪੈਂਦੇ ਵੱਖ-ਵੱਖ ਹੋਟਲ, ਬਾਰਜ਼, ਰੈਸਟੋਰੈਂਟਜ਼ ਆਦਿ ਦੇ ਆਬਕਾਰੀ ਲਾਇਸੈਂਸ ਧਾਰਕਾਂ ਨਾਲ ਮੀਟਿੰਗ ਕੀਤੀ ਗਈ।

ਇਸ ਮੌਕੇ ਉਨ੍ਹਾਂ ਲਾਇਸੈਂਸ ਧਾਰਕਾਂ ਨੂੰ ਆਬਕਾਰੀ ਨੀਤੀ 2026-27 ਦੀਆਂ ਸ਼ਰਤਾਂ ਤੋਂ ਜਾਣੂ ਕਰਵਾਉਂਦੇ ਹੋਏ, ਆਬਕਾਰੀ ਨੀਤੀ ਅਤੇ ਆਬਕਾਰੀ ਰੂਲਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਸਹਾਇਕ ਆਬਕਾਰੀ ਕਮਿਸ਼ਨਰ ਨੇ ਕਿਹਾ ਕਿ ਵਿਭਾਗੀ ਕੰਮਾਂ ਵਿੱਚ ਕਿਸੇ ਵੀ ਪ੍ਰਕਾਰ ਦੀ ਮੁਸ਼ਕਿਲ ਪੇਸ਼ ਆਉਣ 'ਤੇ ਸਿੱਧੇ ਤੌਰ 'ਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਮੀਟਿੰਗ ਵਿੱਚ ਸੁਨੀਲ ਗੁਪਤਾ, ਆਬਕਾਰੀ ਅਫਸਰ ਵੈਸਟ-ਏ, ਜਸਪ੍ਰੀਤ ਸਿੰਘ ਆਬਕਾਰੀ ਅਫਸਰ ਵੈਸਟ-ਬੀ ਅਤੇ ਜਸਪਾਲ ਸਿੰਘ, ਸਾਹਿਲ ਰੰਗਾ ਅਤੇ ਆਬਕਾਰੀ ਨਿਰੀਖਕ ਵੀ ਮੌਜੂਦ ਸਨ।

# ਮੇਰਾ ਯੁਵਾ ਭਾਰਤ ਚੰਡੀਗੜ੍ਹ ਨੇ ਵਿਸ਼ਵ ਸਾਇਕਲ ਦਿਵਸ 'ਤੇ ਸਾਇਕਲਿੰਗ ਰੈਲੀ ਦਾ ਆਯੋਜਨ ਕੀਤਾ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਰਾ ਯੁਵਾ ਭਾਰਤ ਚੰਡੀਗੜ੍ਹ ਨੇ ਪ੍ਰਸੰਚੇਤਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਵਿਸ਼ਵ ਸਾਇਕਲ ਦਿਵਸ ਦੇ ਸਬੰਧ ਵਿੱਚ ਇੱਕ ਸਾਇਕਲਿੰਗ ਰੈਲੀ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ 38 ਯੁਵਾ ਵਲੰਟੀਅਰਾਂ ਨੇ ਉਤਸ਼ਾਹ ਪੂਰਵਕ ਹਿੱਸਾ ਲਿਆ ਅਤੇ ਸੈਕਟਰ 38-ਸੀ ਮਾਰਕਿਟ ਤੋਂ ਮੇਰਾ ਯੁਵਾ ਭਾਰਤ ਦਫ਼ਤਰ, ਸੈਕਟਰ 12, ਚੰਡੀਗੜ੍ਹ ਤੱਕ ਸਾਇਕਲ ਯਾਤਰਾ ਕੀਤੀ।

ਇਸ ਰੈਲੀ ਦਾ ਉਦੇਸ਼ ਸਾਇਕਲਿੰਗ ਨੂੰ ਇੱਕ ਤੰਦਰੁਸਤ, ਕਿਫ਼ਾਇਤੀ ਅਤੇ ਵਾਤਾਵਰਣ-ਅਨੁਕੂਲ ਟ੍ਰਾਂਸਪੋਰਟੇਸ਼ਨ ਦੇ ਸਾਧਨ ਦੇ ਰੂਪ ਵਿੱਚ ਹੁਲਾਰਾ ਦੇਣਾ ਅਤੇ ਨੌਜਵਾਨਾਂ ਨੂੰ ਸਰਗਰਮ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ।

ਇਸ ਸਮਾਗਮ ਦੇ ਜ਼ਰੀਏ ਵਲੰਟੀਅਰਾਂ ਨੇ ਸਾਇਕਲ ਚਲਾਉਣ ਦੇ ਲਾਭਾਂ ਬਾਰੇ ਜਾਗਰੂਕਤਾ ਫੈਲਾਉਂਦੇ ਹੋਏ ਸਮੁਦਾਇ ਨੂੰ ਤੰਦਰੁਸਤੀ ਅਤੇ ਟਿਕਾਊ ਜੀਵਨਸ਼ੈਲੀ ਦਾ ਸੰਦੇਸ਼ ਦਿੱਤਾ।

ਸ਼੍ਰੀ ਵਿਨੈ ਕੁਮਾਰ ਨੇ ਦੱਸਿਆ ਕਿ ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਤਹਿਤ ਮੇਰਾ ਯੁਵਾ ਭਾਰਤ ਦੁਆਰਾ ਵਿਸ਼ਵ ਸਾਇਕਲ ਦਿਵਸ ਪੂਰੇ ਦੇਸ਼ ਦੇ ਸਾਰੇ ਜ਼ਿਲ੍ਹਿਆਂ ਵਿੱਚ ਮਨਾਇਆ ਜਾ ਰਿਹਾ ਹੈ, ਤਾਕਿ 'ਫਿਟ ਇੰਡੀਆ' ਦਾ ਸੰਦੇਸ਼ ਜਨ-ਜਨ ਤੱਕ ਪਹੁੰਚਾਇਆ ਜਾ ਸਕੇ ਅਤੇ ਨੌਜਵਾਨਾਂ ਨੂੰ ਸਰੀਰਕ ਗਤੀਵਿਧੀਆਂ ਵਿੱਚ ਅਧਿਕ ਭਾਗੀਦਾਰੀ ਲਈ ਪ੍ਰੋਤਸਾਹਿਤ ਕੀਤਾ ਜਾ ਸਕੇ। ਪ੍ਰਤੀਭਾਗੀਆਂ ਨੇ ਆਪਣੇ ਰੋਜ਼ਾਨਾ ਜੀਵਨ ਵਿੱਚ ਸਾਇਕਲ ਨੂੰ ਅਪਣਾਉਣ ਅਤੇ ਦੂਸਰਿਆਂ ਨੂੰ ਵੀ ਇਸ ਵਾਸਤੇ ਪ੍ਰੇਰਿਤ ਕਰਨ ਦੇ ਜ਼ਰੀਏ ਇੱਕ ਤੰਦਰੁਸਤ, ਫਿਟ ਅਤੇ ਹਰਿਤ ਭਾਰਤ ਦੇ ਨਿਰਮਾਣ ਪ੍ਰਤੀ ਆਪਣੀ ਪ੍ਰਤੀਬੱਧਤਾ ਵਿਅਕਤ ਕੀਤੀ।

ਪ੍ਰੋਗਰਾਮ ਦਾ ਸਮਾਪਨ ਵਲੰਟੀਅਰਾਂ ਦੀ ਸਰਗਰਮ ਭਾਗੀਦਾਰੀ ਅਤੇ ਆਯੋਜਨ ਨੂੰ ਸਫ਼ਲ ਬਣਾਉਣ ਵਿੱਚ ਪ੍ਰਸੰਚੇਤਸ ਫਾਊਂਡੇਸ਼ਨ ਵੱਲੋਂ ਦਿੱਤੇ ਗਏ ਸਹਿਯੋਗ ਲਈ ਆਭਾਰ ਵਿਅਕਤ ਕਰਦੇ ਹੋਏ ਕੀਤਾ ਗਿਆ।

# ਐਸ.ਸੀ. ਭਾਈਚਾਰੇ ਪ੍ਰਤੀ ਰਵਨੀਤ ਬਿੱਟੂ ਦੀ ਸੋਚ ਜੱਗ ਉਜਾਗਰ

**ਮਾਛੀਵਾੜਾ ਸਾਹਿਬ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਸੀ.ਭਾਈਚਾਰੇ ਪ੍ਰਤੀ ਇਹਨਾਂ ਲੀਡਰਾਂ ਦੇ ਮਨ ਵਿੱਚ ਕੀ ਕੀ ਭਰਿਆ ਹੋਇਆ, ਇਹ ਪਿਛਲੇ ਦਿਨੀ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਦੇ ਮੂੰਹੋਂ ਨਿਕਲੇ ਸ਼ਬਦਾਂ ਨੇ ਜੱਗ ਉਜਾਗਰ ਕਰ ਦਿੱਤਾ ਹੈ।

ਇਸ ਲਈ ਐਸ.ਸੀ. ਭਾਈਚਾਰੇ ਦੇ ਲੋਕਾਂ ਨੇ ਇਕੱਠੇ ਹੋ ਜਾਏ ਲੀਡਰਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ ਜੋ ਉਹਨਾਂ ਦੇ ਸਮਾਜ ਪ੍ਰਤੀ ਸੌੜੀ ਸੋਚ ਰੱਖਦੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਸਾਹਿਬ ਤੋਂ ਯੂਥ ਕਾਂਗਰਸੀ ਆਗੂ ਰਾਕੇਸ਼ ਕੁਮਾਰ ਸ਼ਿੰਦੂ ਨੇ ਕਿਹਾ ਕਿ ਪੰਜਾਬ ਵਿੱਚ ਐਸ.ਸੀ.ਭਾਈਚਾਰੇ ਦਾ ਇੱਕ ਵੱਡਾ ਸਮਾਜ ਹੈ ਅਤੇ ਇਨ੍ਹਾਂ ਦੀਆਂ ਵੋਟਾਂ ਲੈਣ ਲਈ ਸਾਰੀਆਂ ਪਾਰਟੀਆਂ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਅਪਨਾਉਂਦੀਆਂ ਹਨ,ਪਰ ਵੋਟਾਂ ਲੈਣ ਤੋਂ ਬਾਅਦ ਇਨ੍ਹਾਂ ਦੀ ਭਾਸ਼ਾ ਹੀ ਬਦਲ ਜਾਂਦੀ ਹੈ।

ਉਹਨਾਂ ਕਿਹਾ ਕਿ ਭਾਵੇਂ ਰਵਨੀਤ ਸਿੰਘ ਬਿੱਟੂ ਦੁਆਰਾ ਬੋਲੇ ਗਏ ਸ਼ਬਦਾਂ ਨੂੰ ਵਾਪਸ ਲੈਂਦਿਆਂ ਸਮਾਜ ਤੋਂ ਮੁਆਫੀ ਮੰਗ ਲਈ ਗਈ ਹੈ ਪਰ ਅੱਗੇ ਤੋਂ ਕੋਈ ਲੀਡਰ ਐਸ.ਸੀ. ਸਮਾਜ ਬਾਰੇ ਅਜਿਹੇ ਸ਼ਬਦਾਂ ਦੀ ਵਰਤੋਂ ਨਾ ਕਰੇ ਇਸ ਲਈ ਐਸ.ਸੀ. ਸਮਾਜ ਨੂੰ ਇਕੱਠਿਆ ਹ ਕ ਆਪਣੀ ਇੱਕ ਜੁਟਤਾ ਦਿਖਾਣੀ ਚਾਹੀਦੀ ਹੈ।

# ਹਲਕਾ ਸੁਨਾਮ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਜਥੇਬੰਦੀ ਭੰਗ, ਜੂਨ ਮਹੀਨੇ ਦੇ ਅਖੀਰ ਤੱਕ ਨਵੀਂ ਜਥੇਬੰਦੀ ਦਾ ਐਲਾਨ ਕੀਤਾ ਜਾਵੇਗਾ

**ਸੁਨਾਮ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਜਿਲ੍ਹਾ ਸੰਗਰੂਰ ਦੇ ਪ੍ਰਧਾਨ ਸ ਤਜਿੰਦਰ ਸਿੰਘ ਸੰਘਰੇੜੀ ਵੱਲੋਂ ਹਲਕਾ ਸੁਨਾਮ ਦੇ ਇੰਚਾਰਜ ਸ ਵਿਨਰਜੀਤ ਸਿੰਘ ਖਡਿਆਲ ਦੀ ਸਿਫਾਰਸ਼ ਤੇ ਹਲਕਾ ਸੁਨਾਮ ਦਾ ਸਮੁੱਚਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਹੈ, ਸ ਤਜਿੰਦਰ ਸਿੰਘ ਸੰਘਰੇੜੀ ਬਿਆਨ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਪਾਰਟੀ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ ਸਾਹਿਬ ਵੱਲੋਂ ਚੰਡੀਗੜ੍ਹ ਵਿਖੇ ਸਮੂਹ ਜਿਲ੍ਹਾ ਪ੍ਰਧਾਨਾਂ ਅਤੇ ਹਲਕਾ ਇੰਚਾਰਜ ਸਾਹਿਬਾਨ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਕਿ ਹਰ ਹਲਕੇ ਵਿੱਚ 15000 ਵੋਟ ਤੱਕ ਇੱਕ ਸਰਕਲ ਪ੍ਰਧਾਨ ਲਾਇਆ ਜਾਵੇ, ਸ਼ਹਿਰੀ ਅਤੇ ਦਿਹਾਤੀ ਖੇਤਰਾਂ ਦੇ ਸਰਕਲ ਪ੍ਰਧਾਨ ਅਤੇ ਅਹੁਦੇਦਾਰ ਵੱਖੋ-ਵੱਖਰੇ ਬਣਾਏ ਜਾਣਗੇ, ਪਾਰਟੀ ਦੇ ਜਥੇਬੰਦਕ ਢਾਂਚੇ ਵਿੱਚ ਹਰ ਵਰਗ ਨੂੰ ਬਿਨਾਂ ਕਿਸੇ ਭੇਦਭਾਵ ਜਾਤ-ਪਾਤ ਤੋਂ ਹਟ ਕੇ ਮਾਣ ਸਨਮਾਨ ਦਿੱਤਾ ਜਾਵੇਗਾ, ਜਿਹੜੇ ਵੀ ਵਰਕਰ ਪਾਰਟੀ ਦੀ ਵਿਚਾਰਧਾਰਾ, ਪਾਰਟੀ ਚੋਣ ਨਿਸ਼ਾਨ ਅਤੇ ਪਾਰਟੀ ਦੇ ਪ੍ਰਧਾਨ ਸਾਹਿਬ ਦੇ ਫੈਸਲਿਆਂ ਤੇ ਪਹਿਰਾ ਦੇਣਗੇ ਉਹਨਾਂ ਨੂੰ ਪਹਿਲ ਦਿੱਤੀ ਜਾਵੇਗੀ, ਵਿਨਰਜੀਤ ਸਿੰਘ ਨੇ ਦੱਸਿਆ ਕਿ ਪਾਰਟੀ ਸੁਨਾਮ ਹਲਕੇ ਵਿੱਚ ਆਉਣ ਵਾਲੀ ਵਿਧਾਨ ਸਭਾ ਚੋਣ ਪੂਰੀ ਤਿਆਰੀ ਅਤੇ ਤਨਦੇਹੀ ਨਾਲ ਲੜੇਗੀ, ਉਹਨਾਂ ਕਿਹਾ ਕਿ ਲੰਘੀਆਂ ਚੋਣਾਂ ਵਿੱਚ ਪਾਰਟੀ ਦਾ ਪ੍ਰਦਰਸ਼ਨ ਸੰਤੋਸ਼ਜਨਕ ਰਿਹਾ ਅਤੇ ਬੁਹਤ ਸਾਰੇ ਨਵੇਂ ਚਿਹਰੇ ਪਾਰਟੀ ਨਾਲ ਜੁੜੇ, ਪੁਰਾਣੇ ਟਕਸਾਲੀ ਪਰਿਵਾਰਾਂ ਨੂੰ ਵੀ ਪਾਰਟੀ ਅਪਣੇ ਨਾਲ ਜੋੜਣ ਵਿੱਚ ਕਾਫੀ ਹੱਦ ਤੱਕ ਕਾਮਯਾਬ ਹੋਈ ਹੈ, ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਹਰ ਘਰ ਹਰ ਪਿੰਡ ਅਤੇ ਹਰ ਮਹੁੱਲੇ ਤੱਕ ਪਹੁੰਚ ਕਰੇਗੀ।

ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਪ੍ਰਤੀ ਏਜੰਡਾ ਲੋਕਾਂ ਵਿੱਚ ਲੈ ਕੇ ਜਾਵਾਂਗੇ, ਉਹਨਾਂ ਨੇ ਪਾਰਟੀ ਦੇ ਸਮੂਹ ਅਹੁਦੇਦਾਰ, ਵਰਕਰ, ਲੀਡਰਸ਼ਿਪ ਅਤੇ ਆਮ ਸੰਗਤ ਨੂੰ ਅਪੀਲ ਕੀਤੀ ਕਿ ਅਪਣੀ ਪਾਰਟੀ ਦੀ ਤਾਕਤ ਬਣੋ ਅਤੇ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਵਿੱਚ ਸਰਕਾਰ ਬਣਾ ਕੇ ਸ਼ਾਂਤੀ, ਭਾਈਚਾਰਕ ਸਾਂਝ ਲੈ ਕੇ ਆਓ ਅਤੇ ਪੰਜਾਬ ਦੀ ਮੁੜ ਤਰੱਕੀ ਕਰਵਾਓ।

# ਕਿਸਾਨਾਂ ਨੇ ਮੋਟਰ ਚੋਰੀਆਂ ਕਰਨ ਵਾਲੇ ਫੜ ਕੇ ਕੀਤੇ ਪੁਲਿਸ ਹਵਾਲੇ

**ਮਾਛੀਵਾੜਾ ਸਾਹਿਬ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਇਲਾਕੇ ਵਿੱਚ ਹਨ੍ਹੇਰੀ ਰਾਤ ਮੋਟਰ ਚੋਰੀਆਂ ਕਰਨ ਵਾਲੇ ਗਰੋਹ ਦਿਨ ਪ੍ਰਤੀ ਦਿਨ ਆਪਣੀਆਂ ਵਾਰਦਾਤਾਂ ਵਧਾਉਣ ਵਿੱਚ ਲੱਗੇ ਹੋਏ ਹਨ, ਉੱਥੇ ਹੀ ਜਿੱਥੇ ਪ੍ਰਸ਼ਾਸਨ ਦੇ ਹੱਥ ਕੁਝ ਨਹੀਂ ਲੱਗ ਰਿਹਾ ਸੀ ਤਾਂ ਕਿਸਾਨਾਂ ਨੇ ਖੁਦ ਹੀ ਯਤਨ ਕਰਦਿਆਂ ਬੀਤੀ ਰਾਤ ਮੋਟਰ ਚੋਰੀਆਂ ਕਰਨ ਵਾਲੇ ਨੌਜਵਾਨ ਨੂੰ ਰੰਗੇ ਹੱਥੀਂ ਕਾਬੂ ਕਰਕੇ ਪੁਲਸ ਹਵਾਲੇ ਕੀਤਾ,ਜਿਸ ਤੋਂ ਜਾਣਕਾਰੀ ਸਾਹਮਣੇ ਆਈ ਕਿ ਉਸ ਦੇ ਨਾਲ ਲਾਗਲੇ ਪਿੰਡਾਂ ਦੇ ਹੋਰ ਨੌਜਵਾਨ ਹਨ ਜੋ ਹਨ੍ਹੇਰੀ ਰਾਤ ਆਪਣੀਆਂ ਇਹਨਾਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਕਿਸਾਨ ਆਗੂ ਕਾਮਰੇਡ ਨਿੱਕਾ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਦੀਆਂ ਮੋਟਰਾਂ, ਟ੍ਰਾਂਸਫਾਰਮ ਚੋਰੀ ਕਰਨਾ, ਮੋਟਰਾਂ ਜਾਂ ਟ੍ਰਾਂਸਫਾਰਮ ਦੀਆਂ ਤਾਰਾਂ ਵੱਢ ਕੇ ਲੈ ਜਾਣਾ ,ਟਰਾਂਸਫਾਰਮ ਵਿੱਚੋਂ ਤੇਲ ਕੱਢ ਕੇ ਲੈ ਜਾਣਾ ਇਹਨਾਂ ਚੋਰਾਂ ਦਾ ਨਿਤ ਪ੍ਰਤੀ ਦਾ ਕੰਮ ਹੋ ਗਿਆ ਹੈ। ਕਿਸਾਨ ਜੋ ਪਹਿਲਾਂ ਹੀ ਕਦੇ ਹੜਾਂ ਦੀ ਮਾਰ ਹੇਠ ਆ ਜਾਂਦੇ ਹਨ ,ਕਦੇ ਮੌਸਮ ਦੇ ਕਾਰਨ ਉਹਨਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹਾ ਹੈ,ਉੱਥੇ ਹੀ ਇਹਨਾਂ ਚੋਰਾਂ ਦੁਆਰਾ ਕੀਤੇ ਜਾਂਦੇ ਨੁਕਸਾਨ ਉਹਨਾਂ ਦੀ ਪਰੇਸ਼ਾਨੀ ਵਿੱਚ ਹੋਰ ਚੋਖਾ ਵਾਧਾ ਕਰਦੇ ਹਨ। ਇਸ ਮੌਕੇ ਕਿਸਾਨਾਂ ਨੇ ਦੱਸਿਆ ਕਿ ਉਹ ਆਪਣੇ ਖੇਤਾਂ ਵਿੱਚ ਮੋਟਰਾਂ ਚੋਰੀ ਹੋਣ ਦੇ ਦੁੱਖੋਂ ਸਮਰਸੀਬਲ ਕਰਵਾ ਰਹੇ ਹਨ ਪਰ ਇਹ ਛਾਤਰ ਦਿਮਾਗ ਚੋਰ ਉਨਾਂ ਸਮਰਸੀਬਲ ਦੀਆਂ ਤਾਰਾਂ ਵੱਢ ਕੇ ਲੈ ਜਾਂਦੇ ਹਨ। ਮੋਟਰ ਚੋਰੀ ਕਰਨ ਵਾਲੇ ਫੜੇ ਗਏ ਨੌਜਵਾਨ ਨੇ ਦੱਸਿਆ ਕਿ ਉਹ ਮਾਛੀਵਾੜਾ ਸਾਹਿਬ ਦੇ ਕੂਕਾ ਮਾਰਕੀਟ ਵਿੱਚ ਸਥਿਤ ਇੱਕ ਕਵਾੜੀਏ ਨੂੰ ਇਹ ਚੋਰੀ ਦਾ ਮਾਲ ਵੇਚਦੇ ਹਨ, ਜੋ ਅੱਗੇ ਵੇਚ ਕੇ ਚੋਖਾ ਮੁਨਾਫਾ ਕਮਾਉਂਦਾ ਹੈ। ਕਿਸਾਨ ਆਗੂ ਨਿੱਕਾ ਸਿੰਘ ਨੇ ਕਿਸਾਨਾਂ ਸਮੇਤ ਥਾਣਾ ਮੁਖੀ ਨੂੰ ਮਿਲ ਕੇ ਜਿੱਥੇ ਇਸ ਚੋਰ ਨੂੰ ਹਵਾਲੇ ਕੀਤਾ ਉੱਥੇ ਉਹਨਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਹਨਾਂ ਚੋਰਾਂ ਤੋਂ ਚੋਰੀ ਕੀਤਾ ਹੈ ਮਾਲ ਸਸਤੇ ਭਾਅ ਖਰੀਦਣ ਵਾਲੇ ਕਬਾੜੀਆਂ ਉੱਤੇ ਪਰਚਾ ਦਿੱਤਾ ਜਾਵੇ ਅਤੇ ਉਹਨਾਂ ਨੂੰ ਗ੍ਰਿਫਤਾਰ ਕਰ ਜੇਲ੍ਹ ਅੰਦਰ ਡੱਕਿਆ ਜਾਵੇ ।ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਹ ਆਪਣੀ ਜਥੇਬੰਦੀਆਂ ਸਮੇਤ ਆਉਣ ਵਾਲੇ ਸਮੇਂ ਵਿੱਚ ਇਹਨਾਂ ਕਵਾੜੀਆਂ ਦੇ ਉੱਤੇ ਕਾਰਵਾਈ ਕਰਵਾਉਣ ਲਈ ਜਥੇਬੰਦੀਆਂ ਸਮੇਤ ਧਰਨੇ ਦੇਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਥਾਣਾ ਮੁਖੀ ਪਵਿੱਤਰ ਸਿੰਘ ਨੇ ਪੁੱਜੇ ਕਿਸਾਨਾਂ ਨੂੰ ਭਰੋਸਾ ਦਵਾਇਆ ਕਿ ਉਹ ਇਸ ਮਾਮਲੇ ਤੇ ਸਖਤ ਕਾਰਵਾਈ ਕਰਦਿਆਂ ਕਬਾੜੀਏ ਨੂੰ ਜਲਦ ਗਿਰਫਤਾਰ ਕਰ ਉਸ ਉੱਤੇ ਸਖ਼ਤ ਕਾਰਵਾਈ ਕਰਨਗੇ।

# ਮਾਲੇਰਕੋਟਲਾ ਪੁਲਿਸ ਵਪਾਰੀਆਂ ਦੇ ਬੂਹਾਂ 'ਤੇ; ਸੁਰੱਖਿਅਤ ਅਤੇ ਭਰੋਸੇਮੰਦ ਮਾਹੌਲ ਲਈ ਵਚਨਬੱਧ

**ਐੱਸ.ਐੱਸ.ਪੀ. ਗੁਰਮੀਤ ਸਿੰਘ ਨੇ ਵਪਾਰੀਆਂ ਨਾਲ ਕੀਤੀ ਅਹਿਮ ਮੀਟਿੰਗ, ਸਮੱਸਿਆਵਾਂ ਦੇ ਹੱਲ ਦਾ ਦਿੱਤਾ ਭਰੋਸਾ**

**ਮਲੇਰਕੋਟਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਲੇਰਕੋਟਲਾ ਪੁਲਿਸ ਵੱਲੋਂ ਵਪਾਰੀਆਂ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਦੇ ਮਕਸਦ ਨਾਲ ਸ਼ਹਿਰ ਮਾਲੇਰਕੋਟਲਾ ਦੀ ਟਰੇਡਿੰਗ ਯੂਨੀਅਨ ਅਤੇ ਇਲੈਕਟ੍ਰਾਨਿਕ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਐੱਸ.ਐੱਸ.ਪੀ. ਮਾਲੇਰਕੋਟਲਾ ਗੁਰਮੀਤ ਸਿੰਘ ਨੇ ਕੀਤੀ, ਜਿਸ ਦੌਰਾਨ ਵਪਾਰੀਆਂ ਵੱਲੋਂ ਦਰਪੇਸ਼ ਸਮੱਸਿਆਵਾਂ, ਸੁਝਾਵਾਂ ਅਤੇ ਸੁਰੱਖਿਆ ਨਾਲ ਜੁੜੇ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਚੇਅਰਪਰਸਨ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਮਾਲੇਰਕੋਟਲਾ ਆਜਮ ਦਾਰਾ, ਚੇਅਰਪਰਸਨ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਇਮਤਿਆਜ ਅਲੀ, ਮੈਂਬਰ ਮੁਹੰਮਦ ਖਾਲਿਦ, ਯਾਸੀਨ ਜੋਸ਼, ਮੁਹੰਮਦ ਸ਼ਹਬਾਜ਼ ਮੁਹੰਮਦ ਜ਼ਾਹਿਦ, ਹੈਰਿਸ ਪਾਸੀ, ਮੁਹੰਮਦ ਸਾਦਿਕ, ਮੁਹੰਮਦ ਸੁਭਾਨ,ਡੀ.ਐਸ.ਪੀ. ਸੁਮੀਤ ਸੂਦ, ਐਸ.ਐਚ.ਓ ਸਿਟੀ-1 ਦਲਜੀਤ ਸਿੰਘ ਗਿੱਲ, ਹੈਪੀ ਗਰਗ, ਮਜੀਦ, ਸੁਰਿੰਦਰ ਸਿੰਘ, ਅਮਰੀਕ ਸਿੰਘ, ਚਤਰ ਸਿੰਘ, ਮਨਪ੍ਰੀਤ ਸਿੰਘ ਪਰੂਥੀ, ਅਰੁਣ ਕੁਮਾਰ, ਵਿਜੇ ਕੁਮਾਰ ਵੀ ਮੌਜੂਦ ਸਨ।

ਇਸ ਮੌਕੇ ਐੱਸ.ਐੱਸ.ਪੀ. ਗੁਰਮੀਤ ਸਿੰਘ ਨੇ ਕਿਹਾ ਕਿ ਮਾਲੇਰਕੋਟਲਾ ਪੁਲਿਸ ਹਰ ਵਰਗ ਦੀ ਸਾਥੀ ਹੈ ਅਤੇ ਵਪਾਰੀਆਂ ਦੀ ਸੁਰੱਖਿਆ ਅਤੇ ਸੁਖਾਵੇਂ ਕਾਰੋਬਾਰੀ ਮਾਹੌਲ ਨੂੰ ਯਕੀਨੀ ਬਣਾਉਣਾ ਪੁਲਿਸ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਵਪਾਰੀਆਂ ਦੇ ਬੂਹਾਂ ਤੱਕ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਿਹਾ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਤੁਰੰਤ ਹੱਲ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵਪਾਰੀਆਂ ਵੱਲੋਂ ਉਠਾਏ ਗਏ ਮੁੱਦਿਆਂ 'ਤੇ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ।

ਐੱਸ.ਐੱਸ.ਪੀ. ਨੇ ਕਿਹਾ ਕਿ ਬਾਜ਼ਾਰਾਂ ਅਤੇ ਵਪਾਰਕ ਖੇਤਰਾਂ ਵਿੱਚ ਪੁਲਿਸ ਗਸ਼ਤ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ ਅਤੇ ਕਾਨੂੰਨ-ਵਿਵਸਥਾ ਨੂੰ ਹਰ ਹਾਲ ਵਿੱਚ ਕਾਇਮ ਰੱਖਿਆ ਜਾਵੇਗਾ, ਤਾਂ ਜੋ ਵਪਾਰੀ ਭਾਈਚਾਰਾ ਬਿਨਾਂ ਕਿਸੇ ਡਰ ਜਾਂ ਚਿੰਤਾ ਦੇ ਆਪਣਾ ਕਾਰੋਬਾਰ ਕਰ ਸਕੇ।

ਚੇਅਰਪਰਸਨ ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਮਾਲੇਰਕੋਟਲਾ ਆਜਮ ਦਾਰਾ ਨੇ ਮਾਲੇਰਕੋਟਲਾ ਪੁਲਿਸ ਦੀ ਇਸ ਪਹਿਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਵਪਾਰੀਆਂ ਅਤੇ ਪੁਲਿਸ ਵਿਚਕਾਰ ਮਜ਼ਬੂਤ ਤਾਲਮੇਲ ਹੀ ਸੁਰੱਖਿਅਤ ਅਤੇ ਵਿਕਾਸਸ਼ੀਲ ਵਪਾਰਕ ਮਾਹੌਲ ਦੀ ਬੁਨਿਆਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਮਾਲੇਰਕੋਟਲਾ ਪੁਲਿਸ ਵਪਾਰੀ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਮੀਟਿੰਗਾਂ ਨਾਲ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਸੰਭਵ ਹੋਵੇਗਾ ਅਤੇ ਆਪਸੀ ਵਿਸ਼ਵਾਸ ਹੋਰ ਮਜ਼ਬੂਤ ਹੋਵੇਗਾ। ਇਲੈਕਟ੍ਰਾਨਿਕ ਐਸੋਸੀਏਸ਼ਨ ਦੇ ਪ੍ਰਧਾਨ ਮੁਹਿੰਦਰ ਸਿੰਘ ਪਰੂਥੀ ਨੇ ਮਾਲੇਰਕੋਟਲਾ ਪੁਲਿਸ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੁਲਿਸ ਅਤੇ ਵਪਾਰੀਆਂ ਵਿਚਕਾਰ ਸਿੱਧੀ ਗੱਲਬਾਤ ਆਪਸੀ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਐੱਸ.ਐੱਸ.ਪੀ. ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਨਾ ਅਤੇ ਉਨ੍ਹਾਂ ਦੇ ਹੱਲ ਲਈ ਭਰੋਸਾ ਦੇਣਾ ਇਕ ਸਕਾਰਾਤਮਕ ਕਦਮ ਹੈ, ਜਿਸ ਨਾਲ ਵਪਾਰੀ ਭਾਈਚਾਰੇ ਵਿੱਚ ਸੁਰੱਖਿਆ ਅਤੇ ਵਿਸ਼ਵਾਸ ਦੀ ਭਾਵਨਾ ਹੋਰ ਮਜ਼ਬੂਤ ਹੋਈ ਹੈ।

ਮੀਟਿੰਗ ਦੌਰਾਨ ਟਰੇਡਿੰਗ ਯੂਨੀਅਨ, ਇਲੈਕਟ੍ਰਾਨਿਕ ਐਸੋਸੀਏਸ਼ਨ ਅਤੇ ਹੋਰ ਵਪਾਰਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਪੰਚਾਇਤ ਨੇ ਵੰਡੀਆਂ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ, ਪਹਿਲਾਂ ਮਿਲਦਾ ਰਾਸ਼ਨ ਵੀ ਰਹੇਗਾ ਮਿਲਦਾ :ਇੰਸਪੈਕਟਰ



**ਮਾਛੀਵਾੜਾ ਸਾਹਿਬ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਬਲਾਕ ਦੇ ਪਿੰਡ ਈਸਾਪੁਰ ,ਦੌਲਤਪੁਰ ਅਤੇ ਮਿਲਕਵਾਲ ਵਿਖੇ , ਏ.ਐਫ.ਐਸ.ਓ. ਬਲਰਾਜ ਸਿੰਘ ਵੱਲੋਂ ਸਰਪੰਚ ਜਸਪ੍ਰੀਤ ਸਿੰਘ ਈਸਾਪੁਰ, ਸਰਪੰਚ ਗੁਰਮੀਤ ਸਿੰਘ ਦੌਲਤਪੁਰ ਅਤੇ ਸਰਪੰਚ ਬਲਵਿੰਦਰ ਸਿੰਘ ਮਿਲਕਵਾਲ ਦੇ ਕਾਰਡ ਧਾਰਕਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਜਗਤਾਰ ਸਿੰਘ ਜੱਸੋਵਾਲ ਅਤੇ ਪੰਚਾਇਤ ਮੈਂਬਰਾਂ ਵੱਲੋਂ ਪਿੰਡ ਦੇ ਰਾਸ਼ਨ ਕਾਰਡ ਧਾਰਕਾਂ ਨੂੰ ਸਰਕਾਰ ਵੱਲੋਂ ਚਲਾਈ ਸਕੀਮ ਮੇਰੀ ਰਸੋਈ ਸਕੀਮ ਅਧੀਨ ਰਾਸ਼ਨ ਕਿੱਟਾਂ ਵੰਡੀਆਂ ਗਈਆ।

ਉਨਾਂ ਕਿਹਾ ਕਿ ਸਰਕਾਰ ਵੱਲੋਂ ਦਿੱਤੀਆਂ ਗਈਆਂ ਸਹੂਲਤਾਂ ਦਾ ਪੰਜਾਬ ਦੇ ਲੋਕ ਆਨੰਦ ਬਣ ਰਹੇ ਹਨ ਇਹ ਪਹਿਲੀ ਸਰਕਾਰ ਹੈ ਜੋ ਰਾਜ ਦੇ ਹਰ ਵਰਗ ਦੇ ਲੋਕਾਂ ਨੂੰ ਸਹੂਲਤਾਂ ਮੁਹਈਆ ਕਰਵਾਏ ਜਾ ਰਹੀ ਹੈ ਭਾਵੇਂ ਉਹ ਬਿਜਲੀ ਦੇ ਬਿੱਲ ਹੋਣ ,ਰਾਸ਼ਨ ਕਿੱਟਾਂ ਹੋਣ, ਜਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਹੋਵੇ ਪੰਜਾਬ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਸਭਨਾਂ ਨੂੰ ਇਹਨਾਂ ਸਹੂਲਤਾਂ ਦਾ ਆਨੰਦ ਦੇ ਰਹੀ ਹੈ। ਉਹਨਾਂ ਕਿਹਾ ਕਿ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਵਿੱਚ ਹਲਕਾ ਸਮਰਾਲਾ ਦੇ ਵਿਕਾਸ ਕਾਰਜਾਂ ਵਿੱਚ ਪੂਰੀ ਤਰਹਾਂ ਤੇਜੀ ਆ ਚੁੱਕੀ ਹੈ ਅਤੇ ਲੰਬੇ ਸਮੇਂ ਤੋਂ ਅਟਕੇ ਹੋਏ ਵਿਕਾਸ ਕਾਰਜ ਅਰੰਭੇ ਜਾ ਚੁੱਕੇ ਹਨ। ਪਿਛਲੇ ਕਰੀਬ ਚਾਰ ਸਾਲਾਂ ਦੇ ਵਾਕੇ ਦੌਰਾਨ ਪੰਜਾਬ ਵਿੱਚ ਜੋ ਸੜਕਾਂ ਦਾ ਬੁਰਾ ਹਾਲ ਸੀ ਉਹ ਆਪਣੇ ਸਭ ਦੇ ਸਾਹਮਣੇ ਸੀ ਪਰ ਮਾਨ ਸਰਕਾਰ ਨੇ ਸਭ ਤੋਂ ਪਹਿਲਾਂ ਸੜਕਾਂ ਦਾ ਜਾਲ ਪੰਜਾਬ ਵਿੱਚ ਵਿਛਾ ਕੇ ਲੋਕਾਂ ਨੂੰ ਵੱਡੀ ਸਹੂਲਤ ਦਿੱਤੀ। ਉਹਨਾਂ ਕਿਹਾ ਕਿ ਜੋ ਰਾਸ਼ਨ ਪਹਿਲਾ ਸਾਨੂੰ ਡੀਪੂ ਤੋਂ ਮਿਲਦਾ ਸੀ ਉਹ ਉਸੇ ਤਰ੍ਹਾਂ ਜਾਰੀ ਰਹੇਗਾ ਇਹ ਰਾਸ਼ਨ ਕਿੱਟ ਤਿੰਨ ਮਹੀਨੇ ਬਾਅਦ ਹਰ ਪਰਿਵਾਰ ਨੂੰ ਦਿੱਤੀ ਜਾਵੇਗੀ ਅਤੇ ਪਹਿਲਾ ਦਿੱਤਾ ਰਾਸ਼ਨ ਜਾਂਦਾ ਰਾਸ਼ਨ ਨਹੀਂ ਕੱਟਿਆ ਜਾਵੇਗਾ।

ਇਸ ਮੌਕੇ ਡੀਪੂ ਹੋਲਡਰ ਰੇਸ਼ਮ ਸਿੰਘ, ਪੰਥ ਦਿਲਬਰ ਸਿੰਘ, ਪੰਚ ਸੋਨਾ ਸਿੰਘ, ਪੰਚ ਸੁਰਿੰਦਰ ਸਿੰਘ, ਪੰਚ ਬੂਟਾ ਸਿੰਘ, ਪੰਚ ਅਜੀਤ ਕੌਰ , ਜੋਗਿੰਦਰ ਸਿੰਘ ਵੀ ਮੌਜੂਦ ਸਨ।

# ਮੋਦੀ ਵੱਲੋਂ ਆਰਥਿਕ ਸਲਾਹਕਾਰ ਕੌਂਸਲ ਮੀਟਿੰਗ ਦੀ ਪ੍ਰਧਾਨਗੀ

## ਜੀਵਨ ਅਤੇ ਕੰਮ ਨੂੰ ਸੌਖਾ ਬਣਾਉਣ ਲਈ ਹੋਰ ਸੁਧਾਰ ਵਿਚਾਰੇ ਗਏ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਪਣੀ ਆਰਥਿਕ ਸਲਾਹਕਾਰ ਕੌਂਸਲ ਦੀ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਜੀਵਨ ਅਤੇ ਕੰਮ ਨੂੰ ਸੌਖਾ ਬਣਾਉਣ ਲਈ ਹੋਰ ਸੁਧਾਰਾਂ ਬਾਰੇ ਚਰਚਾ ਕੀਤੀ ਗਈ। ਸੂਤਰਾਂ ਨੇ ਦੱਸਿਆ, ÷ਪ੍ਰਧਾਨ ਮੰਤਰੀ ਅਤੇ ਆਰਥਿਕ ਸਲਾਹਕਾਰ ਕੌਂਸਲ (513) ਨੇ ਵਿਸ਼ਵਵਿਆਪੀ ਉਥਲ-ਪੁਥਲ ਦੇ ਸਮੇਂ ਵਿੱਚ ਭਾਰਤ ਦੇ ਆਰਥਿਕ ਵਿਕਾਸ ਨੂੰ ਹੋਰ ਵਧਾਉਣ ਲਈ ਵੱਖ-ਵੱਖ ਵਿਚਾਰਾਂ ਅਤੇ ਉਪਾਵਾਂ 'ਤੇ ਚਰਚਾ ਕੀਤੀ।÷

ਉਨ੍ਹਾਂ ਕਿਹਾ ਕਿ ਜੀਵਨ ਨੂੰ ਸੌਖਾ ਬਣਾਉਣ ਅਤੇ ਕਾਰੋਬਾਰ ਕਰਨ ਨੂੰ ਸੌਖਾ ਬਣਾਉਣ ਵਿੱਚ ਸੁਧਾਰ ਲਿਆਉਣ ਲਈ ਵੱਖ-ਵੱਖ ਸੁਧਾਰਾਂ 'ਤੇ ਵੀ ਚਰਚਾ ਕੀਤੀ ਗਈ। ਕੌਂਸਲ ਦੇ ਮੈਂਬਰਾਂ ਨੇ ਭਾਰਤ ਅਤੇ ਵਿਸ਼ਵ 'ਤੇ ਪੱਛਮੀ ਏਸ਼ੀਆ ਦੇ ਸੰਘਰਸ਼ ਦੇ ਪ੍ਰਭਾਵ ਬਾਰੇ ਵੀ ਆਪਣਾ ਮੁਲਾਂਕਣ ਦਿੱਤਾ।

ਇਹ ਮੀਟਿੰਗ ਭਾਰਤ ਦੇ ਵਿਕਾਸ ਅਨੁਮਾਨਾਂ ਦੇ ਭਵਿੱਖਬਾਣੀਆਂ ਨੂੰ ਮਾਤ ਦੇਣ ਅਤੇ ਵਿੱਤੀ ਸਾਲ 2026 ਵਿੱਚ 7.7% ਜੀਡੀਪੀ ਵਿਕਾਸ ਦਰ ਦਰਜ ਕਰਨ ਤੋਂ ਇੱਕ ਦਿਨ ਬਾਅਦ ਹੋਈ ਹੈ।

ਜਨਵਰੀ ਤੋਂ ਮਾਰਚ ਦੀ ਤਿਮਾਹੀ ਵਿੱਚ ਵਿਕਾਸ ਦਰ 7.8% ਤੱਕ ਵਧ ਗਈ, ਜਿਸਦਾ ਕਾਰਨ ਮਜ਼ਬੂਤ ਘਰੇਲੂ ਮੰਗ, ਸਰਕਾਰੀ ਖਰਚੇ ਅਤੇ ਪੇਂਡੂ ਅਰਥਚਾਰੇ ਵਿੱਚ ਮੁੜ ਸੁਰਜੀਤੀ ਦੇ ਸੰਕੇਤ ਸਨ, ਜਿੱਥੇ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਟਰੈਕਟਰਾਂ ਦੀ ਵਿਕਰੀ ਵਿੱਚ 23% ਦਾ ਵਾਧਾ ਹੋਇਆ ਹੈ।

ਪੱਛਮੀ ਏਸ਼ੀਆ ਦੇ ਸੰਕਟ ਦਰਮਿਆਨ ਵਿਸ਼ਵਵਿਆਪੀ ਰੁਕਾਵਟਾਂ ਦੇ ਬਾਵਜੂਦ ਵਿਕਾਸ ਦੇ ਅੰਦਾਜ਼ੇ ਉਮੀਦਾਂ ਤੋਂ ਵੱਧ ਗਏ। ਰਾਸ਼ਟਰੀ ਅੰਕੜਾ ਦਫ਼ਤਰ ਦੁਆਰਾ ਜਾਰੀ ਕੀਤੇ ਗਏ ਵਿਕਾਸ ਦੇ ਅੰਕੜਿਆਂ 'ਤੇ ਟਿੱਪਣੀ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦੀ ਵਿਕਾਸ ਦੀ ਰਫ਼ਤਾਰ ਮਜ਼ਬੂਤ ? ?ਬਣੀ ਹੋਈ ਹੈ!

ਉਨ੍ਹਾਂ ਨੇ ਕਿਹਾ, ÷ਵਿੱਤੀ ਸਾਲ 2025-26 ਵਿੱਚ 7.7% ਅਤੇ ਵਿੱਤੀ ਸਾਲ 2025-26 ਦੀ ਚੌਥੀ ਤਿਮਾਹੀ ਵਿੱਚ 7.8% ਦੀ ਜੀਡੀਪੀ ਵਿਕਾਸ ਦਰ ਸਾਡੀ ਅਰਥਵਿਵਸਥਾ ਦੀ ਅੰਦਰੂਨੀ ਤਾਕਤ, ਸੁਧਾਰਾਂ ਦੀ ਸਫਲਤਾ ਅਤੇ 140 ਕਰੋੜ ਭਾਰਤੀਆਂ ਦੀ ਸਖ਼ਤ ਮਿਹਨਤ ਨੂੰ ਦਰਸਾਉਂਦੀ ਹੈ। ਅਸੀਂ 'ਈਜ਼ ਆਫ ਲਿਵਿੰਗ', 'ਈਜ਼ ਆਫ ਡੂਇੰਗ ਬਿਜ਼ਨਸ' ਨੂੰ ਹੋਰ ਵਧਾਉਣ ਅਤੇ ਸਾਡੇ ਨੌਜਵਾਨਾਂ ਲਈ ਮੌਕੇ ਵਧਾਉਣ ਲਈ ਕੋਈ ਕਸਰ ਨਹੀਂ ਛੱਡਾਂਗੇ।÷ ਇਹ ਗੱਲ ਉਨ੍ਹਾਂ ਨੇ ਉਸ ਦਿਨ ਕਹੀ ਜਦੋਂ ਕਾਕਰੋਚ ਜਨਤਾ ਪਾਰਟੀ ਦੇ ਮੈਂਬਰਾਂ ਨੇ ਨੀਟ (©55") ਯੂਜੀ ਪੇਪਰ ਲੀਕ ਅਤੇ ਸੀਬੀਐਸਈ ਦੀ ਆਨ-ਸਕ੍ਰੀਨ ਮਾਰਕਿੰਗ ਵਿੱਚ ਗੜਬੜੀ ਨੂੰ ਲੈ ਕੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਕਰਦਿਆਂ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕੀਤਾ।

# ਸਿੱਖਿਆ ਮੰਤਰੀ ਦੇਣ ਅਸਤੀਫਾ, ਨਹੀਂ ਤਾਂ ਦੇਸ਼ ਭਰ 'ਚ ਹੋਵੇਗਾ ਤਿੱਖਾ ਅੰਦੋਲਨ: ਅਭਿਜੀਤ ਦੀਪਕੇ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਜੰਤਰ-ਮੰਤਰ ਵਿਖੇ 'ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਦੇ ਪ੍ਰਦਰਸ਼ਨ ਦੌਰਾਨ ਦੋ ਸਮੂਹਾਂ ਵਿਚਕਾਰ ਸੰਭਾਵਿਤ ਟਕਰਾਅ ਨੂੰ ਰੋਕਣ ਲਈ ਛੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ।ਅਧਿਕਾਰੀਆਂ ਨੇ ਦੱਸਿਆ ਕਿ ਇਹ ਹਿਰਾਸਤ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਇੱਕ ਸਾਵਧਾਨੀ ਉਪਾਅ ਵਜੋਂ ਕੀਤੀ ਗਈ ਸੀ, ਕਿਉਂਕਿ ਪੁਲੀਸ ਨੂੰ ਆਨਲਾਈਨ ਅੰਦੋਲਨ ਦੇ ਸਮਰਥਕਾਂ ਅਤੇ ਵਿਰੋਧੀਆਂ ਵਿਚਕਾਰ ਤਣਾਅ ਦੀ ਸੰਭਾਵਨਾ ਬਾਰੇ ਜਾਣਕਾਰੀ ਮਿਲੀ ਸੀ।

ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਦੇ ਸੰਸਥਾਪਕ ਅਭਿਜੀਤ ਦੀਪਕੇ ਭਾਰੀ ਸੁਰੱਖਿਆ ਵਿਚਕਾਰ ਸ਼ਨਿਚਰਵਾਰ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਆਯੋਜਿਤ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਇਸ ਪ੍ਰਦਰਸ਼ਨ ਵਿੱਚ ਸਕੂਲੀ ਅਤੇ ਕਾਲਜ ਦੇ ਵਿਦਿਆਰਥੀਆਂ ਸਮੇਤ ਨੌਜਵਾਨ ਪੇਸ਼ੇਵਰਾਂ ਦੀ ਵੱਡੀ ਗਿਣਤੀ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਕਈਆਂ ਨੇ ਕਾਕਰੋਚ ਦੇ ਮਾਸਕ ਪਾਏ ਹੋਏ ਸਨ ਅਤੇ ਹੱਥਾਂ ਵਿੱਚ ਫੁੱਲ ਫੜੇ ਹੋਏ ਸਨ।

ਸੰਸਥਾ ਨੇ ਪਹਿਲਾਂ ਹੀ 'ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ' ਦੀ ਇੱਕ ਸੂਚੀ ਜਾਰੀ ਕੀਤੀ ਸੀ ਅਤੇ ਪ੍ਰਦਰਸ਼ਨ ਵਾਲੀ ਥਾਂ 'ਤੇ ਸ਼ਾਮਲ ਹੋਣ ਵਾਲਿਆਂ ਨੂੰ ਤਿਰੰਗਾ, ਇੱਕ ਕਿਤਾਬ ਅਤੇ ਫੁੱਲ ਨਾਲ ਲਿਆਉਣ ਦੀ ਅਪੀਲ ਕੀਤੀ ਸੀ। ਇਸ ਦੌਰਾਨ, ਸੀਜੇਪੀ ਦੇ ਸੰਸਥਾਪਕ ਅਭੀਜੀਤ ਡਿਪਕੇ ਭਾਰੀ ਪੁਲੀਸ ਤਾਇਨਾਤੀ ਦੇ ਵਿਚਕਾਰ ਦਿੱਲੀ ਹਵਾਈ ਅੱਡੇ 'ਤੇ ਪਹੁੰਚ ਗਏ ਹਨ।

ਕਾਕਰੋਚ ਜਨਤਾ ਪਾਰਟੀ (ਸੀਜੇਪੀ) ਨਾਮੀ ਡਿਜੀਟਲ ਸੰਸਥਾ ਵੱਲੋਂ ਦਿੱਤੇ ਗਏ ਪ੍ਰਦਰਸ਼ਨ ਦੇ ਸੱਦੇ ਦੇ ਮੱਦੇਨਜ਼ਰ ਸ਼ਨਿਚਰਵਾਰ ਨੂੰ ਦਿੱਲੀ ਭਰ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ, ਜਿਸ ਤਹਿਤ ਪੁਲੀਸ ਨੇ ਇੰਦਰਾ ਗਾਂਧੀ ਅੰਤਰਰਾਸ਼ਟਰੀ (ਆਈਜੀਆਈ) ਹਵਾਈ ਅੱਡੇ, ਸਰਹੱਦੀ ਪ੍ਰਵੇਸ਼ ਪੁਆਇੰਟਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ 'ਤੇ ਵਾਧੂ ਜਵਾਨ ਤਾਇਨਾਤ ਕੀਤੇ ਹਨ।

ਇਸ ਮਹੀਨੇ ਦੇ ਸ਼ੁਰੂ ਵਿੱਚ, ਸੀਜੇਪੀ ਦੇ ਸੰਸਥਾਪਕ ਅਭਿਜੀਤ ਦਿਪਕੇ ਨੇ ਸਮਰਥਕਾਂ ਅਤੇ ਵਿਦਿਆਰਥੀਆਂ ਨੂੰ ਦਿੱਲੀ ਵਿੱਚ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ ਅਤੇ ਉਹਨਾਂ ਨੇ ਸਮਰਥਕਾਂ ਨੂੰ 7 ਜੂਨ ਨੂੰ ਦਿੱਲੀ ਹਵਾਈ ਅੱਡੇ 'ਤੇ ਇਕੱਠੇ ਹੋਣ ਲਈ ਵੀ ਕਿਹਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੁਲੀਸ ਨੂੰ ਪ੍ਰਸਤਾਵਿਤ ਪ੍ਰਦਰਸ਼ਨ ਲਈ ਇਜਾਜ਼ਤ ਮੰਗਣ ਵਾਲੀ ਕੋਈ ਰਸਮੀ ਬੇਨਤੀ ਨਹੀਂ ਮਿਲੀ ਹੈ, ਪਰ ਉਹ ਸੋਸ਼ਲ ਮੀਡੀਆ ਨਿਗਰਾਨੀ ਅਤੇ ਹੋਰ ਸਾਧਨਾਂ ਰਾਹੀਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਸੁਰੱਖਿਆ ਪ੍ਰਬੰਧ ਕਰ ਰਹੇ ਹਨ।

ਨਵੀਂ ਦਿੱਲੀ ਜ਼ਿਲ੍ਹੇ ਅਤੇ ਹੋਰ ਰਣਨੀਤਕ ਸਥਾਨਾਂ 'ਤੇ ਸੁਰੱਖਿਆ ਦੇ ਰੋਕਥਾਮ ਉਪਾਵਾਂ ਵਜੋਂ 1,000 ਤੋਂ ਵੱਧ ਪੁਲੀਸ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ। ਆਈਜੀਆਈ ਹਵਾਈ ਅੱਡੇ, ਪ੍ਰਮੁੱਖ ਰੇਲਵੇ ਸਟੇਸ਼ਨਾਂ, ਅੰਤਰ-ਰਾਜੀ ਬੱਸ ਟਰਮੀਨਲਾਂ ਅਤੇ ਗੁਆਂਢੀ ਰਾਜਾਂ ਨੂੰ ਦਿੱਲੀ ਨਾਲ ਜੋੜਨ ਵਾਲੇ ਸਰਹੱਦੀ ਪੁਆਇੰਟਾਂ 'ਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਗਏ ਹਨ। ਪੁਲੀਸ ਟੀਮਾਂ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪ੍ਰਮੁੱਖ ਚੌਰਾਹਿਆਂ, ਬਾਜ਼ਾਰਾਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ 'ਤੇ ਵੀ ਤਾਇਨਾਤ ਕੀਤਾ ਗਿਆ ਹੈ।

ਸੀ ਜੇ ਪੀ ਆਗੂ ਅਭਿਜੀਤ ਦੀਪਕੇ ਨੇ ਚਿਤਾਵਨੀ ਦਿੱਤੀ ਕਿ ਜੇਕਰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਆਪਣੇ ਅਹੁਦੇ ਤੋਂ ਨਹੀਂ ਹਟਦੇ, ਤਾਂ ਦੇਸ਼ ਭਰ ਵਿੱਚ ਪ੍ਰਦਰਸ਼ਨ ਤੇਜ਼ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਹਫ਼ਤੇ ਦੌਰਾਨ ਕਈ ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ ਜਾਣਗੇ। ਉਨ੍ਹਾਂ ਅਗਲੇ ਸ਼ਨਿੱਚਰਵਾਰ ਨੂੰ ਜੰਤਰ-ਮੰਤਰ ਵਿਖੇ ਇੱਕ ਹੋਰ ਵੱਡੇ ਪੱਧਰ ਦੇ ਪ੍ਰਦਰਸ਼ਨ ਦੀ ਯੋਜਨਾ ਦਾ ਐਲਾਨ ਕੀਤਾ।

ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਦੁਆਰਾ ਆਯੋਜਿਤ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਜੰਤਰ-ਮੰਤਰ ਪਹੁੰਚੇ ਹਨ। ਇਸ ਪ੍ਰਦਰਸ਼ਨ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਹੈ। ਪ੍ਰਦਰਸ਼ਨਕਾਰੀਆਂ ਵੱਲੋਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ।

**ਪ੍ਰਦਰਸ਼ਨ ਦੌਰਾਨ 6 ਵਿਅਕਤੀ ਹਿਰਾਸਤ ਵਿੱਚ ਲਏ**

ਜੰਤਰ-ਮੰਤਰ ਵਿਖੇ 'ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਦੇ ਪ੍ਰਦਰਸ਼ਨ ਦੌਰਾਨ ਦੋ ਸਮੂਹਾਂ ਵਿਚਕਾਰ ਸੰਭਾਵਿਤ ਟਕਰਾਅ ਨੂੰ ਰੋਕਣ ਲਈ ਛੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ।ਅਧਿਕਾਰੀਆਂ ਨੇ ਦੱਸਿਆ ਕਿ ਇਹ ਹਿਰਾਸਤ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਇੱਕ ਸਾਵਧਾਨੀ ਉਪਾਅ ਵਜੋਂ ਕੀਤੀ ਗਈ ਸੀ, ਕਿਉਂਕਿ ਪੁਲੀਸ ਨੂੰ ਆਨਲਾਈਨ ਅੰਦੋਲਨ ਦੇ ਸਮਰਥਕਾਂ ਅਤੇ ਵਿਰੋਧੀਆਂ ਵਿਚਕਾਰ ਤਣਾਅ ਦੀ ਸੰਭਾਵਨਾ ਬਾਰੇ ਜਾਣਕਾਰੀ ਮਿਲੀ ਸੀ।

# ਕੁਆਲਟੀ ਤਕਨੀਕੀ ਅਤੇ ਫਾਰਮਾਸਿਊਟੀਕਲ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰ ਯੂਨੀਵਰਸਿਟੀਆਂ ਨੂੰ ਬਣਾ ਰਹੀ ਹੈ ਭਵਿੱਖਮੁਖੀ: ਹਰਜੋਤ ਸਿੰਘ ਬੈਂਸ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਤਕਨੀਕੀ ਅਤੇ ਪੇਸ਼ੇਵਰ ਸਿੱਖਿਆ ਨੂੰ ਹੁਲਾਰਾ ਦੇਣ ਦੇ ਵਿਆਪਕ ਯਤਨ ਤਹਿਤ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਐਲਾਨ ਕੀਤਾ ਕਿ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿੱਚ ਅਕਾਦਮਿਕ ਸੈਸ਼ਨ 2026-27 ਤੋਂ ਪੰਜ ਨਵੇਂ ਉਦਯੋਗ ਅਤੇ ਹੁਨਰ-ਅਧਾਰਤ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ।

ਸ. ਬੈਂਸ ਨੇ ਕਿਹਾ ਕਿ ਨਵੇਂ ਕੋਰਸਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਮਸ਼ੀਨ ਲਰਨਿੰਗ ਵਿੱਚ ਬੀ.ਟੈਕ, ਰੋਬੋਟਿਕਸ ਅਤੇ ਏਆਈ ਵਿੱਚ ਬੀ.ਟੈਕ, ਬੀ.ਫਾਰਮੇਸੀ, ਬੀ.ਐਸ.ਸੀ. ਐਗਰੀਕਲਚਰ ਅਤੇ ਐਮ.ਸੀ.ਏ., ਐਮ.ਬੀ.ਏ. ਤੇ ਐਮ.ਐਸ.ਸੀ. ਵਿੱਚ ਪੰਜ ਸਾਲਾ ਇੰਟੀਗ੍ਰੇਟਿਡ ਪ੍ਰੋਗਰਾਮ ਸ਼ਾਮਲ ਹਨ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਕਦਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਨੂੰ ਰੋਜ਼ਗਾਰ-ਅਧਾਰਤ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਯੋਗ ਬਣਾਉਣ ਦੇ ਵਿਆਪਕ ਦ੍ਰਿਸ਼ਟੀਕੋਣ ਦਾ ਹਿੱਸਾ ਹੈ। ਉਨ੍ਹਾਂ ਅੱਗੇ ਕਿਹਾ ÷ਥਿਊਰੀ, ਪ੍ਰੀਖਿਆ-ਕੇਂਦ੍ਰਿਤ ਸਿੱਖਿਆ ਦਾ ਪੁਰਾਣਾ ਮਾਡਲ ਵੇਲਾ ਹੰਢਾ ਚੁੱਕਾ ਹੈ, ਜਿਸ ਕਰਕੇ ਅਸੀਂ ਇਸਨੂੰ ਵਿਹਾਰਕ ਸਿਖਲਾਈ, ਪ੍ਰਯੋਗਸ਼ਾਲਾ-ਅਧਾਰਤ ਅਤੇ ਅਸਲ-ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਅਨੁਸਾਰ ਢਾਲ ਰਹੇ ਹਾਂ। ਸਰਦਾਰ ਬੇਅੰਤ ਸਿੰਘ ਯੂਨੀਵਰਸਿਟੀ ਹੁਣ ਸਿਰਫ ਡਿਗਰੀ ਧਾਰਕਾਂ ਲਈ ਹੀ ਨਹੀਂ, ਸਗੋਂ ਨਵੀਨ ਵਿਚਾਰਾਂ ਵਾਲੇ ਨੌਜਵਾਨਾਂ ਲਈ ਲਾਂਚਪੈਡ ਬਣੇਗੀ। ਸਿੱਖਿਆ ਮੰਤਰੀ ਨੇ ਕਿਹਾ ਕਿ ਹਰ ਵਿਦਿਆਰਥੀ ਨੂੰ ਇੱਕ ਸਮੈਸਟਰ ਦੀ ਮਿਆਦ ਜਿੰਨੀ ਲਾਜ਼ਮੀ ਇੰਟਰਨਸ਼ਿਪ ਅਤੇ ਲਾਈਵ ਪ੍ਰੋਜੈਕਟਾਂ ਵਿੱਚੋਂ ਗੁਜ਼ਰਨਾ ਹੋਵੇਗਾ।

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਆਨਲਾਈਨ ਮਾਨੀਟਰਿੰਗ ਸੈੱਲ ਦੀ ਸਥਾਪਨਾ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਣ ਦੀ ਸੁਰੱਖਿਆ ਅਤੇ ਨਿਯਮਤ ਨਿਗਰਾਨੀ ਲਈ ਤਕਨਾਲੋਜੀ ਦਾ ਲਾਹਾ ਲੈਣ ਵੱਲ ਇੱਕ ਵੱਡਾ ਕਦਮ ਚੁੱਕਦਿਆਂ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਪਟਿਆਲਾ ਸਥਿਤ ਆਪਣੇ ਮੁੱਖ ਦਫ਼ਤਰ ਵਿਖੇ ਇੱਕ ਸਮਰਪਿਤ 'ਆਨਲਾਈਨ ਮਾਨੀਟਰਿੰਗ ਸੈੱਲ' (ਓਐਮਸੀ) ਦਾ ਗਠਨ ਕੀਤਾ ਹੈ।

ਇਹ ਨਵਾਂ ਸਥਾਪਿਤ ਸੈੱਲ ਪੰਜਾਬ ਦੇ ਉਦਯੋਗਾਂ ਅਤੇ ਸਾਂਝੇ ਟ੍ਰੀਟਮੈਂਟ ਪਲਾਂਟਾਂ ਵਿੱਚੋਂ ਨਿਕਲਣ ਵਾਲੀਆਂ ਗੈਸਾਂ (ਇਮਿਸ਼ਨ) ਅਤੇ ਤਰਲ ਰਹਿੰਦ-ਖੂੰਹਦ (ਇਫ੍ਲੂਐਂਟਸ) ਦੀ ਨਿਰੰਤਰ ਨਿਗਰਾਨੀ ਕਰੇਗਾ। ਇਹ 'ਵਾਰ-ਰੂਮ' ਵਰਗਾ ਹਾਈ-ਟੈਕ ਸੈੱਟਅੱਪ ਉਦਯੋਗਾਂ, ਸਾਂਝੇ ਤਰਲ ਰਹਿੰਦ-ਖੂੰਹਦ ਸੋਧਕ ਪਲਾਂਟਾਂ (ਸੀਈਟੀਪੀਜ), ਸਾਂਝੇ ਬਾਇਓ-ਮੈਡੀਕਲ ਰਹਿੰਦ-ਖੂੰਹਦ ਸੋਧਕ ਕੇਂਦਰਾਂ (ਸੀਬੀਡਬਲਿਯੂਟੀਐਫਜ), ਅਤੇ ਟ੍ਰੀਟਮੈਂਟ, ਸਟੋਰੇਜ ਅਤੇ ਡਿਸਪੋਜ਼ਲ ਸੁਵਿਧਾਵਾਂ (ਟੀਐਸਡੀਐਫਜ) ਵੱਲੋਂ ਲਗਾਏ ਗਏ ਆਨਲਾਈਨ ਨਿਰੰਤਰ ਨਿਕਾਸ ਅਤੇ ਤਰਲ ਰਹਿੰਦ-ਖੂੰਹਦ ਨਿਗਰਾਨੀ ਪ੍ਰਣਾਲੀ (ਓਸੀਈਐਮਐਸ), ਨਿਰੰਤਰ ਅੰਬੀਐਂਟ ਏਅਰ ਕੁਆਲਿਟੀ ਮਾਨੀਟਰਿੰਗ ਸਟੇਸ਼ਨ (ਸੀਏਏਕਿਊਐਮਐਸ), ਆਨਲਾਈਨ ਡਾਟਾ ਪ੍ਰਾਪਤੀ ਅਤੇ ਨਿਗਰਾਨੀ ਪ੍ਰਣਾਲੀ, ਸੀਸੀਟੀਵੀ ਸਰਵੇਲੈਂਸ ਸਿਸਟਮ, ਜੀਪੀਐਸ ਟ੍ਰੈਕਿੰਗ ਪ੍ਰਣਾਲੀ ਅਤੇ ਬਾਰਕੋਡ-ਅਧਾਰਤ ਸਾਫਟਵੇਅਰ ਦੀ ਡੂੰਘਾਈ ਨਾਲ ਨਿਗਰਾਨੀ ਕਰੇਗਾ। ਆਨਲਾਈਨ ਮਾਨੀਟਰਿੰਗ ਸੈੱਲ ਦੀ ਜ਼ਿੰਮੇਵਾਰੀ ਪੀ.ਪੀ.ਸੀ.ਬੀ. ਦੇ ਸਰਵਰਾਂ ਨਾਲ ਨਿਗਰਾਨੀ ਪ੍ਰਣਾਲੀਆਂ ਦੀ ਨਿਰਵਿਘਨ ਕਨੈਕਟੀਵਿਟੀ ਨੂੰ ਯਕੀਨੀ ਬਣਾਉਣਾ, ਆਨਲਾਈਨ ਪਲੇਟਫਾਰਮਾਂ ਦਾ ਇੱਕ ਵਿਆਪਕ ਡਾਟਾਬੇਸ ਤਿਆਰ ਰੱਖਣਾ, ਡਾਟਾ ਸਮੀਖਿਆ ਲਈ ਮਿਆਰੀ ਸੰਚਾਲਨ ਪ੍ਰਕਿਰਿਆਵਾਂ ਵਿਕਸਿਤ ਕਰਨਾ ਅਤੇ ਰੋਜ਼ਾਨਾ ਨਿਗਰਾਨੀ ਰਿਪੋਰਟਾਂ ਸੌਂਪਣਾ ਹੋਵੇਗੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸਮੁੱਚੀਆਂ ਪੰਥਕ ਸੰਸਥਾਵਾਂ ਇੱਕਜੁੱਟ ਹੋਣ : ਹਰਮੀਤ ਸਿੰਘ ਕਾਲਕਾ



**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਮਦਮੀ ਟਕਸਾਲ (ਜੱਥਾ ਭਿੰਡਰਾਂ ਮਹਿਤਾ) ਵੱਲੋਂ ਹਰ ਸਾਲ ਦੀ ਤਰ੍ਹਾਂ ਦਮਦਮੀ ਟਕਸਾਲ ਦੇ 14ਵੇਂ ਮੁਖੀ, ਵੀਹਵੀਂ ਸਦੀ ਦੇ ਮਹਾਨ ਜਰਨੈਲ, ਪੰਥ ਰਤਨ, ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਉਹਨਾਂ ਨਾਲ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਹੈਡ ਕੁਆਟਰ ਦਮਦਮੀ ਟਕਸਾਲ ਮਹਿਤਾ, ਅੰਮ੍ਰਿਤਸਰ ਵਿਖੇ 42ਵਾਂ ਸ਼ਹੀਦੀ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਵਿਸ਼ਾਲ ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਮੁੱਚੇ ਪੰਥ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਚਾਹੇ ਇਸ ਲਈ ਮੋਰਚੇ ਲਗਾਉਣੇ ਪੈਣ ਜਾਂ ਕਾਨੂੰਨੀ ਲੜਾਈ ਲੜਨੀ ਪਵੇ, ਸਾਰੀਆਂ ਸਿੱਖ ਸੰਸਥਾਵਾਂ ਅਤੇ ਸੰਗਤਾਂ ਨੂੰ ਇੱਕ ਮੰਚ 'ਤੇ ਆ ਕੇ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਵੀ ਵੱਡਾ ਉਪਰਾਲਾ ਸ਼ੁਰੂ ਕੀਤਾ ਜਾਂਦਾ ਹੈ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਭ ਤੋਂ ਅੱਗੇ ਖੜ੍ਹ ਕੇ ਆਪਣਾ ਯੋਗਦਾਨ ਪਾਵੇਗੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸਿੰਘਾਂ ਨੇ 35-35 ਸਾਲ ਜੇਲ੍ਹਾਂ ਵਿੱਚ ਰਹਿ ਕੇ ਸਿੱਖ ਕੌਮ ਲਈ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਨੂੰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਰਿਹਾਈ ਲਈ ਯਤਨ ਕਰਨਾ ਸਮੁੱਚੇ ਪੰਥ ਦਾ ਫਰਜ਼ ਹੈ। ਸਰਦਾਰ ਕਾਲਕਾ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ ਅਤੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

# ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਤੜਕਸਾਰ ਵਾਪਰੇ ਹਾਦਸੇ 'ਚ 8 ਦੀ ਮੌਤ, ਕਈ ਜ਼ਖਮੀ



**ਫਿਰੋਜ਼ਪੁਰ/ਮਮਦੋਟ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਜੰਗਾ ਵਾਲਾ ਮੋੜ ਨੇੜੇ ਅੱਜ ਸਵੇਰੇ ਪਿਕਅੱਪ ਗੱਡੀ ਦੀ ਟਰੱਕ ਨਾਲ ਟੱਕਰ ਹੋਣ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਇੱਕੋ ਪਰਿਵਾਰ ਦੇ ਕਰੀਬ 25 ਵਿਅਕਤੀ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਸਨ, ਜਲਾਲਾਬਾਦ ਤੋਂ ਬਿਆਸ ਵੱਲ ਆਪਣੇ ਇੱਕ ਰਿਸ਼ਤੇਦਾਰ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਜਾ ਰਹੇ ਸਨ, ਜਦੋਂ ਉਨ੍ਹਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ।

ਉਨ੍ਹਾਂ ਵਿੱਚੋਂ ਕਈਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਗੰਭੀਰ ਰੂਪ ਵਿੱਚ ਜ਼ਖਮੀਆਂ ਨੂੰ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਲਿਆਂਦਾ ਗਿਆ। ਸੀਨੀਅਰ ਮੈਡੀਕਲ ਅਫਸਰ ਡਾ: ਨਿਖਿਲ ਗੁਪਤਾ ਨੇ ਦੱਸਿਆ ਕਿ ਜੋ ਲੋਕ ਗੰਭੀਰ ਹਾਲਤ ਵਿੱਚ ਸਨ, ਉਨ੍ਹਾਂ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਸਰਕਾਰੀ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ ਹੈ। ਐੱਸਐੱਸਪੀ ਭੁਪਿੰਦਰ ਸਿੰਘ, ਜੋ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੌਕੇ 'ਤੇ ਪਹੁੰਚੇ, ਨੇ ਕਿਹਾ ਕਿ ਪੁਲਿਸ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕਰ ਰਹੀ ਹੈ, ਹਾਲਾਂਕਿ, ਉਨ੍ਹਾਂ ਦੀ ਪਹਿਲੀ ਤਰਜੀਹ ਗੰਭੀਰ ਜ਼ਖਮੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕਰਨਾ ਸੀ।

ਮੌਕੇ 'ਤੇ ਮੌਜੂਦ ਇੱਕ ਵਿਅਕਤੀ ਅਨੁਸਾਰ ਪਿਕਅੱਪ ਗੱਡੀ ਆਪਣੀ ਸਾਈਡ ਜਾ ਰਹੀ ਅਤੇ ਸਾਹਮਣੇ ਤੋਂ ਆ ਰਹੇ ਇੱਕ ਟਲਾਰੇ ਨਾਲ ਟਕਰਾਉਣ ਕਾਰਨ ਖੇਤਾਂ ਵੱਲ ਪਲਟ ਗਈ, ਜਿਸ ਕਾਰਨ ਕਈ ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ। ਪੁਲੀਸ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕੀਤੀ ਹੈ।

# ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਪੰਜਾਬ ਦੇ ਰਾਜਪਾਲ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ



**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਉਪ ਰਾਜਪਾਲ, ਸਰਦਾਰ ਤਰਨਜੀਤ ਸਿੰਘ ਸੰਧੂ ਨੇ ਅੱਜ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ।

ਮੀਟਿੰਗ ਦੇ ਦੌਰਾਨ ਪੰਜਾਬ, ਚੰਡੀਗੜ੍ਹ, ਦਿੱਲੀ ਅਤੇ ਰਾਸ਼ਟਰੀ ਮਹੱਤਵ ਦੇ ਵਿਭਿੰਨ ਮੁੱਦਿਆਂ 'ਤੇ ਵਿਆਪਕ ਅਤੇ ਸਾਰਥਕ ਚਰਚਾ ਹੋਈ।

ਵਿਸ਼ੇਸ਼ ਤੌਰ 'ਤੇ ਸੀਮਾਵਰਤੀ ਖੇਤਰਾਂ ਦੇ ਨੌਜਵਾਨਾਂ ਨੂੰ ਕੌਸ਼ਲ ਵਿਕਾਸ ਪ੍ਰੋਗਰਾਮਾਂ ਨਾਲ ਪ੍ਰਭਾਵੀ ਢੰਗ ਨਾਲ ਜੋੜਨ 'ਤੇ ਬਲ ਦਿੱਤਾ ਗਿਆ, ਤਾਕਿ ਉਨ੍ਹਾਂ ਦੀ ਰੋਜ਼ਗਾਰ ਸਮਰੱਥਾ ਵਧਾਈ ਜਾ ਸਕੇ ਅਤੇ ਉਨ੍ਹਾਂ ਨੂੰ ਆਤਮਨਿਰਭਰ ਬਣਨ ਲਈ ਪ੍ਰੋਤਸਾਹਿਤ ਕੀਤਾ ਜਾ ਸਕੇ।

ਦੋਹਾਂ ਪਤਵੰਤਿਆਂ ਨੇ ਵਿਕਸਿਤ ਭਾਰਤ02047 ਦੇ ਲਕਸ਼ ਦੀ ਪ੍ਰਾਪਤੀ ਵਿੱਚ ਯੁਵਾ ਸਸ਼ਕਤੀਕਰਣ ਅਤੇ ਕੌਸ਼ਲ ਵਿਕਾਸ ਨੂੰ ਮਹੱਤਵਪੂਰਨ ਅਧਾਰ ਥੰਮ੍ਹ ਦੱਸਦੇ ਹੋਏ ਇਸ ਦਿਸ਼ਾ ਵਿੱਚ ਨਿਰੰਤਰ ਪ੍ਰਯਾਸਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਸ਼ੌਂਕ ਅਤੇ ਸ਼ੋਹਰਤ ਦੀ ਚਾਹ ਵਿੱਚ ਬਣਿਆ ਤਸਕਰ, 50 ਗ੍ਰਾਮ ਸਮੈਕ (ਹੈਰੋਇਨ) ਸਮੇਤ ਗ੍ਰਿਫ਼ਤਾਰ

**ਕਰਨਾਲ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਅਧਿਕਾਰੀ ਕਰਨਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਚਲਾਏ ਜਾ ਰਹੇ ਵਿਸ਼ੇਸ਼ ਅਭਿਆਨ ਤਹਿਤ ਐਂਟੀ ਨਾਰਕੋਟਿਕਸ ਸੈੱਲ ਕਰਨਾਲ ਦੀ ਟੀਮ ਨੇ ਇੰਚਾਰਜ ਸਬ-ਇੰਸਪੈਕਟਰ ਹਿੰਮਤ ਸਿੰਘ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਇੱਕ ਦੋਸ਼ੀ ਨੂੰ 50 ਗ੍ਰਾਮ ਸਮੈਕ (ਹੈਰੋਇਨ) ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਂਟੀ ਨਾਰਕੋਟਿਕਸ ਸੈੱਲ ਦੇ ਇੰਚਾਰਜ ਹਿੰਮਤ ਸਿੰਘ ਨੇ ਦੱਸਿਆ ਕਿ ਐਂਟੀ ਨਾਰਕੋਟਿਕਸ ਸੈੱਲ ਕਰਨਾਲ ਦੀ ਟੀਮ ਗਸ਼ਤ ਅਤੇ ਅਪਰਾਧ ਰੋਕਥਾਮ ਦੌਰਾਨ ਇਲਾਕੇ ਵਿੱਚ ਮੌਜੂਦ ਸੀ। ਇਸੇ ਦੌਰਾਨ ਟੀਮ ਨੇ ਗੁਪਤ ਸੂਚਨਾ ਅਤੇ ਸ਼ੱਕ ਦੇ ਆਧਾਰ 'ਤੇ ਇੱਕ ਨੌਜਵਾਨ ਨੂੰ ਕਾਬੂ ਕੀਤਾ। ਪੁੱਛਗਿੱਛ ਅਤੇ ਤਲਾਸ਼ੀ ਦੌਰਾਨ ਦੋਸ਼ੀ ਦੇ ਕਬਜ਼ੇ ਵਿੱਚੋਂ 50 ਗ੍ਰਾਮ ਸਮੈਕ (ਹੈਰੋਇਨ) ਬਰਾਮਦ ਹੋਈ।

ਦੋਸ਼ੀ ਦੀ ਪਹਿਚਾਣ ਸਾਜਿਦ ਪੁੱਤਰ ਅਬਦੁਲ ਗ਼ਫ਼ਾਰ, ਵਾਸੀ ਗਲੀ ਨੰਬਰ 3, ਬਡੂਨਗਰ ਨਵਾਬ ਮੁਹੱਲਾ, ਜ਼ਿਲ੍ਹਾ ਕਾਸਗੰਜ, ਉੱਤਰ ਪ੍ਰਦੇਸ਼ ਵਜੋਂ ਹੋਈ ਹੈ।

ਦੋਸ਼ੀ ਖ਼ਿਲਾਫ਼ ਥਾਣਾ ਘਰੌਂਡਾ, ਜ਼ਿਲ੍ਹਾ ਕਰਨਾਲ ਵਿੱਚ ਮੁਕੱਦਮਾ ਨੰਬਰ 268 ਮਿਤੀ 02/06/2026 ਨੂੰ ਐਨਡੀਪੀਐਸ ਐਕਟ ਦੀਆਂ ਸੰਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀ ਨੇ ਮੁੱਢਲੀ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਜਲਦੀ ਅਮੀਰ ਬਣਨ ਅਤੇ ਆਪਣੇ ਸ਼ੌਕ ਪੂਰੇ ਕਰਨ ਲਈ ਸਮੈਕ (ਹੈਰੋਇਨ) ਵੇਚਣ ਦਾ ਕੰਮ ਕਰਦਾ ਸੀ।

ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਮਾਮਲੇ ਵਿੱਚ ਦੋਸ਼ੀ ਦਾ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ। ਰਿਮਾਂਡ ਦੌਰਾਨ ਦੋਸ਼ੀ ਤੋਂ ਡੂੰਘੀ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਨਸ਼ਾ ਤਸਕਰੀ ਦੇ ਨੈੱਟਵਰਕ ਨਾਲ ਜੁੜੇ ਹੋਰ ਦੋਸ਼ੀਆਂ ਅਤੇ ਸਪਲਾਇਰਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ।

# ਲਾਪਤਾ ਆਸਟਰੇਲੀਆਈ ਪਰਵਾਸੀ ਭਾਰਤੀ ਦੇ ਕਤਲ ਮਾਮਲੇ 'ਚ ਵੱਡਾ ਖੁਲਾਸਾ; ਭਰਾ ਹੀ ਨਿਕਲਿਆ ਕਾਤਲ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕੁਝ ਦਿਨਾਂ ਤੋਂ ਰਹੱਸਮਈ ਹਾਲਾਤ ਵਿੱਚ ਲਾਪਤਾ ਹੋਏ 66 ਸਾਲਾ ਆਸਟਰੇਲੀਆਈ ਨਾਗਰਿਕ (ਪਰਵਾਸੀ ਭਾਰਤੀ) ਸੁਨੀਲ ਸ਼ਰਮਾ ਦੀ ਭਾਲ ਦਾ ਦੁਖਾਂਤਕ ਅੰਤ ਹੋਇਆ ਹੈ। ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਪੁਸ਼ਟੀ ਕੀਤੀ ਹੈ ਕਿ ਲਾਪਤਾ ਐਨ.ਆਰ.ਆਈ. ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਪੁਲੀਸ ਨੇ ਇਸ ਸਨਸਨੀਖੇਜ਼ ਮਾਮਲੇ ਵਿੱਚ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਵਿੱਚ ਮ੍ਰਿਤਕ ਦਾ ਆਪਣਾ ਸਗਾ ਭਰਾ ਵੀ ਸ਼ਾਮਲ ਹੈ। ਪੁਲੀਸ ਵੱਲੋਂ ਅੱਜ ਦੇਰ ਸ਼ਾਮ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਖ਼ੂਨੀ ਵਾਰਦਾਤ ਦੇ ਪਿੱਛੇ ਦੀ ਅਸਲ ਵਜ੍ਹਾ ਅਤੇ ਪੂਰੇ ਘਟਨਾਕ੍ਰਮ ਦਾ ਖੁਲਾਸਾ ਕੀਤੇ ਜਾਣ ਦੀ ਉਮੀਦ ਹੈ। ਸੀਨੀਅਰ ਪੁਲੀਸ ਕਪਤਾਨ (ਐਸ.ਐਸ.ਪੀ.) ਕੰਵਲਪ੍ਰੀਤ ਸਿੰਘ ਅੱਜ ਮੀਡੀਆ ਨੂੰ ਸੰਬੋਧਨ ਕਰਨਗੇ, ਜਿੱਥੇ ਉਹ ਕਤਲ ਦੇ ਮਕਸਦ ਅਤੇ ਵਾਰਦਾਤ ਨੂੰ ਅੰਜਾਮ ਦੇਣ ਦੇ ਤਰੀਕੇ ਬਾਰੇ ਵਿਸਤਾਰਪੂਰਵਕ ਜਾਣਕਾਰੀ ਸਾਂਝੀ ਕਰਨਗੇ। ਮੈਲਬੌਰਨ (ਆਸਟਰੇਲੀਆ) ਵਿੱਚ ਗਣਿਤ ਦੇ ਅਧਿਆਪਕ ਵਜੋਂ ਕੰਮ ਕਰਦੇ ਸੁਨੀਲ ਸ਼ਰਮਾ ਬੀਤੀ 22 ਮਈ ਤੋਂ ਪੰਜਾਬ ਫੇਰੀ ਦੌਰਾਨ ਅਚਾਨਕ ਲਾਪਤਾ ਹੋ ਗਏ ਸਨ। ਉਹ ਅੰਮ੍ਰਿਤਸਰ ਸਥਿਤ ਆਪਣੀ ਇੱਕ ਜਾਇਦਾਦ ਦੇ ਮਾਮਲੇ ਨੂੰ ਸੁਲਝਾਉਣ ਅਤੇ ਉੱਥੇ ਘਰ ਦੇ ਰੰਗ-ਰੋਗਨ ਦੇ ਕੰਮ ਦੀ ਦੇਖਭਾਲ ਕਰਨ ਲਈ ਆਏ ਹੋਏ ਸਨ।

# ਆਬਕਾਰੀ ਵਿਭਾਗ ਨੇ ਆਬਕਾਰੀ ਨੀਤੀ ਦੀ ਉਲੰਘਣਾ ਦੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਨਿਸ਼ਾਂਤ ਯਾਦਵ, ਆਈਏਐੱਸ, ਆਬਕਾਰੀ ਅਤੇ ਟੈਕਸੇਸ਼ਨ ਕਮਿਸ਼ਨਰ, ਯੂਟੀ ਚੰਡੀਗੜ੍ਹ ਦੇ ਮਾਰਗਦਰਸ਼ਨ ਅਤੇ ਨਿਰਦੇਸ਼ਾਂ ਦੇ ਤਹਿਤ ਆਬਕਾਰੀ ਵਿਭਾਗ ਨੇ ਪੰਜਾਬ ਆਬਕਾਰੀ ਐਕਟ, 1914, ਉਸ ਦੇ ਤਹਿਤ ਬਣਾਏ ਗਏ ਨਿਯਮਾਂ ਅਤੇ ਯੂਟੀ ਚੰਡੀਗੜ੍ਹ ਦੀ ਆਬਕਾਰੀ ਨੀਤੀ 2026-27 ਦੇ ਪ੍ਰਾਵਧਾਨਾਂ ਦੇ ਪ੍ਰਭਾਵੀ ਅਨੁਪਾਲਨ ਨੂੰ ਸੁਨਿਸ਼ਚਿਤ ਕਰਨ ਹਿਤ ਲਾਗੂਕਰਨ ਗਤੀਵਿਧੀਆਂ ਨੂੰ ਹੋਰ ਅਧਿਕ ਸਖ਼ਤ ਕੀਤਾ ਹੈ।

ਹਾਲ ਹੀ ਵਿੱਚ ਇਹ ਦੇਖਿਆ ਗਿਆ ਕਿ ਇੱਕ ਖੁਦਰਾ ਸ਼ਰਾਬ ਲਾਇਸੈਂਸਧਾਰਕ ਦੁਆਰਾ ਸਮਿਰਨੌਫ ਮਿੰਟੀ ਜਾਮੁਨ ਵੋਡਕਾ ਨੂੰ ਬਰਫ਼ ਦੇ ਗੋਲਿਆਂ (ਚੁਸਕੀ) ਦੇ ਨਾਲ ਮਿਲਾ ਕੇ ਅਣਅਧਿਕਾਰਿਤ ਤਰੀਕੇ ਨਾਲ ਆਮ ਜਨਤਾ ਨੂੰ ਲਾਇਸੰਸਸ਼ੁਦਾ ਪਰਿਸਰ ਦੇ ਬਾਹਰ, ਇੰਟਰਨਲ ਮਾਰਕਿਟ, ਸੈਕਟਰ 9, ਚੰਡੀਗੜ੍ਹ ਦੇ ਵਿੱਚ ਪਰੋਸਿਆ ਜਾ ਰਿਹਾ ਸੀ।

ਇਸ ਸਬੰਧ ਵਿੱਚ ਕਲੈਕਟਰ (ਆਬਕਾਰੀ), ਸ਼੍ਰੀ ਪ੍ਰਦੁਮਨ ਸਿੰਘ ਦੁਆਰਾ ਲਾਇਸੰਸਧਾਰਕ, ਮੈਸਰਜ਼ ਬਜਾਜ ਸਪਿਰਿਟਸ ਪ੍ਰਾਈਵੇਟ ਲਿਮਿਟਿਡ, ਇੰਟਰਨਲ ਮਾਰਕਿਟ, ਸੈਕਟਰ 9, ਚੰਡੀਗੜ੍ਹ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ। ਮਾਮਲੇ 'ਤੇ ਵਿਚਾਰ ਕਰਨ ਤੋਂ ਬਾਅਦ ਕਲੈਕਟਰ (ਆਬਕਾਰੀ) ਦੁਆਰਾ ਲਾਇਸੈਂਸਧਾਰਕ 'ਤੇ 7 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ।

ਇੱਕ ਹੋਰ ਮਾਮਲੇ ਵਿੱਚ ਮੈਸਰਜ਼ ਕੈਂਦਲ ਹਾਸਪਿਟੈਲਿਟੀ, ਐੱਸਸੀਓ 11, ਸੈਕਟਰ 7, ਚੰਡੀਗੜ੍ਹ ਦਾ ਬਾਰ ਲਾਇਸੈਂਸ ਪੰਜਾਬ ਐਕਸਾਈਜ਼ ਐਕਟ, 1914 ਅਤੇ ਉਸ ਦੇ ਤਹਿਤ ਬਣਾਏ ਗਏ ਨਿਯਮਾਂ ਦੀ ਉਲੰਘਣਾ ਕਾਰਨ ਰੱਦ ਕਰ ਦਿੱਤਾ ਗਿਆ ਹੈ।

ਐਕਸਾਈਜ਼ ਵਿਭਾਗ ਯੂਟੀ ਚੰਡੀਗੜ੍ਹ ਵਿੱਚ ਪਾਰਦਰਸ਼ੀ, ਕਾਨੂੰਨੀ ਅਤੇ ਸੁਵਿਵਸਥਿਤ ਐਕਸਾਈਜ਼ ਪ੍ਰਸ਼ਾਸਨ ਸੁਨਿਸ਼ਚਿਤ ਕਰਨ ਲਈ ਪ੍ਰਤੀਬੱਧ ਹੈ। ਸ਼ਰਾਬ ਦੀ ਅਣਅਧਿਕਾਰਿਤ ਵਿਕਰੀ, ਪਰੋਸਣਾ, ਸਟੋਰੇਜ, ਟ੍ਰਾਂਸਪੋਰਟੇਸ਼ਨ ਜਾਂ ਦੁਰਉਪਯੋਗ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਜਾਂ ਲਾਇਸੈਂਸਧਾਰਕ ਦੇ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸਰਕਾਰੀ ਸਕੂਲਾਂ ਵਿੱਚ ਕੋਈ ਲੇਟ ਫੀਸ ਨੀਤੀ ਨਹੀਂ; ਸਾਰੇ ਸਕੂਲਾਂ ਵਿੱਚ ਐੱਸਐੱਮਆਈਐੱਸ ਹੈਲਪਡੈਸਕ ਸਥਾਪਿਤ ਕੀਤੇ ਜਾਣਗੇ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਟੀ ਚੰਡੀਗੜ੍ਹ ਦੇ ਡਾਇਰੈਕਟਰ ਸਕੂਲ ਸਿੱਖਿਆ, ਸ਼੍ਰੀ ਨਿਤੀਸ਼ ਸਿੰਗਲਾ ਨੇ ਅੱਜ ਸਰਕਾਰੀ ਸਕੂਲਾਂ ਵਿੱਚ ਐੱਸਐੱਮਆਈਐੱਸ ਫੀਸ ਪੋਰਟਲ ਦੇ ਲਾਗੂਕਰਨ ਅਤੇ ਮਾਪਿਆਂ ਦੀ ਸੁਵਿਧਾ ਲਈ ਕੀਤੇ ਜਾ ਰਹੇ ਉਪਾਵਾਂ ਦੀ ਸਮੀਖਿਆ ਹਿਤ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਮੀਟਿੰਗ ਦੇ ਦੌਰਾਨ ਡਾਇਰੈਕਟਰ ਨੇ ਸਾਰੇ ਸਰਕਾਰੀ ਸਕੂਲਾਂ ਨੂੰ ਮਾਪਿਆਂ ਦੀ ਸਹਾਇਤਾ ਲਈ ਸਮਰਪਿਤ ਐੱਸਐੱਮਆਈਐੱਸ ਹੈਲਪਡੈਸਕ ਸਥਾਪਿਤ ਕਰਨ ਦੇ ਨਿਰਦੇਸ਼ ਦਿੱਤੇ। ਇਹ ਹੈਲਪਡੈਸਕ ਫੀਸ ਭੁਗਤਾਨ, ਰਜਿਸਟ੍ਰੇਸ਼ਨ, ਮੁੜ-ਤਸਦੀਕ ਅਤੇ ਪੋਰਟਲ ਨਾਲ ਸਬੰਧਿਤ ਹੋਰ ਸਮੱਸਿਆਵਾਂ ਦੇ ਸਮਾਧਾਨ ਵਿੱਚ ਸਹਾਇਤਾ ਪ੍ਰਦਾਨ ਕਰਨਗੇ। ਜਿਹੜੇ ਮਾਪਿਆਂ ਨੂੰ ਕਿਸੇ ਪ੍ਰਕਾਰ ਦੀ ਸਹਾਇਤਾ ਦੀ ਜ਼ਰੂਰਤ ਹੋਵੇ, ਉਹ ਆਪਣੇ ਸਬੰਧਿਤ ਸਕੂਲ ਨਾਲ ਸੰਪਰਕ ਕਰ ਸਕਦੇ ਹਨ, ਜਿੱਥੇ ਨਿਰਧਾਰਿਤ ਸਟਾਫ਼ ਉਨ੍ਹਾਂ ਨੂੰ ਜ਼ਰੂਰੀ ਮਾਰਗਦਰਸ਼ਨ ਅਤੇ ਸਹਿਯੋਗ ਪ੍ਰਦਾਨ ਕਰਨਗੇ।

ਸ਼੍ਰੀ ਨਿਤੀਸ਼ ਸਿੰਗਲਾ ਨੇ ਦੱਸਿਆ ਕਿ ਮੁੜ-ਤਸਦੀਕ ਪ੍ਰਕਿਰਿਆ ਨੂੰ ਸਰਲ ਅਤੇ ਸੁਵਿਵਸਥਿਤ ਬਣਾਇਆ ਗਿਆ ਹੈ ਤਾਕਿ ਮਾਪਿਆਂ ਦੀਆਂ ਸਮੱਸਿਆਵਾਂ ਦਾ ਸਮਾਂਬੱਧ ਅਤੇ ਪਰੇਸ਼ਾਨੀ-ਮੁਕਤ ਸਮਾਧਾਨ ਸੁਨਿਸ਼ਚਿਤ ਕੀਤਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਐੱਸਐੱਮਆਈਐੱਸ ਫੀਸ ਭੁਗਤਾਨ ਲਿੰਕ, ਜ਼ਰੂਰੀ ਨਿਰਦੇਸ਼ਾਂ ਅਤੇ ਮਹੱਤਵਪੂਰਨ ਸੂਚਨਾ ਸਹਿਤ, ਸਿੱਖਿਆ ਵਿਭਾਗ ਦੀ ਅਧਿਕਾਰਿਤ ਵੈੱਬਸਾਇਟ 'ਤੇ ਉਪਲਬਧ ਹੈ।

ਫੀਸ ਭੁਗਤਾਨ ਨੂੰ ਲੈਕੇ ਉੱਠ ਰਹੀਆਂ ਚਿੰਤਾਵਾਂ ਦੇ ਸਬੰਧ ਵਿੱਚ ਡਾਇਰੈਕਟਰ ਨੇ ਸਪਸ਼ਟ ਕੀਤਾ ਕਿ ਸਰਕਾਰੀ ਸਕੂਲਾਂ ਵਿੱਚ ਕੋਈ ਲੇਟ ਫੀਸ ਨੀਤੀ ਨਹੀਂ ਹੈ ਅਤੇ ਮਾਪਿਆਂ ਨੂੰ ਕਿਸੇ ਪ੍ਰਕਾਰ ਦੇ ਲੇਟ ਫੀਸ ਚਾਰਜ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਮਾਪਿਆਂ ਨੂੰ ਫੀਸ ਭੁਗਤਾਨ ਕਰਨ ਦੀ ਪੂਰੀ ਸੁਵਿਧਾ ਅਤੇ ਲਚੀਲਾਪਣ ਦਿੱਤਾ ਗਿਆ। ਉਹ ਆਪਣੀ ਸੁਵਿਧਾ ਅਨੁਸਾਰ ਮਾਸਿਕ, ਤਿਮਾਹੀ, ਵਾਰਸ਼ਿਕ ਜਾਂ ਕਿਸੇ ਵੀ ਅਵਧੀ ਦੀ ਫੀਸ ਜਮ੍ਹਾਂ ਕਰਵਾ ਸਕਦੇ ਹਨ। ਡਾਇਰੈਕਟਰ ਨੇ ਇਹ ਵੀ ਦੁਹਰਾਇਆ ਕਿ ਸਰਕਾਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਤੋਂ ਅੱਠਵੀਂ ਕਲਾਸ ਤੱਕ ਪੜ੍ਹ ਰਹੇ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ ਹੈ। ਮੀਟਿੰਗ ਵਿੱਚ ਡਿਜੀਟਲ ਈਕੋਸਿਸਟਮ ਨੂੰ ਹੋਰ ਅਧਿਕ ਮਜ਼ਬੂਤ ਬਣਾਉਣ ਲਈ ਦੀਰਘਕਾਲੀ ਸੁਧਾਰਾਂ 'ਤੇ ਵੀ ਚਰਚਾ ਕੀਤੀ ਗਈ। ਭਵਿੱਖ ਵਿੱਚ ਫੀਸ ਸਬੰਧੀ ਸੇਵਾਵਾਂ ਨੂੰ ਸੰਪਰਕ ਪਲੈਟਫਾਰਮ ਨਾਲ ਏਕੀਕ੍ਰਿਤ ਕਰਨ ਦੇ ਪ੍ਰਯਾਸ ਕੀਤੇ ਜਾ ਰਹੇ ਹਨ ਤਾਕਿ ਪ੍ਰਕਿਰਿਆ ਹੋਰ ਅਧਿਕ ਸਰਲ, ਸੁਗਮ ਅਤੇ ਉਪਯੋਗਕਰਤਾ-ਅਨੁਕੂਲ ਬਣ ਸਕੇ। ਇਸ ਨਾਲ ਤਕਨੀਕੀ ਸਮੱਸਿਆਵਾਂ ਵਿੱਚ ਕਮੀ ਆਵੇਗੀ ਅਤੇ ਅਧਿਆਪਕਾਂ ਨੂੰ ਅਕਾਦਮਿਕ ਅਤੇ ਵਿੱਦਿਅਕ ਗਤੀਵਿਧੀਆਂ 'ਤੇ ਵਧੇਰੇ ਸਮਾਂ ਦੇਣ ਦਾ ਅਵਸਰ ਮਿਲੇਗਾ।ਸ਼੍ਰੀ ਨਿਤੀਸ਼ ਸਿੰਗਲਾ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲਾਂ ਦੇ ਹਿਤਾਂ ਅਤੇ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਦਰਸ਼ੀ, ਪ੍ਰਭਾਵੀ ਅਤੇ ਨਾਗਰਿਕ-ਅਨੁਕੂਲ ਸੇਵਾਵਾਂ ਉਪਲਬਧ ਕਰਵਾਉਣ ਲਈ ਸਿੱਖਿਆ ਵਿਭਾਗ ਦੀ ਪ੍ਰਤੀਬੱਧਤਾ ਦੀ ਦੁਹਰਾਈ।

# ਤਿਤਲੀ ਅਤੇ ਹਰਬਲ ਪਾਰਕ ਦੇ ਸੁੰਦਰੀਕਰਨ ਲਈ ਯਤਨਸ਼ੀਲ ਮੇਰਾ ਪਟਿਆਲਾ ਮੈਂ ਹੀ ਸਵਾਰਾਂ ਦੇ ਮੈਂਬਰ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਜਾਗਰੂਕ ਨਾਗਰਿਕਾਂ ਦੀ ਅਗਵਾਈ ਵਾਲੀ ਮੁਹਿੰਮ ÷ਮੇਰਾ ਪਟਿਆਲਾ ਮੈਂ ਹੀ ਸਵਾਰਾਂ÷ ਨੇ ਇੱਥੇ ਡੀਸੀ ਦਫਤਰ ਰੋਡ 'ਤੇ ਸਥਿਤ ਰੈੱਡ ਕਰਾਸ ਦਫਤਰ ਦੇ ਨਾਲ ਲੱਗਦੇ ਵਾਤਾਵਰਣ ਪਾਰਕ ਵਿੱਚ ਇੱਕ ਸੁੰਦਰ ਤਿਤਲੀ ਅਤੇ ਹਰਬਲ ਪਾਰਕ ਸਫਲਤਾਪੂਰਵਕ ਵਿਕਸਤ ਕੀਤਾ ਹੈ, ਜਿਸ ਨਾਲ ਵਾਤਾਵਰਣ ਸੰਭਾਲ ਅਤੇ ਸ਼ਹਿਰੀ ਸੁੰਦਰੀਕਰਨ ਵਿੱਚ ਲੋਕਾਂ ਦੀ ਨਿਰਸਵਾਰਥ ਭਾਗੀਦਾਰੀ ਨੂੰ ਹੋਰ ਮਜ਼ਬੂਤੀ ਮਿਲੀ ਹੈ।

ਆਪਣੇ ਸਮਰਪਿਤ ਯਤਨਾਂ ਨੂੰ ਜਾਰੀ ਰੱਖਦੇ ਹੋਏ, ਮੁਹਿੰਮ ਦੇ ਲਗਭਗ 30 ਵਲੰਟੀਅਰਾਂ ਨੇ ਅੱਜ ਇਸ ਸਥਾਨ 'ਤੇ ਇੱਕ ਵਿਆਪਕ ਸਫਾਈ ਮੁਹਿੰਮ ਚਲਾਈ। ਟੀਮ ਨੇ ਕੁਦਰਤੀ ਜਲ ਸਰੋਤ ਅਤੇ ਨਾਲ ਲੱਗਦੇ ਰਸਤੇ ਦੀ ਵੀ ਸਫਾਈ ਕੀਤੀ, ਜੋ ਕਿ ਬਟਰਫਲਾਈ ਅਤੇ ਹਰਬਲ ਪਾਰਕ ਦੇ ਦੂਜੇ ਪ੍ਰਵੇਸ਼ ਦੁਆਰ ਵਜੋਂ ਕੰਮ ਕਰੇਗਾ।

ਇਸ ਪਹਿਲਕਦਮੀ ਦੇ ਵੇਰਵੇ ਸਾਂਝੇ ਕਰਦੇ ਹੋਏ, ਕੈਪਟਨ ਸੁਖਜੀਤ ਕੌਰ ਨੇ ਕਿਹਾ ਕਿ ਇਸ ਮੁਹਿੰਮ ਦੌਰਾਨ ਲਗਭਗ 300 ਕਿਲੋਗ੍ਰਾਮ ਕੂੜਾ ਹਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 'ਅਸੀਂ ਜਲ ਸਰੋਤ ਨੂੰ ਸਾਫ਼ ਅਤੇ ਬਹਾਲ ਕਰ ਦਿੱਤਾ ਹੈ ਅਤੇ ਹੁਣ ਇਸ ਵਿੱਚ ਪਾਣੀ ਪਾਉਣ ਦੀ ਤਿਆਰੀ ਹੈ। ਪਾਰਕ ਵਿੱਚ ਸਿਰਫ਼ ਕੁਝ ਹੀ ਕੰਮ ਬਾਕੀ ਹਨ, ਜਿਸ ਤੋਂ ਬਾਅਦ ਇਹ ਟੀਮ ਪਟਿਆਲਾ ਨੂੰ ਸਾਫ਼ ਅਤੇ ਹਰਾ ਭਰਾ ਬਣਾਉਣ ਦੇ ਆਪਣੇ ਮਿਸ਼ਨ ਨੂੰ ਹੋਰ ਅੱਗੇ ਜਾਰੀ ਰੱਖੇਗੀ।'

ਵਲੰਟੀਅਰ ਐਚਪੀਐਸ ਲਾਂਬਾ ਨੇ ਦੱਸਿਆ ਕਿ ਅੱਜ 79ਵੀਂ ਸਫਾਈ ਮੁਹਿੰਮ ਸੀ ਤੇ 300 ਕਿਲੋ ਕੂੜਾ ਇਕੱਠਾ ਕਰਕੇ, ਮੁਹਿੰਮ ਨੇ ਹੁਣ ਤੱਕ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ 31,700 ਕਿਲੋ ਕੂੜਾ ਹਟਾਇਆ ਹੈ।ਪਾਰਕ ਲਈ ਭਵਿੱਖੀ ਵਿਕਾਸ ਯੋਜਨਾਵਾਂ ਬਾਰੇ ਪ੍ਰੋ. ਅਸ਼ੋਕ ਵਰਮਾ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਦੌਰਾਨ ਖੇਤਰ ਦੀ ਜੈਵ ਵਿਭਿੰਨਤਾ ਅਤੇ ਹਰੇ ਭਰੇ ਕਵਰ ਨੂੰ ਹੋਰ ਵਧਾਉਣ ਲਈ ਲਗਭਗ 500 ਰੁੱਖ ਲਗਾਏ ਜਾਣਗੇ।

ਸੀਐਮ ਕੌੜਾ ਨੇ ਕਿਹਾ ਕਿ ਤਿਤਲੀਆਂ ਲਈ ਇੱਕ ਅਨੁਕੂਲ ਨਿਵਾਸ ਸਥਾਨ ਬਣਾਉਣ ਅਤੇ ਸੈਲਾਨੀਆਂ ਵਿੱਚ ਵਾਤਾਵਰਣ ਸੰਬੰਧੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਪਾਰਕ ਵਿੱਚ ਕਈ ਦੇਸੀ ਜੜੀ-ਬੂਟੀਆਂ ਦੀਆਂ ਕਿਸਮਾਂ ਅਤੇ ਤਿਤਲੀਆਂ ਦੇ ਲਾਰਵੇ ਦੇ ਮੇਜ਼ਬਾਨ ਪੌਦੇ ਵੀ ਲਗਾਏ ਜਾਣਗੇ। ਕਰਨਲ ਕਰਮਿੰਦਰ ਸਿੰਘ ਨੇ ਦੱਸਿਆ ਕਿ ਇੱਕ ਵਿਸ਼ਾਲ ਤਿਤਲੀ ਨੂੰ ਦਰਸਾਉਂਦਾ 25 ×25 ਫੁੱਟ ਪੱਥਰ ਦਾ ਕੰਧ-ਚਿੱਤਰ ਇੱਕ ਵਿਲੱਖਣ ਆਕਰਸ਼ਣ ਵਜੋਂ ਬਣਾਇਆ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਜਗ੍ਹਾ 'ਤੇ ਝੂਲਿਆਂ ਅਤੇ ਹੋਰ ਖੇਡ ਉਪਕਰਣਾਂ ਨਾਲ ਲੈਸ ਇੱਕ ਬੱਚਿਆਂ ਦਾ ਪਾਰਕ ਵਿਕਸਤ ਕੀਤਾ ਜਾਵੇਗਾ।

# ਮਿੱਟੀ ਤੋਂ ਸੋਨਾ ਉਪਜਾਉਣ ਵਾਲੀਆਂ ਛੇ ਸ਼ਖ਼ਸੀਅਤਾਂ



## ਖੇਤੀ ਵਿਰਾਸਤ ਦਾ ਝੰਡਾ ਬਰਦਾਰ

### ਪਦਮਸ਼੍ਰੀ ਜਗਜੀਤ ਸਿੰਘ ਹਾਰਾ

*ਜਗਜੀਤ ਸਿੰਘ ਹਾਰਾ ਦਰਜਨਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਨਫਰੰਸਾਂ 'ਚ ਹਿੱਸਾ ਲੈ ਚੁੱਕੇ ਹਨ। ਅਨੇਕਾਂ ਵੱਡੀਆਂ ਹਸਤੀਆਂ ਤੇ ਨਾਮਵਰ ਖੇਤੀ ਵਿਗਿਆਨੀ ਉਨ੍ਹਾਂ ਦੇ 'ਹਾਰਾ ਬੀਜ ਫਾਰਮ' 'ਤੇ ਆਏ, ਜਿਸ ਨੂੰ ਉਨ੍ਹਾਂ ਨੇ 'ਵਿਜ਼ਿਟਰ ਬੁੱਕ' ਸਿਰਲੇਖ ਅਧੀਨ ਕਲਮਬੱਧ ਕੀਤਾ ਹੈ। ਇੱਥੋਂ ਤਕ ਕਿ ਮਸ਼ਹੂਰ ਖੇਤੀ ਵਿਗਿਆਨੀ ਨੋਬਲ ਪੁਰਸਕਾਰ ਜੇਤੂ ਡਾ. ਨਾਰਮਨ ਈ ਬੋਰਲਾਗ ਨੇ ਵੀ ਉਨ੍ਹਾਂ ਦੀ ਸ਼ਲਾਘਾ ਕੀਤੀ...*

ਜਗਜੀਤ ਸਿੰਘ ਹਾਰਾ ਖੇਤੀਬਾੜੀ ਦੇ ਖੇਤਰ 'ਚ ਸਤਿਕਾਰਤ ਨਾਂ ਹੈ। ਉਨ੍ਹਾਂ ਦੇ ਚਾਚਾ ਸਰਦਾਰ ਬਹਾਦਰ ਲਾਲ ਸਿੰਘ ਨੇ ਪੰਜਾਬ ਨੂੰ ਬਾਗ਼ਬਾਨੀ ਦੇ ਖੇਤਰ 'ਚ ਨਵੀਆਂ ਲੀਹਾਂ ਉੱਪਰ ਤੋਰਨ 'ਚ ਅਹਿਮ ਭੂਮਿਕਾ ਨਿਭਾਈ। ਜਗਜੀਤ ਸਿੰਘ ਹਾਰ ਨੇ ਆਪਣੇ ਪਿਤਾ ਸਰਦਾਰ ਰਾਮ ਸਿੰਘ ਪਾਸੋਂ ਖੇਤੀ ਤਕਨੀਕਾਂ ਹਾਸਲ ਕੀਤੀਆਂ। ਸਰਦਾਰ ਰਾਮ ਸਿੰਘ ਨੂੰ ਆਜ਼ਾਦੀ ਤੋਂ ਪਹਿਲਾਂ ਮੁਲਤਾਨ ਜ਼ਿਲ੍ਹੇ 'ਚ ਸਰਕਾਰ ਵੱਲੋਂ 25 ਏਕੜ ਬੰਜਰ ਜ਼ਮੀਨ ਆਬਾਦ ਕਰਨ ਲਈ ਅਲਾਟ ਕੀਤੀ ਗਈ ਸੀ। ਜਿਸ ਨੂੰ ਉਨ੍ਹਾਂ ਨੇ ਸਿਰੜ ਤੇ ਸਿਦਕ ਨਾਲ ਲਹਿਲਹਾਉਂਦੀ ਬਣਾਇਆ ਸੀ। ਖੇਤੀ ਦੀ ਇਸ ਵਿਰਾਸਤ ਨੂੰ ਅੱਜ ਜਗਜੀਤ ਸਿੰਘ ਹਾਰਾ ਉਸੇ ਲਗਨ ਨਾਲ ਅੱਗੇ ਤੋਰ ਰਹੇ ਹਨ।



ਉਨ੍ਹਾਂ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨੰਦਪੁਰ ਵਿਖੇ ਹੋਇਆ। ਉਨ੍ਹਾਂ ਦੇ ਫਾਰਮ ਦੀਆਂ ਮੁੱਖ ਫ਼ਸਲਾਂ ਕਣਕ, ਝੋਨਾ, ਖਰਬੂਜ਼ਾ, ਆਲੂ ਆਦਿ ਹਨ। ਉਨ੍ਹਾਂ ਦਾ ਫਾਰਮ ਇਨ੍ਹਾਂ ਫ਼ਸਲਾਂ ਦੇ ਬੀਜਾਂ ਲਈ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਭਾਰਤ ਵਿਚ ਮਸ਼ਹੂਰ ਹੈ। ਉਨ੍ਹਾਂ ਦੀਆਂ ਖੇਤੀ ਵਿਚ ਪ੍ਰਾਪਤੀਆਂ ਕਰਕੇ ਉਨ੍ਹਾਂ ਨੂੰ ਕਈ ਸੂਬਾਈ, ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ਦੇ ਇਨਾਮ-ਸਨਮਾਨ ਮਿਲ ਚੁੱਕੇ ਹਨ। ਉਹ ਕਈ ਸਲਾਹਕਾਰ ਕਮੇਟੀਆਂ ਦੇ ਮੈਂਬਰ ਵੀ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਪਹਿਲੀ ਵਾਰ 1977 ਵਿਚ ਸਨਮਾਨਤ ਕੀਤਾ ਗਿਆ।

ਖੇਤੀ ਸਬੰਧੀ ਨਵੀਆਂ ਤਕਨੀਕਾਂ ਅਤੇ ਨਵੀਨਤਮ ਗਿਆਨ ਪ੍ਰਾਪਤ ਕਰਨ ਲਈ ਉਹ ਕਈ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਉਹ ਖੇਤੀ ਯੂਨੀਵਰਸਿਟੀ ਦੀ ਕਿਸਾਨ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਕਿਸਾਨਾਂ ਨੂੰ ਪੇਸ਼ ਆਉਂਦੀਆਂ ਤਕਨੀਕੀ ਮੁਸ਼ਕਿਲਾਂ ਨੂੰ ਖੇਤੀ ਮਾਹਿਰਾਂ ਸਾਹਮਣੇ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਦੇ ਰਹੇ। ਮਨੀਲਾ ਸਥਿਤ ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ ਨੇ 1985 ਵਿਚ ਆਪਣੇ ਸਿਲਵਰ ਜੁਬਲੀ ਸਮਾਗਮ ਮੌਕੇ ਦੁਨੀਆ ਦੇ 14 ਉੱਤਮ ਝੋਨਾ ਉਤਪਾਦਕਾਂ ਨੂੰ 'ਆਊਟਸਟੈਂਡਿੰਗ ਫਾਰਮਰ ਆਫ ਦਿ ਵਰਲਡ' ਦਾ ਸਨਮਾਨ ਦਿੱਤਾ ਗਿਆ, ਜਿਨ੍ਹਾਂ ਵਿੱਚੋਂ ਜਗਜੀਤ ਸਿੰਘ ਹਾਰਾ ਵੀ ਇਕ ਸਨ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ 'ਵਿਜ਼ਟਿੰਗ ਫਾਰਮਰ ਪ੍ਰੋਫੈਸਰ' ਵੀ ਰਹੇ। ਮਾਸਕੋ ਸਟੇਟ ਐਗਰੋ ਇੰਜੀਨੀਅਰਿੰਗ ਯੂਨੀਵਰਸਿਟੀ ਵੱਲੋਂ 1993 ਵਿਚ ਉਨ੍ਹਾਂ ਨੂੰ 'ਪ੍ਰੋਫੈਸਰ ਆਫ ਆਨਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 1992 ਵਿਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮਸ਼੍ਰੀ' ਦੇ ਕੇ ਸਨਮਾਨਤ ਕੀਤਾ ਗਿਆ। ਇਹ ਇਨਾਮ ਹਾਸਲ ਕਰਨ ਵਾਲੇ ਉਹ ਸਭ ਤੋਂ ਛੋਟੀ ਉਮਰ ਦੇ ਨੌਜਵਾਨ ਸਨ। •

*ਮਹਿੰਦਰ ਸਿੰਘ ਗਰੇਵਾਲ ਨੇ ਛੋਟੀ ਕਿਸਾਨੀ ਦੇ ਬਾਵਜੂਦ ਵੱਡਾ ਨਾਮਣਾ ਖੱਟਿਆ ਹੈ। ਉਨ੍ਹਾਂ ਨੂੰ 5 ਅੰਤਰਰਾਸ਼ਟਰੀ, 7 ਰਾਸ਼ਟਰੀ ਅਤੇ 16 ਸੂਬਾ ਪੱਧਰੀ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ...*

## ਫਸਟ ਫੈਲੋ ਫਾਰਮਰ

### ਮਹਿੰਦਰ ਸਿੰਘ ਗਰੇਵਾਲ

ਕਿਸਾਨ ਮਹਿੰਦਰ ਸਿੰਘ ਗਰੇਵਾਲ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੰਗਣਵਾਲ ਦੇ ਵਸਨੀਕ ਹਨ। ਉਨ੍ਹਾਂ ਨੇ ਸੱਤ ਸਾਲ ਨੇਵੀ ਦੀ ਨੌਕਰੀ ਕਰਨ ਪਿੱਛੋਂ 1966 ਵਿਚ ਖੇਤੀ ਦਾ ਧੰਦਾ ਸ਼ੁਰੂ ਕੀਤਾ ਤੇ ਅੱਜ ਉਨ੍ਹਾਂ ਕੋਲ 53 ਸਾਲ ਦਾ ਖੇਤੀ ਤਜ਼ਰਬਾ ਹੈ। ਉਨ੍ਹਾਂ ਨੇ ਛੇ ਏਕੜ ਜ਼ਮੀਨ ਤੋਂ ਖੇਤੀ ਕਰਨੀ ਸ਼ੁਰੂ ਕੀਤੀ ਤੇ ਖੇਤੀ ਮਾਹਿਰਾਂ ਦੀ ਮਦਦ ਨਾਲ ਅਨੇਕਾਂ ਤਜ਼ਰਬੇ ਕੀਤੇ ਆਪਣੇ ਅਣਥੱਕ ਯਤਨਾਂ ਨਾਲ ਸਾਲ ਵਿਚ 3 ਤੋਂ 5 ਫ਼ਸਲਾਂ ਲੈਣ ਲੱਗੇ। ਬਹੁ-ਫ਼ਸਲੀ ਚੱਕਰ ਨੂੰ ਅਪਣਾ ਕੇ ਉਨ੍ਹਾਂ ਨੇ ਆਪਣੀ ਆਮਦਨ ਵਿਚ ਵਾਧਾ ਹੀ ਨਹੀਂ ਕੀਤਾ ਸਗੋਂ ਆਪਣੇ ਖੇਤੀ ਖ਼ਰਚੇ ਵੀ ਘਟਾ ਲਏ। ਇਸ ਨਾਲ ਖਾਦ ਦੀ ਵਰਤੋਂ ਘਟੀ, ਵਹਾਈ ਦਾ ਖ਼ਰਚਾ ਘਟਿਆ, ਖੇਤਾਂ ਵਿੱਚੋਂ ਨਦੀਨਾਂ ਦੀ ਮੁਸ਼ਕਿਲ ਦੂਰ ਹੋਈ ਅਤੇ ਜ਼ਮੀਨ ਦੀ ਤਾਕਤ ਵਿਚ ਵੀ ਵਾਧਾ ਹੋਇਆ।



ਮਹਿੰਦਰ ਸਿੰਘ ਗਰੇਵਾਲ ਨੇ ਖੇਤੀ ਦੇ ਨਾਲ-ਨਾਲ ਸ਼ਹਿਦ ਮੱਖੀਆਂ ਪਾਲਣਾ, ਫਲਦਾਰ ਬੂਟਿਆਂ ਦੀ ਨਰਸਰੀ ਲਗਾਉਣ, ਸਬਜ਼ੀਆਂ ਦੀ ਕਾਸ਼ਤ ਵਰਗੇ ਖੇਤੀ ਸਹਾਇਕ ਧੰਦਿਆਂ ਨੂੰ ਵੀ ਅਪਣਾਇਆ। ਛੋਟੀ ਕਿਸਾਨੀ ਦੇ ਬਾਵਜੂਦ ਉਨ੍ਹਾਂ ਨੇ ਖੇਤੀ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਅਤੇ ਪੰਜਾਬ ਸਰਕਾਰ ਵੱਲੋਂ ਰਾਸ਼ਟਰੀ ਪੱਧਰ ਦੇ ਐਗਰੀਕਲਚਰ ਕਮਿਸ਼ਨ ਦੇ ਮੈਂਬਰ ਬਣੇ। ਉਹ ਕਈ ਹੋਰ ਸੂਬਾ ਪੱਧਰੀ ਅਤੇ ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਦੇ ਵੀ ਮੈਂਬਰ ਵੀ ਰਹੇ ਹਨ। ਬਹੁਤ ਸਾਰੇ ਭਾਰਤੀ ਅਤੇ ਵਿਦੇਸ਼ੀ ਕਿਸਾਨ ਉਨ੍ਹਾਂ ਦੇ ਫਾਰਮ ਨੂੰ ਵੇਖਣ ਲਈ ਆਉਂਦੇ ਹਨ ਤੇ ਉਹ ਕਿਸੇ ਵੀ ਵੇਲੇ ਸਲਾਹ ਮਸ਼ਵਰੇ ਲਈ ਹਾਜ਼ਰ ਰਹਿੰਦੇ ਹਨ। ਉਨ੍ਹਾਂ ਨੂੰ 5 ਅੰਤਰਰਾਸ਼ਟਰੀ, 7 ਰਾਸ਼ਟਰੀ ਅਤੇ 16 ਸੂਬਾ ਪੱਧਰੀ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਮਹਿੰਦਰ ਸਿੰਘ ਗਰੇਵਾਲ ਬਤੌਰ 'ਵਿਗਿਆਨਕ ਕਿਸਾਨ' ਅਮਰੀਕਾ, ਕੈਨੇਡਾ, ਮੈਕਸੀਕੋ, ਥਾਈਲੈਂਡ, ਇੰਗਲੈਂਡ ਅਤੇ ਪਾਕਿਸਤਾਨ ਆਦਿ ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਉਹ ਕਈ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਕਲੱਬ ਦੇ ਪ੍ਰਧਾਨ ਵੀ ਰਹੇ। ਸਾਲ 2016-17 ਵਿਚ ਉਨ੍ਹਾਂ ਨੂੰ ਪੀਏਯੂ ਲੁਧਿਆਣਾ ਦੇ ਪਹਿਲੇ 'ਫੈਲੋ ਫਾਰਮਰ' ਹੋਣ ਦਾ ਮਾਣ ਹਾਸਲ ਹੋਇਆ ਹੈ। •





## ਵਿਗਿਆਨਕ ਲੀਹਾਂ ਦਾ ਪਾਂਧੀ

### ਜਗਤਾਰ ਸਿੰਘ ਬਰਾੜ

*ਜਗਤਾਰ ਸਿੰਘ ਬਰਾੜ ਨੇ ਆਪਣੇ ਖੇਤਾਂ ਵਿਚ ਫ਼ਸਲੀ ਚੱਕਰ ਨੂੰ ਇਸ ਢੰਗ ਨਾਲ ਅਪਣਾਇਆ ਹੈ ਕਿ ਉਨ੍ਹਾਂ ਨੇ 300 ਫ਼ੀਸਦੀ ਤੋਂ ਵੱਧ ਫ਼ਸਲੀ ਘਣਤਾ ਅਪਣਾਈ ਹੈ। 1999 ਵਿਚ ਜਿਸ ਸਮੇਂ ਜ਼ਿਆਦਾਤਰ ਕਿਸਾਨਾਂ ਨੂੰ ਪੌਲੀ ਹਾਊਸ ਬਾਰੇ ਜਾਣਕਾਰੀ ਵੀ ਨਹੀਂ ਸੀ, ਉਸ ਸਮੇਂ ਉਨ੍ਹਾਂ ਨੇ ਖ਼ੁਦ ਇਸ ਨੂੰ ਤਿਆਰ ਕੀਤਾ ਸੀ...*

58 ਵਰ੍ਹਿਆਂ ਦੇ ਜਗਤਾਰ ਸਿੰਘ ਬਰਾੜ ਨੇ ਆਪਣੀ 40 ਏਕੜ ਜ਼ਮੀਨ ਤੋਂ ਇਲਾਵਾ 35 ਏਕੜ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਸਾਲ 1977 ਤੋਂ ਉਨ੍ਹਾਂ ਨੇ ਆਲੂਆਂ ਦੀ ਕਾਸ਼ਤ ਕਰਨੀ ਸ਼ੁਰੂ ਕੀਤੀ ਤੇ ਇਲਾਕੇ ਦੇ ਕਿਸਾਨਾਂ ਲਈ ਚਾਨਣ-ਮੁਨਾਰਾ ਬਣ ਕੇ ਉੱਭਰੇ ਹਨ। ਸਖ਼ਤ ਮਿਹਨਤ ਅਤੇ ਲਗਨ ਨਾਲ ਉਨ੍ਹਾਂ ਨੇ ਆਪਣੇ ਫ਼ਸਲੀ-ਚੱਕਰ ਨੂੰ ਇਸ ਤਰ੍ਹਾਂ ਵਿਓਂਤਿਆ ਹੈ ਕਿ ਆਪਣੇ ਖੇਤਾਂ ਵਿਚ ਉਨ੍ਹਾਂ ਨੇ 300 ਫ਼ੀਸਦੀ ਤੋਂ ਵੀ ਵੱਧ ਫ਼ਸਲੀ ਘਣਤਾ ਅਪਣਾਈ ਹੈ।

ਸਾਲ 1996 ਵਿਚ ਉਨ੍ਹਾਂ ਨੇ ਮਿਰਚਾਂ ਦੀ ਕਾਸ਼ਤ ਸ਼ੁਰੂ ਕੀਤੀ ਤੇ ਅੱਜ 15 ਏਕੜ ਰਕਬੇ 'ਚ ਮਿਰਚਾਂ ਦੀ ਸਫਲ ਕਾਸ਼ਤ ਕਰ ਰਹੇ ਹਨ। ਉਸਾਰੂ ਸੋਚ ਦੇ ਮਾਲਕ ਜਗਤਾਰ ਸਿੰਘ ਬਰਾੜ ਨੇ 1999 ਵਿਚ ਖ਼ੁਦ ਡਿਜ਼ਾਈਨ ਕਰ ਕੇ ਪੌਲੀ-ਹਾਊਸ ਤਿਆਰ ਕੀਤਾ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਅਜੇ ਕਿਸਾਨਾਂ ਨੂੰ ਪੌਲੀ ਹਾਊਸ ਤਕਨੀਕ ਬਾਰੇ ਵਧੇਰੇ ਜਾਣਕਾਰੀ ਨਹੀਂ ਸੀ। ਇਸ ਪੌਲੀ ਹਾਊਸ ਵਿਚ ਉਹ ਆਪਣੇ ਤੇ ਆਪਣੇ ਸਾਥੀਆਂ ਲਈ ਸਬਜ਼ੀਆਂ ਦੀ ਪਨੀਰੀ ਤਿਆਰ ਕਰਦੇ ਹਨ। ਉਨ੍ਹਾਂ ਨੇ ਨਵੀਆਂ ਖੇਤੀ ਤਕਨੀਕਾਂ ਤੇ ਵਿਗਿਆਨਕ ਜਾਣਕਾਰੀ ਪ੍ਰਾਪਤ ਕਰਨ ਤੇ ਖੇਤੀ ਨੂੰ ਤਰੱਕੀ ਦੇ ਰਾਹ ਤੋਰਨ ਲਈ ਦੇਸ਼ ਦੇ ਵੱਖ-ਵੱਖ ਅਦਾਰਿਆਂ ਪਾਸੋਂ ਸਿਖਲਾਈ ਪ੍ਰਾਪਤ ਕੀਤੀ ਤੇ ਇਨ੍ਹਾਂ ਤਕਨੀਕਾਂ ਨੂੰ ਆਪਣੇ ਖੇਤਾਂ ਵਿਚ ਸਾਕਾਰ ਰੂਪ ਦਿੱਤਾ।



ਉਹ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਤੇ ਕੀੜਿਆਂ ਦੇ ਆਰਥਿਕ ਕਗਾਰ ਅਨੁਸਾਰ ਕੀਟ ਨਾਸ਼ਕਾਂ ਦੀ ਸੰਜਮੀ ਵਰਤੋਂ ਕਰਦੇ ਹਨ ਅਤੇ ਖੇਤਾਂ ਵਿਚ ਮਿੱਟੀ ਦੀ ਪਰਖ ਦੇ ਆਧਾਰ 'ਤੇ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਦੇ ਹਨ। ਇਸ ਨਾਲ ਜਿੱਥੇ ਕੀਟਨਾਸ਼ਕਾਂ ਉੱਪਰ ਹੋਣ ਵਾਲੇ ਖ਼ਰਚੇ 'ਚ ਗਿਰਾਵਟ ਆਉਂਦੀ ਹੈ, ਉੱਥੇ ਇਨ੍ਹਾਂ ਜ਼ਹਿਰਾਂ ਕਾਰਨ ਕਦਰਤੀ ਵਸੀਲਿਆਂ ਤੇ ਮਨੁੱਖੀ ਸਿਹਤ ਨੂੰ ਪੁੱਜਣ ਵਾਲੇ ਨੁਕਸਾਨ ਤੋਂ ਵੀ ਬਚਾਅ ਰਹਿੰਦਾ ਹੈ। ਉਹ ਝੋਨੇ ਵਿਚ ਪੱਤਾ ਰੰਗ ਚਾਰਟ ਅਤੇ ਟੈਂਸ਼ੀਓਮੀਟਰ ਦੀ ਵਰਤੋਂ ਕਰਦੇ ਹਨ ਅਤੇ ਉਸ ਅਨੁਸਾਰ ਹੀ ਖਾਦਾਂ ਤੇ ਪਾਣੀ ਦੀ ਵਰਤੋਂ ਕਰਦੇ ਹਨ। ਜਗਤਾਰ ਸਿੰਘ ਆਪਣੀ ਜਿਣਸ ਦੀ ਦਰਜਾਬੰਦੀ ਕਰ ਕੇ ਖ਼ੁਦ ਮੰਡੀਕਰਨ ਕਰਦੇ ਹਨ। ਪੰਜਾਬ ਦੇ ਕਿਸਾਨਾਂ ਲਈ ਚਾਨਣ ਮੁਨਾਰਾ ਬਣਨ ਵਾਲੇ ਜਗਤਾਰ ਸਿੰਘ ਬਰਾੜ ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਮਾ ਸਿਰਜਾ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਨੇ ਐੱਮਏ ਅੰਗਰੇਜ਼ੀ ਤਕ ਦੀ ਤਾਲੀਮ ਹਾਸਲ ਕੀਤੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀਆਂ ਖੇਤੀ ਤਕਨੀਕਾਂ ਅਤੇ ਖੇਤੀ ਸਹਾਇਕ ਧੰਦਿਆਂ ਨੂੰ ਅਪਨਾਉਣ ਵਾਲੇ ਜਗਤਾਰ ਸਿੰਘ ਨੂੰ ਖੇਤੀ ਦੇ ਖੇਤਰ 'ਚ ਪਏ ਅਹਿਮ ਯੋਗਦਾਨ ਲਈ ਇਸ ਸਾਲ 'ਮੁੱਖ ਮੰਤਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। •

## ਘਾਹ ਨੂੰ ਨੋਟਾਂ 'ਚ ਬਦਲਣ ਵਾਲਾ ਕਿਸਾਨ

### ਰਜਿੰਦਰ ਸਿੰਘ ਧਾਲੀਵਾਲ

ਨਵੀਂ ਸੋਚ ਦੇ ਧਾਰਨੀ ਰਜਿੰਦਰ ਸਿੰਘ ਧਾਲੀਵਾਲ ਪਿੰਡ ਆਬੂਵਾਲ, ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀ ਹਨ ਅਤੇ ਵਿਗਿਆਨਕ ਲੀਹਾਂ 'ਤੇ ਖੇਤੀਬਾੜੀ ਕਰਨ ਵਾਲੇ ਅਗਾਂਹਵਧੂ ਕਿਸਾਨ ਹਨ। ਰਜਿੰਦਰ ਸਿੰਘ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਤਿਆਗ ਕੇ ਘਾਹ ਦੀ ਖੇਤੀ ਕਰ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ ਦੇ ਮਾਹਿਰਾਂ ਦੇ ਸਹਿਯੋਗ ਨਾਲ ਸਾਲ 2006 ਦੌਰਾਨ ਉਨ੍ਹਾਂ ਨੇ ਇਕ ਏਕੜ ਰਕਬੇ ਤੋਂ ਘਾਹ ਦੀ ਖੇਤੀ ਸ਼ੁਰੂ ਕੀਤੀ ਅਤੇ ਇਸ ਤੋਂ ਬਾਅਦ ਨਦੀਨਾਂ ਤੋਂ ਮੁਕਤ ਉੱਤਮ ਕਿਸਮ ਦੇ ਘਾਹ ਦੇ ਰੋਲ ਤਿਆਰ ਕੀਤੇ, ਜਿਨ੍ਹਾਂ ਨੂੰ ਪੰਜਾਬ ਭਰ ਦੀਆਂ ਨਰਸਰੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।



*ਰਜਿੰਦਰ ਸਿੰਘ ਧਾਲੀਵਾਲ ਨੇ ਕਣਕ ਅਤੇ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਨਾ ਅਪਣਾ ਕੇ ਘਾਹ ਦੀ ਖੇਤੀ ਦਾ ਰਸਤਾ ਅਪਣਾਇਆ ਅਤੇ ਅੱਜ ਉਹ 17 ਏਕੜ ਰਕਬੇ ਵਿਚ ਸੱਤ ਕਿਸਮਾਂ ਦਾ ਘਾਹ ਉਗਾ ਰਹੇ ਹਨ...*

ਰਜਿੰਦਰ ਸਿੰਘ ਆਪਣੀ ਪੰਜ ਏਕੜ ਅਤੇ ਠੇਕੇ 'ਤੇ ਲਈ 12 ਏਕੜ ਜ਼ਮੀਨ ਉੱਪਰ ਸੱਤ ਕਿਸਮਾਂ ਦਾ ਘਾਹ ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਇਸ ਕਿੱਤੇ ਨੂੰ ਅਪਣਾ ਕੇ ਚੰਗਾ ਮੁਨਾਫ਼ਾ ਅਤੇ ਨਾਮਣਾ ਖੱਟਿਆ ਹੈ। ਕੰਪਿਊਟਰ ਅਤੇ ਇੰਟਰਨੈੱਟ ਵਰਗੀਆਂ ਆਧੁਨਿਕ ਤਕਨੀਕਾਂ ਦੇ ਸਹਾਰੇ ਉਹ ਘਾਹ ਦਾ ਖ਼ੁਦ ਮੰਡੀਕਰਨ ਕਰਦੇ ਹਨ। ਰਜਿੰਦਰ ਸਿੰਘ ਨੇ ਆਪਣੀ ਵੈੱਬਸਾਈਟ ਵੀ ਬਣਾਈ ਹੋਈ ਹੈ।।ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਉਹ ਦੇਸੀ ਰੂੜੀ ਦੀ ਵਰਤੋਂ ਕਰਦੇ ਹਨ। ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਰਸਾਇਣਾਂ ਦੀ ਬੇਹੱਦ ਸੰਜਮ ਨਾਲ ਵਰਤੋਂ ਕਰਦੇ ਹਨ। ਜਲ-ਸੋਮਿਆਂ ਦੀ ਸਾਂਭ-ਸੰਭਾਲ ਹੋ ਸਕੇ, ਇਸ ਦੇ ਲਈ ਉਹ ਘਾਹ ਦੀ ਫ਼ਸਲ ਨੂੰ ਫ਼ੁਹਾਰਿਆਂ ਰਾਹੀਂ ਸਿੰਚਾਈ ਕਰਦੇ ਹਨ।

ਉਹ ਕਿਸਾਨ ਕਲੱਬ ਦੇ ਮੈਂਬਰ ਹਨ ਅਤੇ ਪੰਜਾਬ ਭਰ ਦੇ ਕਿਸਾਨ ਉਨ੍ਹਾਂ ਦੇ ਇਸ ਵਿਲੱਖਣ ਉਪਰਾਲੇ ਤੋਂ ਪ੍ਰੇਰਿਤ ਹਨ। ਰਜਿੰਦਰ ਸਿੰਘ ਨੂੰ ਘਾਹ ਉਤਪਾਦਨ ਵਿਚ ਚੰਗੀ ਕਾਰਗੁਜ਼ਾਰੀ ਵਿਖਾਉਣ ਲਈ 'ਬਾਰਲਾਗ ਫਾਰਮਰਜ਼ ਐਸੋਸੀਏਸ਼ਨ ਫਾਰ ਸਾਊਥ ਏਸ਼ੀਆ', 'ਨਿਊਫ਼ੀਲਡ ਆਸਟ੍ਰੇਲੀਆ ਫਾਰਮਿੰਗ ਸਕਾਲਰਜ਼' ਸਮੇਤ ਕਈ ਕੌਮੀ ਅਤੇ ਵਿਦੇਸ਼ੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਬਾਗ਼ਬਾਨੀ ਨੂੰ ਵਿਸ਼ੇਸ਼ ਹੁਲਾਰਾ ਦੇਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •





## ਸਬਜ਼ੀਆਂ ਦਾ ਸਰਤਾਜ

### ਵਿੰਦਰ ਸਿੰਘ

ਵਿੰਦਰ ਸਿੰਘ ਨੇ ਕਣਕ ਅਤੇ ਝੋਨੇ ਦੇ ਰਵਾਇਤੀ ਚੱਕਰ ਨੂੰ ਛੱਡ ਕੇ ਸਬਜ਼ੀਆਂ ਦੀ ਪੈਦਾਵਾਰ ਨੂੰ ਅਪਣਾਇਆ ਅਤੇ ਖੇਤੀ ਵਿਭਿੰਨਤਾ ਨੂੰ ਵਿਸ਼ੇਸ਼ ਹੁਲਾਰਾ ਦੇਣ ਵਾਲੇ ਅਗਾਂਹਵਧੂ ਕਿਸਾਨ ਬਣੇ। ਸਾਲ 1996 ਵਿਚ ਸਿਰਫ਼ ਇਕ ਏਕੜ ਜ਼ਮੀਨ ਉੱਪਰ ਮਿਰਚਾਂ ਦੀ ਠੇਕੇ 'ਤੇ ਕਾਸ਼ਤ ਕਰਨ ਵਾਲੇ ਵਿੰਦਰ ਸਿੰਘ ਨੇ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਤੋਂ ਹਾਈਬ੍ਰਿਡ ਬੀਜਾਂ ਦੇ ਉਤਪਾਦਨ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ।ਅੱਜ ਉਹ ਆਪਣੀ ਅੱਠ ਏਕੜ ਜ਼ਮੀਨ ਤੋਂ ਇਲਾਵਾ ਠੇਕੇ 'ਤੇ ਲਈ ਸੱਤ ਏਕੜ ਜ਼ਮੀਨ ਉੱਤੇ ਮਿਰਚਾਂ ਦੀਆਂ ਹਾਈਬ੍ਰਿਡ ਕਿਸਮਾਂ ਦੇ ਬੀਜ ਅਤੇ ਅਗੇਤੀਆਂ ਸਬਜ਼ੀਆਂ ਦਾ ਸਫਲਤਾ-ਪੂਰਵਕ ਉਤਪਾਦਨ ਕਰ ਰਹੇ ਹਨ।



*ਵਿੰਦਰ ਸਿੰਘ ਲੋਅ ਟਨਲ, ਪੌਲੀ ਨੈੱਟ ਅਤੇ ਹੋਰ ਵਿਗਿਆਨਕ ਤਕਨੀਕਾਂ ਨੂੰ ਅਪਣਾ ਕੇ ਅਗੇਤੀਆਂ ਸਬਜ਼ੀਆਂ ਦੀ ਪੈਦਾਵਾਰ ਕਰਦੇ ਹਨ। ਇਨ੍ਹਾਂ ਤਕਨੀਕਾਂ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਖੇਤੀ ਪੁਰਸਕਾਰ ਤਕ ਪਹੁੰਚਾਇਆ ਹੈ...*

ਅਗੇਤੀਆਂ ਸਬਜ਼ੀਆਂ ਪੈਦਾ ਕਰਨ ਲਈ ਵਿੰਦਰ ਸਿੰਘ ਜਿੱਥੇ ਲੋਅ-ਟਨਲ ਵਿਧੀ ਦੀ ਵਰਤੋਂ ਕਰਦੇ ਹਨ ਉੱਥੇ ਬੀਜ ਰਹਿਤ ਖੀਰਾ, ਸ਼ਿਮਲਾ ਮਿਰਚ ਅਤੇ ਟਮਾਟਰਾਂ ਦੀ ਕਾਸ਼ਤ ਲਈ ਪੌਲੀ-ਨੈੱਟ ਹਾਊਸ ਦੀ ਵਰਤੋਂ ਕਰ ਰਹੇ ਹਨ। ਸੰਯੁਕਤ ਪਰਿਵਾਰ ਵਿਚ ਰਹਿਣ ਵਾਲੇ ਵਿੰਦਰ ਸਿੰਘ ਸਬਜ਼ੀਆਂ ਦੀਆਂ ਫ਼ਸਲਾਂ ਦੀ ਗਰੇਡਿੰਗ ਅਤੇ ਡੱਬਾਬੰਦੀ ਕਰ ਕੇ ਉਨ੍ਹਾਂ ਦਾ ਖ਼ੁਦ ਮੰਡੀਕਰਨ ਕਰ ਕੇ ਚੰਗਾ ਮੁਨਾਫ਼ਾ ਕਮਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਦ ਤਕ ਅਸੀਂ ਨਵੀਨਤਮ ਤੇ ਵਿਗਿਆਨਕ ਖੇਤੀ ਤਕਨੀਕਾਂ ਨੂੰ ਨਹੀਂ ਅਪਣਾਉਂਦੇ, ਤਦ ਤਕ ਖੇਤੀ ਸਬੰਧੀ ਪੈਦਾ ਹੋ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਚੱਠਾ ਨਨਹੇੜਾ ਦੇ ਰਹਿਣ ਵਾਲੇ ਵਿੰਦਰ ਸਿੰਘ ਵੱਲੋਂ ਰਵਾਇਤੀ ਖੇਤੀ ਤੋਂ ਹਟ ਕੇ ਕੀਤੇ ਗਏ ਇਸ ਅਹਿਮ ਉਪਰਾਲੇ ਨੇ ਉਨ੍ਹਾਂ ਨੂੰ ਅੱਜ 'ਸਬਜ਼ੀਆਂ ਦਾ ਸਿਰਤਾਜ' ਬਣਾ ਦਿੱਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਡੇਅਰੀ, ਖੁੰਭ ਉਤਪਾਦਨ ਅਤੇ ਸ਼ਹਿਦ ਮੱਖੀਆਂ ਪਾਲਣ ਦੇ ਸਹਾਇਕ ਧੰਦਿਆਂ ਨੂੰ ਵੀ ਅਪਣਾਇਆ ਹੋਇਆ ਹੈ। ਇਹ ਸਹਾਇਕ ਧੰਦੇ ਉਨ੍ਹਾਂ ਦੀ ਪਰਿਵਾਰਕ ਆਮਦਨ ਵਿਚ ਕਾਫ਼ੀ ਵਾਧਾ ਕਰ ਰਹੇ ਹਨ।

ਪੀਏਯੂ ਵੱਲੋਂ ਪ੍ਰਕਾਸ਼ਿਤ ਹੁੰਦੇ ਮਹੀਨਾਵਾਰ ਰਸਾਲੇ 'ਚੰਗੀ ਖੇਤੀ' ਅਤੇ ਹੋਰ ਖੇਤੀ ਪ੍ਰਕਾਸ਼ਨਾਵਾਂ ਰਾਹੀਂ ਉਹ ਆਪਣੇ ਆਪਣੇ ਗਿਆਨ ਵਿਚ ਜਿੱਥੇ ਨਿਰੰਤਰ ਵਾਧਾ ਕਰਦੇ ਰਹਿੰਦੇ ਹਨ, ਉੱਥੇ ਖੇਤੀ ਮੇਲਿਆਂ ਅਤੇ ਸੈਮੀਨਾਰਾਂ ਤੇ ਵਰਕਸ਼ਾਪਾਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਵਿੰਦਰ ਸਿੰਘ ਆਪਣੇ ਖੇਤਾਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਸਹਿਯੋਗ ਨਾਲ ਖੇਤ ਦਿਵਸ ਵੀ ਮਨਾਉਂਦੇ ਹਨ ਅਤੇ ਖੇਤ ਪ੍ਰਦਰਸ਼ਨੀਆਂ ਲਗਾ ਕੇ ਇਲਾਕੇ ਦੇ ਕਿਸਾਨਾਂ ਨੂੰ ਵੀ ਨਵੀਨਤਮ ਖੇਤੀ ਤਕਨੀਕਾਂ ਨੂੰ ਅਪਨਾਉਣ ਲਈ ਜਾਗਰੂਕ ਵੀ ਕਰਦੇ ਹਨ। ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨ ਅਤੇ ਖੇਤੀ ਵਿਭਿੰਨਤਾ ਨੂੰ ਸਫਲਤਾ-ਪੂਰਵਕ ਅਪਨਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •

## ਇਸਤਰੀ ਸ਼ਕਤੀ ਦੀ ਜਗਦੀ ਮਸ਼ਾਲ

### ਸ਼ਹਿਨਾਜ਼

*ਮਾਤਾ-ਪਿਤਾ ਦੀ ਬਿਮਾਰੀ ਕਾਰਨ ਸ਼ਹਿਨਾਜ਼ ਨੇ ਮਹਿਸੂਸ ਕੀਤਾ ਕਿ ਜੇ ਬਿਮਾਰੀ ਦਾ ਕਾਰਨ ਭੋਜਨ ਹੋ ਸਕਦਾ ਹੈ ਤਾਂ ਸਹੀ ਭੋਜਨ ਇਸ ਨੂੰ ਠੀਕ ਵੀ ਕਰ ਸਕਦਾ ਹੈ। ਇਸ ਖ਼ਿਆਲ ਨੇ ਉਨ੍ਹਾਂ ਨੂੰ ਖ਼ੁਰਾਕੀ ਪਦਾਰਥਾਂ ਦੇ ਕਿੱਤੇ ਵੱਲ ਪ੍ਰੇਰਿਤ ਕੀਤਾ...*

ਸ਼ਹਿਨਾਜ਼ ਮਹਿਜ਼ ਇਕ ਨਾਂ ਨਾ ਹੋ ਕੇ ਅੱਜ ਇਕ ਮਸ਼ਾਲ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਸ ਨਾਲ ਸੈਂਕੜੇ ਹੋਰਨਾਂ ਔਰਤਾਂ ਦੀ ਜ਼ਿੰਦਗੀ ਵਿਚ ਵੀ ਚਾਨਣ ਦਾ ਪਸਾਰ ਹੋ ਰਿਹਾ ਹੈ। ਸ਼ਹਿਨਾਜ ਨੇ ਗਰੈਜੂਏਸ਼ਨ ਤੋਂ ਇਲਾਵਾ ਬੀਐੱਡ, ਐੱਮਏ ਅਤੇ ਐੱਮਐੱਸਸੀ (ਫੈਸ਼ਨ ਡਿਜ਼ਾਈਨਿੰਗ) ਕਰ ਕੇ ਬਠਿੰਡਾ ਜ਼ਿਲ੍ਹੇ ਦੇ ਮਹਿਮਾ ਸਿਰਜਾ ਪਿੰਡ ਵਿਚ ਫਾਰਮਰਜ਼ ਸੈਲਪ ਹੈਲਪ ਗਰੁੱਪ ਅਤੇ ਵੈਲਫੇਅਰ ਗਰੁੱਪ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਕਰੀਅਰ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ-ਨਾਲ ਦੂਸਰੀਆਂ ਔਰਤਾਂ ਨੂੰ ਆਤਮ ਨਿਰਭਰ ਬਣਾਉਣ 'ਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਸ਼ਹਿਨਜ਼ 2012 ਤੋਂ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਸਲਾਹਕਾਰ ਕੇਂਦਰ ਬਠਿੰਡਾ ਦੇ ਮਾਹਿਰਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ 2014 ਵਿਚ ਕੇਵੀਕੇ ਬਠਿੰਡਾ ਤੋਂ ਸ਼ਹਿਦ ਮੱਖੀਆਂ ਪਾਲਣ ਦੀ ਸਿਖਲਾਈ ਫਿਰ ਫਲਾਂ ਅਤੇ ਸਬਜ਼ੀਆਂ ਦੀ ਪੈਦਾਵਾਰ, ਸਾਂਭ-ਸੰਭਾਲ, ਉਚਿਤ ਰੱਖ ਰਖਾਓ, ਡੱਬਾਬੰਦੀ ਅਤੇ ਮਾਰਕੀਟਿੰਗ ਬਾਰੇ ਸਿਖਲਾਈ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਆਨਲਾਈਨ ਵਸੀਲਿਆਂ ਤੋਂ ਫੂਡ ਪ੍ਰੋਸੈਸਿੰਗ ਦੀ ਸਿਖਲਾਈ ਲੈ ਕੇ ਅਚਾਰ, ਚਟਣੀ ਅਤੇ ਮੁਰੱਬੇ, ਸਕੁਐਸ਼ ਆਦਿ ਖ਼ੁਰਾਕੀ ਪਦਾਰਥ ਬਣਾ ਕੇ ਵੇਚਣੇ ਸ਼ੁਰੂ ਕੀਤੇ। ਉਨ੍ਹਾਂ ਦੀਆਂ ਤਿਆਰ ਕੀਤੀਆਂ ਵਸਤਾਂ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਮੇਲਿਆਂ ਵਿਚ ਗਾਹਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਨੇ ਇਸ ਨੂੰ ਵੱਡੇ ਪੱਧਰ 'ਤੇ ਸ਼ੁਰੂ ਕੀਤਾ। ਅੱਜ ਉਹ ਅਜਿਹੇ ਅਨੇਕਾਂ ਖ਼ੁਰਾਕੀ ਪਦਾਰਥਾਂ ਨੂੰ ਖ਼ੁਦ ਤਿਆਰ ਕਰ ਕੇ, ਖ਼ੁਦ ਪੈਕੇਜਿੰਗ ਅਤੇ ਮੰਡੀਕਰਨ ਕਰ ਕੇ 10 ਲੱਖ ਰੁਪੇ ਤੋਂ ਵੱਧ ਆਮਦਨ ਕਮਾ ਰਹੇ ਹਨ।



ਔਰਤਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਹ ਉਨ੍ਹਾਂ ਲਈ ਜਾਗਰੂਕਤਾ ਮੁਹਿੰਮ ਵੀ ਚਲਾ ਰਹੇ ਹਨ ਅਤੇ ਉਨ੍ਹਾਂ ਵੱਲੋਂ ਟੀਵੀ, ਰੇਡੀਓ ਅਤੇ ਅਖ਼ਬਾਰਾਂ ਜ਼ਰੀਏ ਕਿਸਾਨ ਬੀਬੀਆਂ ਨੂੰ ਸਹਾਇਕ ਧੰਦਿਆਂ ਬਾਰੇ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਇਨ੍ਹਾਂ ਖ਼ੁਰਾਕੀ ਪਦਾਰਥਾਂ ਨੂੰ ਤਿਆਰ ਕਰਨ ਤੋਂ ਇਲਾਵਾ ਉਨ੍ਹਾਂ ਵੱਲੋਂ ਕਾਲਜਾਂ 'ਚ ਪੜ੍ਹਦੇ ਵਿਦਿਆਰਥੀਆਂ ਲਈ ਟਿਫਨ ਸਰਵਿਸ ਦਾ ਕੰਮ ਵੀ ਕੀਤਾ ਜਾਂਦਾ ਹੈ।।ਇਸ ਜ਼ਰੀਏ ਉਨ੍ਹਾਂ ਨੇ ਇਲਾਕੇ ਦੀਆਂ ਕਈ ਔਰਤਾਂ ਨੂੰ ਰੁਜ਼ਗਾਰ ਵੀ ਮੁਹਈਆ ਕਰਵਾਇਆ ਹੈ। ਸਾਲ 2015 ਦੌਰਾਨ ਸਹਾਇਕ ਖੇਤੀ ਧੰਦਿਆਂ ਪ੍ਰਤੀ ਸ਼ਲਾਘਾਯੋਗ ਉੱਦਮ ਕਰਨ ਲਈ ਫੂਡ ਪ੍ਰੋਸੈਸਿੰਗ ਮੰਤਰਾਲਾ ਵੱਲੋਂ ਉਨ੍ਹਾਂ ਨੂੰ ਮੁਕਤਸਰ ਸਾਹਿਬ ਵਿਖੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵੀ ਉਨ੍ਹਾਂ ਨੂੰ 'ਜਗਬੀਰ ਕੌਰ ਗਰੇਵਾਲ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। •



ਕੌਮੀ ਪਤ੍ਰਿਕਾ

ਪ੍ਰੋ. ਨਵ ਸੰਗੀਤ ਸਿੰਘ

**ਅਮੀਰ ਤੋਂ ਅਮੀਰ ਅਤੇ ਸਧਾਰਨ ਤੋਂ ਸਧਾਰਨ ਬੰਦਾ ਵਿਖਾਵੇ ਦੀ ਲਪੇਟ ਵਿਚ ਆ ਰਿਹਾ ਹੈ। ਇਸ ਪੂੰਜੀਵਾਦੀ ਨਿਜ਼ਾਮ ਵਿਚ ਹਰ ਚੀਜ਼ ਉਪਲੱਬਧ ਹੈ, ਬੱਸ ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ ਇਸ ਨੂੰ ਖ਼ਰੀਦਣ ਲਈ ਬੇਸ਼ੱਕ ਇਹ ਪੈਸਾ ਤੁਸੀਂ ਕਰਜ਼ ਹੀ ਕਿਉਂ ਨਾ ਲਿਆ ਹੋਵੇ।**

# ਵਿਖਾਵੇ ਦੀ ਹੋੜ 'ਚ ਪਿਆ ਮਨੁੱਖ

ਆਧੁਨਿਕ ਯੁੱਗ ਪ੍ਰਤੀਯੋਗਤਾ ਦਾ ਯੁੱਗ ਹੈ। ਪ੍ਰਤੀਯੋਗਤਾ ਦੇ ਇਸ ਦੌਰ ਵਿਚ ਹਰ ਕੋਈ ਇਕ ਦੂਜੇ ਤੋਂ ਵੱਧ ਕੇ ਵਿਖਾਵਾ ਕਰਨਾ ਲੋਚਦਾ ਹੈ, ਚਾਹੇ ਇਸ ਦੇ ਲਈ ਉਹ ਨੂੰ ਕਰਜ਼ਾ ਵੀ ਕਿਉਂ ਨਾ ਚੁੱਕਣਾ ਪਵੇ। ਅਮੀਰ ਤੋਂ ਅਮੀਰ ਤੇ ਸਧਾਰਨ ਤੋਂ ਸਧਾਰਨ ਬੰਦਾ ਵੀ ਇਸ ਵਿਖਾਵੇ ਦੀ ਲਪੇਟ ਵਿਚ ਆ ਗਿਆ ਹੈ। ਇਸ ਪੂੰਜੀਵਾਦੀ ਨਿਜ਼ਾਮ ਵਿਚ ਹਰ ਚੀਜ਼ ਉਪਲੱਬਧ ਹੈ, ਬੱਸ ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ। ਇਸ ਲੇਖ ਵਿਚ ਅਸੀਂ ਸਿਰਫ਼ ਵਿਆਹਾਂ 'ਤੇ ਹੁੰਦੀਆਂ ਫ਼ਜ਼ੂਲ-ਖ਼ਰਚੀਆਂ ਬਾਰੇ ਗੱਲ ਕਰਾਂਗੇ। ਮੈਂ ਆਪਣੇ ਵਿਆਹ ਦੀ ਗੱਲ ਦੱਸਦਾ ਹਾਂ। ਮੈਂ ਵਿਆਹ ਤੇ ਵਿਖਾਵੇ ਦੀ ਕੋਈ ਚੀਜ਼ ਨਹੀਂ ਸੀ ਕੀਤੀ। ਨਾ ਬੈਂਡ-ਵਾਜਾ ਲੈ ਕੇ ਗਿਆ ਤੇ ਨਾ ਹੀ ਵੀਡੀਓ ਜਾਂ ਫੋਟੋਗ੍ਰਾਫਰ। ਮੇਰੇ ਵੱਲੋਂ ਆਪਣੇ ਵਿਆਹ ਵਿਚ ਸਧਾਰਨਤਾ ਨੂੰ ਪਹਿਲ ਦਿੱਤੀ ਗਈ ਤੇ ਅਸੀਂ ਸਿਰਫ਼ ਇੱਕੀ ਮੈਂਬਰ ਵਿਆਹ ਵਿਚ ਸ਼ਾਮਲ ਹੋਏ। ਇਸ ਸਧਾਰਨਤਾ ਕਰਕੇ ਮੇਰੇ ਸਹੁਰੇ-ਪਰਿਵਾਰ ਵਾਲੇ ਬਹੁਤ ਸਾਰੀਆਂ ਵਿਖਾਵੇ ਦੀਆਂ ਰਸਮਾਂ ਕਰਨ ਤੋਂ ਵੀ ਵਾਂਝੇ ਰਹਿ ਗਏ। ਮੈਨੂੰ ਸ਼ਹਿਰੀ ਸਮਝ ਕੇ ਲੜਕੀ ਵਾਲਿਆਂ ਵੱਲੋਂ ਮੇਰਾ ਵਿਆਹ ਹੋਟਲ ਵਿਚ ਰੱਖਿਆ ਗਿਆ, ਜਦਕਿ ਪਿੰਡ ਵਿਚ ਮੇਰੇ ਸਹੁਰੇ-ਪਰਿਵਾਰ ਦਾ ਕਾਫ਼ੀ ਖੁੱਲ੍ਹਾ- ਡੁੱਲ੍ਹਾ ਘਰ ਸੀ ਜਿੱਥੇ ਬੜੇ ਆਰਾਮ ਨਾਲ ਬਰਾਤ ਤੇ ਮੈਂਬਰਾਂ ਦੀ ਆਓ-ਭਗਤ ਕੀਤੀ ਜਾ ਸਕਦੀ ਸੀ।

ਇਹੋ ਜਿਹੀ ਹੀ ਇਕ ਹੋਰ ਝਾਕੀ ਬੀਤੇ ਦਿਨੀਂ ਮੈਨੂੰ ਵੇਖਣ ਨੂੰ ਮਿਲੀ। ਮੇਰੀ ਇਕ ਵਿਦਿਆਰਥਣ ਦੀ ਸ਼ਾਦੀ ਸੀ। ਉਹਨੇ ਮੈਨੂੰ ਸ਼ਾਦੀ ਦਾ ਕਾਰਡ ਦਿੱਤਾ ਤੇ ਸ਼ਾਦੀ 'ਤੇ ਪਹੁੰਚਣ ਦੀ ਤਾਕੀਦ ਕੀਤੀ ਸੀ। ਉਂਝ ਤਾਂ ਮੈਂ ਵਿਆਹਾਂ-ਸ਼ਾਦੀਆਂ ਦੇ ਸਮਾਗਮਾਂ ਵਿਚ ਘੱਟ ਹੀ ਜਾਂਦਾ ਹਾਂ ਪਰ ਲੜਕੀ ਦੇ ਵਾਰ-ਵਾਰ ਕਹਿਣ ਤੇ ਮਜਬੂਰਨ ਮੈਨੂੰ ਜਾਣਾ ਪਿਆ। ਹਾਲਾਂਕਿ ਮੇਰੇ ਵਰਗੇ ਬੰਦੇ ਲਈ ਉੱਥੇ ਕੁਝ ਨਹੀਂ ਹੁੰਦ, ਖੈਰ...।

ਲੜਕੀ ਵਾਲਿਆਂ ਵੱਲੋਂ ਘਰ ਵਿਚ ਹੀ ਬਰਾਤ ਦਾ ਸਵਾਗਤ ਕੀਤਾ ਜਾਣਾ ਸੀ, ਜਿਸ ਦਾ ਜ਼ਿਕਰ ਕਾਰਡ ਵਿਚ ਵੀ ਕੀਤਾ ਹੋਇਆ ਸੀ ਪਰ ਐਨ ਮੌਕੇ 'ਤੇ ਮੌਸਮ ਖ਼ਰਾਬ ਹੋਣ ਕਰਕੇ (ਮੀਂਹ ਪੈਣ ਕਰਕੇ) ਲੜਕੀ ਵਾਲਿਆਂ ਨੇ ਨੇੜੇ ਦਾ ਇਕ ਮੈਰਿਜ ਪੈਲੇਸ ਖੜ੍ਹੇ ਪੈਰ ਮਹਿੰਗੇ ਮੁੱਲ 'ਤੇ ਬੁੱਕ ਕਰਵਾ ਲਿਆ। ਹਾਲਾਂਕਿ ਇਹਦੀ ਕੋਈ ਲੋੜ ਨਹੀਂ ਸੀ। ਵਿਆਹ ਵਾਲੀ ਲੜਕੀ ਦੀਆਂ ਕੁਝ ਸਹੇਲੀਆਂ (ਮੇਰੀਆਂ ਹੋਰ ਵਿਦਿਆਰਥਣਾਂ) ਵੀ ਵਿਆਹ ਵਿਚ ਪੂਰਾ ਸਜ-ਧੱਜ ਕੇ ਪੁੱਜੀਆਂ ਹੋਈਆਂ ਸਨ। ਠੰਢ ਬਹੁਤ ਪੈ ਰਹੀ ਸੀ ਤੇ ਉੱਤੋਂ ਮੀਂਹ ਵੀ ਪੈਣ ਲੱਗਾ ਪਰ ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਵਿਆਹ ਵਾਲੀ ਲੜਕੀ, ਜੋ ਉਂਜ ਵੀ ਨਾਜ਼ਕ/ ਪਤਲੀ ਜਿਹੀ ਸੀ, ਨੇ ਲਹਿੰਗਾ ਪਹਿਨਿਆ ਹੋਇਆ ਸੀ ਤੇ ਉਤੋਂ ਟਾਪ, ਬਿਨਾਂ ਬਾਹਵਾਂ ਦਾ। ਉਹਦੀਆਂ ਹੋਰ ਸਹੇਲੀਆਂ ਨੇ ਵੀ ਕਢਾਈ ਵਾਲੇ ਸੂਟ ਪਹਿਨੇ ਹੋਏ ਸਨ ਤੇ ਹੇਠਾਂ ਪੈਨਸਲ-ਹੀਲ ਦੇ ਸੈਂਡਲ। ਮੀਂਹ ਤੇ ਠੰਢ ਕਾਰਨ ਲੋਕ ਕੰਬਦੇ ਜਾ ਰਹੇ ਸਨ ਪਰ ਇਨ੍ਹਾਂ ਕੁੜੀਆਂ ਵੱਲ ਵੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਉਨ੍ਹਾਂ ਨੇ ਦਿਖਾਵੇ ਦੀ ਖ਼ਾਤਰ ਕਿੰਨਾ ਹਾਰ-ਸ਼ਿੰਗਾਰ ਕੀਤਾ ਹੋਇਆ ਸੀ ਤੇ ਸੂਟਾਂ ਦੀ ਕਢਾਈ ਵਿਖਾਉਣ ਲਈ ਕੋਈ ਵੀ ਜੈਕਿਟ ਵਗੈਰਾ ਨਹੀਂ ਸੀ ਪਹਿਨੀ। ਮੈਂ ਬਾਅਦ ਵਿਚ ਉਨ੍ਹਾਂ ਵਿਦਿਆਰਥਣਾਂ ਤੋਂ ਇਹੋ-ਜਿਹੀ ਸ਼ਾਨੋ- ਸ਼ੌਕਤ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਬਿਨਾਂ ਝਿਜਕ ਤੋਂ ਜਵਾਬ ਦਿੱਤਾ ਸਰ, ਇਹੋ ਤਾਂ ਮੌਕੇ ਹੁੰਦੇ ਨੇ ਸੱਜਣ-ਸੰਵਰਨ ਦੇ। ਕਦੇ-ਕਦਾਈਂ ਤਾਂ ਵਿਆਹਾਂ 'ਤੇ ਜਾਈਦੈ। ਜੇ ਬੰਦਾ ਸਧਾਰਨ ਜਿਹਾ ਬਣ ਕੇ ਜਾਵੇ ਤਾਂ ਉਹਨੂੰ ਕੋਈ ਵਿੰਹਦਾ ਹੀ ਨਹੀਂ। ਮੈਂ ਸੋਚਣ ਲੱਗਿਆ ਕੀ ਇਹੋ ਸਾਡਾ ਵਿਰਸਾ ਹੈ? ਸਾਡਾ ਵਿਰਸਾ ਇੰਨਾ ਸਮਰੱਥ ਹੈ ਕਿ ਅਸੀਂ ਪੰਜਾਬੀ ਪਹਿਰਾਵਾ (ਸਲਵਾਰ-ਕਮੀਜ਼, ਬਾਗ਼, ਫੁਲਕਾਰੀ) ਪਹਿਨ ਕੇ ਵੀ ਆਪਣਾ ਹਾਰ-ਸ਼ਿੰਗਾਰ ਪ੍ਰਗਟਾ ਸਕਦੇ ਹਾਂ। ਇਹੋ ਜਿਹੇ ਹੀ ਇਕ ਹੋਰ ਵਿਆਹ ਦੀ ਮੈਨੂੰ ਯਾਦ ਆ ਰਹੀ ਹੈ, ਜਿਸ ਵਿਚ ਕੁੜੀ ਵਾਲਿਆਂ ਨੇ 65 ਪ੍ਰਕਾਰ ਦੀਆਂ ਚੀਜ਼ਾਂ ਤਿਆਰ ਕੀਤੀਆਂ ਹੋਈਆਂ ਸਨ। ਕੁੜੀ ਵਾਲੇ ਤੇ ਕੁੜੀ ਵੀ ਮੇਰੀ ਜਾਣਕਾਰ ਸੀ ਤੇ ਇਹ ਗੱਲ ਕੁੜੀ ਨੇ ਮੈਨੂੰ ਖ਼ਾਸ ਤੌਰ 'ਤੇ ਦੱਸੀ ਸੀ ਕਿ ਉਹਦੇ ਵਿਆਹ ਵਿਚ ਕਿੰਨੀਆਂ ਖਾਣ-ਪੀਣ ਦੀਆਂ ਚੀਜ਼ਾਂ ਹਨ। ਜਦ ਮੈਂ ਉਹਨੂੰ ਪੁੱਛਿਆ ਕਿ ਤੂੰ ਕਿੰਨੀਆਂ ਚੀਜ਼ਾਂ ਦਾ ਸੁਆਦ ਵੇਖਿਆ ਤਾਂ ਉਹਨੇ ਦੱਸਿਆ ਕਿ ਇਕ ਦਾ ਵੀ ਨਹੀਂ। ਫਿਰ ਮੈਂ ਜਾਣਨਾ ਚਾਹਿਆ ਕਿ ਜੇ ਤੂੰ ਇਕ ਵੀ ਚੀਜ਼ ਨਹੀਂ ਖਾਧੀ ਤਾਂ ਫਿਰ ਇੰਨੀਆਂ ਚੀਜ਼ਾਂ ਬਣਾਉਣ ਦਾ ਕੀ ਫਾਇਦਾ। ਉਹਨੇ ਮਾਣ ਨਾਲ ਕਿਹਾ ਸੀ, 'ਬਰਾਤੀਆਂ ਨੂੰ ਤਾਂ ਦੱਸਣਾ ਸੀ, ਵਿਖਾਉਣਾ ਸੀ ਕਿ ਅਸੀਂ ਵੀ ਕੋਈ ਚੀਜ਼ ਹਾਂ।'

ਇਵੇਂ ਹੀ ਇਕ ਹੋਰ ਮਿੱਤਰ ਦੇ ਵਿਆਹ ਦੀ ਘਟਨਾ ਹੈ। ਉਹਨੇ ਦਾਜ-ਦਹੇਜ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕੁੜੀ ਵਾਲਿਆਂ ਨੂੰ ਇੰਨਾ ਹੀ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਇੰਨਾ ਜ਼ਰੂਰ ਕਰਿਓ ਕਿ ਬਰਾਤ ਦੀ ਸੇਵਾ ਰੱਜ ਕੇ ਹੋਵੇ। ਉਹ ਵੀ ਇਹੋ ਵਿਖਾਉਣਾ ਚਾਹੁੰਦਾ ਸੀ ਕਿ ਬਰਾਤੀ ਕਿਸੇ ਗੱਲੋਂ ਨਾਰਾਜ਼ ਨਾ ਹੋ ਜਾਣ। ਮਤਲਬ ਦਾਰੂ ਵੀ ਹੋਵੇ ਤੇ ਮੁਰਗ-ਮੁਸੱਲਮ ਵੀ। ਅੱਜ ਕੱਲ੍ਹ ਦੇ ਵਿਆਹਾਂ ਦੀ ਤਾਂ ਗੱਲ ਛੱਡੋ, ਭੋਗਾਂ, ਮਰਨਿਆਂ-ਪਰਨਿਆਂ ਦੇ ਸਮਾਗਮਾਂ ਵਿਚ ਵੀ ਪੂਰਾ ਵਿਖਾਵਾ ਹੁੰਦਾ ਹੈ। ਮੌਤ ਦੇ ਭੋਗ ਤੇ ਲੱਡੂ, ਜਲੇਬੀਆਂ, ਪਕੌੜੇ ਪਰੋਸੇ ਜਾਂਦੇ ਹਨ। ਪਤਾ ਨਹੀਂ ਉਹ ਮੌਤ ਦੀ ਖ਼ੁਸ਼ੀ ਪ੍ਰਗਟ ਕਰ ਰਹੇ ਹੁੰਦੇ ਨੇ ਜਾਂ ਗ਼ਮੀ। ਜਦਕਿ ਮਰਗ ਦੇ ਭੋਗ ਤਾਂ ਬਹੁਤ ਹੀ ਸਧਾਰਨ ਹੋਣੇ ਚਾਹੀਦੇ ਹਨ, ਜਿੱਥੇ ਸਿਰਫ਼ ਬਾਹਰੋਂ ਆਏ ਮਹਿਮਾਨਾਂ ਲਈ ਹੀ ਰੋਟੀ-ਦਾਲ ਪਰੋਸੀ ਜਾਵੇ। ਵਿਆਹਾਂ ਉੱਤੇ ਮਹਿੰਗੇ ਮੈਰਿਜ ਪੈਲੇਸ, ਮਹਿੰਗੀਆਂ ਗੱਡੀਆਂ ਦੇ ਤੋਹਫ਼ੇ, ਸ਼ਰਾਬਾਂ, ਫਾਲਤੂ ਭੋਜਨ, ਖਾਣੇ ਦੀਆਂ ਸਟਾਲਾਂ, ਡੀਜੇ, ਲਾਈਟਾਂ ਦੀ ਚਕਾਚੌਂਧ, ਬੰਦੂਕਾਂ ਦੇ ਫਾਇਰ ਆਦਿ ਸਾਡੀ ਆਪ ਸਹੇੜੀ ਬਰਬਾਦੀ ਦੇ ਕਾਰਨ ਹਨ ਜਿਹਨੂੰ ਆਮ ਸ਼ਬਦਾਂ ਵਿਚ 'ਅੱਡੀਆਂ ਚੁੱਕ ਕੇ ਫਾਹਾ ਲੈਣਾ' ਕਿਹਾ ਜਾਂਦਾ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਇਹੋ ਜਿਹੇ ਸਮਾਗਮਾਂ ਵਿਚ ਕੀਤੀ ਫ਼ਜ਼ੂਲ ਖ਼ਰਚੀ ਅਤੇ ਲੋੜ ਤੋਂ ਵੱਧ ਵਿਖਾਵਾ ਸਾਡੀ ਬਰਬਾਦੀ ਦਾ ਕਾਰਨ ਬਣ ਸਕਦੀ ਹੈ। •

94176-92015



### ਦਾਜ ਲੈਣ ਤੋਂ ਇਨਕਾਰ

*ਇਕ ਮਿੱਤਰ ਦੇ ਵਿਆਹ ਦੀ ਘਟਨਾ ਹੈ। ਉਹਨੇ ਦਾਜ-ਦਹੇਜ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕੁੜੀ ਵਾਲਿਆਂ ਨੂੰ ਇੰਨਾ ਹੀ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਇੰਨਾ ਜ਼ਰੂਰ ਕਰਿਓ ਕਿ ਬਰਾਤ ਦੀ ਸੇਵਾ ਰੱਜ ਕੇ ਹੋਵੇ। ਉਹ ਵੀ ਇਹੋ ਵਿਖਾਉਣਾ ਚਾਹੁੰਦਾ ਸੀ ਕਿ ਬਰਾਤੀ ਕਿਸੇ ਗੱਲੋਂ ਨਾਰਾਜ਼ ਨਾ ਹੋ ਜਾਣ। ਮਤਲਬ ਦਾਰੂ ਵੀ ਹੋਵੇ ਤੇ ਮੁਰਗ-ਮੁਸੱਲਮ ਵੀ। ਦੱਸੋ ਭਲਾ ਇਹ ਕੀ ਗੱਲ ਹੋਈ। ਜੇ ਅਸਲੀਅਤ ਵਿਚ ਤੁਸੀਂ ਚਾਹੁੰਦੇ ਹੋ ਕਿ ਵਿਖਾਵਾ ਨਾ ਕੀਤਾ ਜਾਵੇ ਤਾਂ ਸੱਚ ਮੁੱਚ ਹੀ ਅਜਿਹੀਆਂ ਰਸਮਾਂ ਤੋਂ ਪ੍ਰਹੇਜ਼ ਕਰੋ ਜੋ ਖ਼ਰਚੀਲੀਆਂ ਹਨ।*

ਜੀਤ ਹਰਜੀਤ

# ਇਨਸਾਨ ਜੋ ਬੀਜਦਾ ਓਹੀ ਵੱਢਦੈ



ਸਮੇਂ ਅਤੇ ਜ਼ਿੰਦਗੀ ਵਿਚਕਾਰ ਇਕ ਸਮਾਨਤਾ ਜੋ ਮੈਨੂੰ ਨਜ਼ਰ ਆਉਂਦੀ ਹੈ ਉਹ ਇਹ ਹੈ ਕਿ ਇਹ ਦੋਨੋਂ ਕਦੇ ਕਿਸੇ ਲਈ ਰੁਕਦੇ ਨਹੀਂ ਜਾਂ ਇਹ ਕਹਿ ਲਓ ਕਿ ਰੁਕਣਾ ਇਨ੍ਹਾਂ ਦੇ ਸਭਾਅ ਵਿਚ ਹੀ ਨਹੀਂ। ਸਮੇਂ ਨੂੰ ਬੇਸ਼ੱਕ ਤਕਨੀਕੀ ਮਾਹਿਰਾਂ ਨੇ ਘੜੀਆਂ ਵਿਚ ਬੰਨ੍ਹਣ ਦੀ ਵੀ ਕੋਸ਼ਿਸ਼ ਕੀਤੀ ਪਰ ਇਸ ਨੇ ਆਪਣਾ ਸਭਾਅ ਨਹੀਂ ਬਦਲਿਆ। ਤਕਨੀਕ ਨਾਲ ਬਣੀਆਂ ਘੜੀਆਂ ਭਾਵੇਂ ਰੁੱਕ ਗਈਆਂ ਪਰ ਸਮਾਂ ਨਹੀਂ ਰੁਕਿਆ। ਇਸ ਤਰ੍ਹਾਂ ਹੀ ਜ਼ਿੰਦਗੀ ਹੈ। ਇਹ ਸਦਾ ਹੀ ਚਲਦੀ ਰਹਿੰਦੀ ਹੈ। ਕਿਸੇ ਦੇ ਜਾਣ-ਆਉਣ, ਹੋਣ ਨਾ ਹੋਣ ਦਾ ਇਸ 'ਤੇ ਕੋਈ ਅਸਰ ਨਹੀਂ ਹੁੰਦਾ। ਮਹੌਲ ਕੋਈ ਵੀ ਹੋਵੇ ਦੁੱਖ ਹੋਣ ਜਾਂ ਫਿਰ ਖ਼ੁਸ਼ੀਆਂ ਨਾਲ ਪੱਲੇ ਲੱਦੇ ਹੋਣ ਜ਼ਿੰਦਗੀ ਸਦਾ ਚਲਦੀ ਰਹਿੰਦੀ ਹੈ। ਸ਼ਾਇਦ ਇਸ ਲਈ ਹੀ ਬੁਰੇ ਵਕਤ ਵਿਚ ਹੌਸਲਾ ਦਿੰਦੇ ਹੋਏ ਸਿਆਣੇ ਕਹਿੰਦੇ ਹਨ, 'ਕੋਈ ਨਾ ਭਾਈ ਜੇ ਦਿਨ ਉਹ ਨ੍ਹੀਂ ਰਹੇ ਤਾਂ ਰਹਿਣੇ ਇਹ ਵੀ ਨਹੀਂ ਹੌਸਲਾ ਰੱਖੋ, ਇਹ ਸਮਾਂ ਵੀ ਲੰਘ ਜਾਏਗਾ।' ਉਨ੍ਹਾਂ ਦਾ ਇਹ ਕਥਨ ਸਦਾ ਚਲਦੇ ਰਹਿਣ ਵਾਲੇ ਸਮੇਂ ਦੇ ਸੁਭਾਅ ਦੀ ਬਾਤ ਪਾਉਂਦਾ ਹੈ। ਮੈਂ 'ਬਾਲ ਦਿਵਸ' 'ਤੇ ਛਪੀ ਇਕ ਰਿਪੋਰਟ ਵਿਚ ਪੜ੍ਹਿਆ ਕਿ ਜਿਨਾਂ ਨਵ-ਜੰਮਿਆਂ ਬੱਚਿਆਂ ਨੂੰ ਜੰਮਣ ਵਾਲੇ ਰੂੜੀਆਂ, ਗਲੀਆਂ, ਨਾਲੀਆਂ 'ਚ ਸੁੱਟ ਗਏ ਸੀ ਉਨ੍ਹਾਂ ਦੀ ਜ਼ਿੰਦਗੀ ਨੇ ਵੀ ਉਨ੍ਹਾਂ ਨੂੰ ਵਿਦੇਸ਼ਾਂ ਤੱਕ ਦੀਆਂ ਉਡਾਣਾਂ ਭਰਾਈਆਂ ਹਨ। ਉਨ੍ਹਾਂ ਵਿੱਚੋਂ ਕਈ ਅਜਿਹੇ ਵੀ ਸਨ ਜਿਨ੍ਹਾਂ ਦਾ ਪਾਲਣ-ਪੋਸ਼ਣ ਕਰਨ ਤੋਂ ਉਨ੍ਹਾਂ ਦੇ ਮਾਪਿਆਂ ਨੇ ਆਰਥਿਕ ਮੰਦੀ ਕਾਰਨ ਹੱਥ ਖੜ੍ਹੇ ਕਰ ਦਿੱਤੇ ਸਨ ਤੇ ਕੁਝ ਬੱਚੇ ਅਜਿਹੇ ਵੀ ਸਨ ਜੋ ਨਜ਼ਾਇਜ ਤਰੀਕਿਆਂ ਨਾਲ ਪੈਦਾ ਹੋਏ ਸਨ। ਇਸ ਰਿਪੋਰਟ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ।

ਇਕੱਲੇ ਪੰਜਾਬ ਦੀ ਗੱਲ ਕਰੀਏ ਤਾਂ ਪਿਛਲੇ ਪੰਜ ਸਾਲਾਂ ਵਿਚ ਅਜਿਹੇ ਕੇਸਾਂ ਵਿੱਚੋਂ ਚਾਰ ਸੌ ਦੇ ਕਰੀਬ ਬੱਚੇ ਆਪਣੇ ਮੁਕੱਦਰ ਕਾਰਨ ਸਿਕੰਦਰ ਬਣਨ ਵਿਚ ਕਾਮਯਾਬ ਰਹੇ। ਇਨ੍ਹਾਂ ਸਾਰਿਆਂ ਨੇ ਆਪਣੇ-ਆਪਣੇ ਲੇਖਾਂ ਦੀਆਂ ਲਿਖੀਆਂ ਮੁਤਾਬਿਕ ਕਿੱਥੋਂ ਵਿਛੜ ਕੇ ਕਿੱਥੇ ਜਾਣਾ ਸੀ ਉਸ ਬਾਰੇ ਕਿਸੇ ਨੂੰ ਨਹੀਂ ਪਤਾ ਸੀ। ਇਨ੍ਹਾਂ ਵਿੱਚੋਂ ਇਕ ਬੱਚੇ ਦੇ ਲੇਖ ਤਾਂ ਦੇਖੋ ਜਿਸ ਨੂੰ ਇਕ ਨਾਬਾਲਗ ਮਾਂ ਨੇ ਜਨਮ ਦਿੱਤਾ, ਇਸ ਤੋਂ ਪਹਿਲਾਂ ਕਿ ਉਸ ਦੇ ਮੱਥੇ 'ਤੇ ਗ਼ੈਰਕਾਨੂੰਨੀ ਹੋਣ ਦਾ ਦਾਗ਼ ਲੱਗਦਾ ਉਸ ਨੂੰ ਹਾਈਕੋਰਟ ਦੇ ਜੱਜ ਨੇ ਗੋਦ ਲੈ ਲਿਆ। ਲੁਧਿਆਣਾ ਦੇ ਰੇਲਵੇ ਸਟੇਸ਼ਨ ਲਾਗੇ ਕੂੜੇ ਦੇ ਢੇਰ ਵਿੱਚੋਂ ਜਦੋਂ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਇਕ ਰਾਹਗੀਰ ਦੇ ਕੰਨੀ ਪਈ ਤਾਂ ਉਸ ਨੇ ਉੱਥੋਂ ਦੇ ਲੋਕਾਂ ਦੀ ਮੱਦਦ ਉਸ ਨੂੰ ਫੌਰੀ ਹਸਪਤਾਲ ਪਹੁੰਚਾਇਆ, ਜੋ ਸਿਰਫ਼ 600 ਕਿੱਲੋਗਰਾਮ ਦਾ ਸੀ ਤੇ ਅੱਜ ਕੱਲ੍ਹ ਉਹ ਪੂਰੀ ਤਰ੍ਹਾਂ ਤੰਦਰੁਸਤ ਕਰੀਬ 10 ਕਿੱਲੋ ਦਾ ਹੋ ਗਿਆ ਹੈ ਤੇ ਉਸ ਨੂੰ ਅਮਰੀਕਾ ਦੇ ਇਕ ਗੋਰੇ ਨੇ ਗੋਦ ਲੈ ਲਿਆ ਹੈ। ਅਜਿਹੇ ਹੀ ਹੋਰ ਅਨੇਕਾਂ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਜਨਮ ਦੇਣ ਵਾਲਿਆਂ ਨੇ ਨਕਾਰਿਆ ਪਰ ਉਹ ਹੁਣ ਖ਼ੁਸ਼ੀਆਂ ਭਰਿਆ ਬਚਪਨ ਬਤੀਤ ਕਰ ਰਹੇ ਹਨ। ਇਨ੍ਹਾਂ ਸਾਰਿਆਂ ਬੱਚਿਆਂ ਦਾ ਜੀਵਨ ਸਾਡੇ ਸਭ ਲਈ ਪ੍ਰੇਰਨਾ ਸਰੋਤ ਹੈ ਕਿ ਸਾਡੇ ਹੱਥਾਂ ਵਿਚ ਸਿਰਫ਼ 'ਅੱਜ' ਹੈ, ਜਿਸ ਨੂੰ ਵਧੀਆ ਕਰ ਕੇ ਗੁਜ਼ਾਰਾ ਸਾਡੇ ਅਸਲੀ ਫ਼ਰਜ਼ ਅਤੇ ਇਨਸਾਨੀਅਤ ਦਾ ਮੁੱਢਲਾ ਧਰਮ ਹੈ

ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਸਭ ਦੇ ਉਲਟ ਦੂਸਰੇ ਪਾਸੇ ਉਹ ਲੋਕ ਹਨ ਜੋ ਸਮੱਸਿਆਵਾਂ ਕਾਰਨ ਖ਼ੂਬਸੂਰਤ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਬੈਠ ਜਾਂਦੇ ਹਨ। ਜ਼ਿੰਦਗੀ ਦੀ ਜੰਗ ਜਿੱਤਣ ਵਾਲੇ ਇਨ੍ਹਾਂ ਬੱਚਿਆਂ ਦਾ ਜੀਵਨ ਉਨ੍ਹਾਂ ਲੋਕਾਂ ਲਈ ਖ਼ਾਸ ਤੌਰ 'ਤੇ ਪ੍ਰੇਰਨਾਦਾਇਕ ਹੈ ਜੋ ਸਭ ਕੁਝ ਹੋਣ ਦੇ ਬਾਵਜੂਦ ਵੀ ਨਿਰਾਸ਼ਾ ਭਰਿਆ ਜੀਵਨ ਬਿਤਾ ਰਹੇ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਜ਼ਿੰਦਗੀ ਕਦੇ ਨਹੀਂ ਰੁਕਦੀ। ਹਾਂ ਕਈ ਵਾਰ ਇਹ ਜ਼ਰੂਰ ਹੁੰਦਾ ਹੈ ਕਿ ਕੁਝ ਤੁਹਾਡੀ ਸੋਚ ਤੋਂ ਉਲਟ ਵਾਪਰ ਜਾਂਦਾ ਹੈ ਜਿਸ ਨੂੰ ਆਪਾਂ ਮਾੜਾ ਵਕਤ ਆਖ ਲੈਂਦੇ ਹਾਂ ਪਰ ਲੰਘ ਇਹ ਮਾੜਾ ਵਕਤ ਵੀ ਜਾਂਦਾ ਹੈ ਕਿਉਂਕਿ ਜਦੋਂ ਚੰਗੇ ਸਮੇਂ ਨੂੰ ਕੋਈ ਰੋਕ ਨਹੀਂ ਸਕਿਆ ਤਾਂ ਨਹੀਂ ਰੁਕਣਾ ਮਾੜੇ ਨੇ ਵੀ ਨਹੀਂ, ਜ਼ਰੂਰਤ ਹੈ ਉਸ ਵਕਤ ਆਪਣੇ ਹੌਸਲੇ ਨੂੰ ਬਣਾ ਕੇ ਰੱਖਣ ਦੀ। ਸਾਨੂੰ ਆਪਣੇ ਮਨ ਨੂੰ ਇਸ ਕਦਰ ਕੋਮਲ ਰੱਖਣਾ ਚਾਹੀਦਾ ਹੈ ਕਿ ਜਦੋਂ ਕਦੇ ਪ੍ਰਸਥਿਤੀਆਂ ਸਾਡੀ ਸੋਚ ਦੇ ਵਿਰੁੱਧ ਬਣਨ ਅਸੀਂ ਉਨ੍ਹਾਂ ਨੂੰ ਸਹਿਣ ਕਰ ਸਕੀਏ। ਇਹ ਹੋ ਸਕਦਾ ਹੈ ਕਿ 'ਅੱਜ' ਤੁਹਾਡੀ ਸੋਚ ਦੇ ਹਾਣ ਦਾ ਨਾ ਹੋਵੇ ਪਰ ਇਹ ਨਹੀਂ ਹੋ ਸਕਦਾ ਕਿ ਆਉਣ ਵਾਲਾ ਸਮਾਂ ਤੁਹਾਡੀ ਸੋਚ ਮੁਤਾਬਕ ਨਹੀਂ ਹੋਵੇਗਾ। ਆਪਣੀ ਮਿੱਥੀ ਮੰਜ਼ਿਲ ਲਈ ਸਦਾ ਮਿਹਨਤ ਕਰਦੇ ਰਹੋ। ਸੱਚੀ ਲਗਨ ਇਕ ਨਾ ਇਕ ਦਿਨ ਜ਼ਰੂਰ ਤੁਹਾਨੂੰ ਤੁਹਾਡੀ ਮੰਜ਼ਿਲ 'ਤੇ ਲੈ ਪਹੁੰਚੇਗੀ।

ਨਿਰਾਸ਼ ਹੋਣਾ, ਥੱਕ ਹਾਰ ਕੇ ਬੈਠਣਾ ਇਨਸਾਨ ਹਿੱਸੇ ਨਹੀਂ ਆਉਂਦਾ। ਇਨਸਾਨ ਦਾ ਧਰਮ ਹੈ ਸਦਾ ਚਲਦੇ ਰਹਿਣਾ। ਮਾਨਸ ਜਨਮ ਬਹੁਤ ਕੀਮਤੀ ਹੈ ਇਸ ਨੂੰ ਜਾਇਆ ਨਾ ਗਵਾਓ। ਤੁਹਾਡਾ ਆਉਣ ਵਾਲਾ ਕੱਲ੍ਹ ਤੁਹਾਡੇ ਹੱਥ ਵਿਚ ਨਹੀਂ, ਅੱਜ ਜ਼ਰੂਰ ਤੁਹਾਡੇ ਕੋਲ ਹੈ। ਕਿਸੇ ਵਿਦਵਾਨ ਦਾ ਕਹਿਣਾ ਹੈ ਕਿ ਜੇ ਤੁਸੀਂ ਆਉਣ ਵਾਲਾ ਸਮਾਂ ਸੋਹਣਾ ਦੇਖਣਾ ਚਾਹੁੰਦੇ ਹੋ ਤਾਂ ਆਪਣੇ ਅੱਜ ਨੂੰ ਸੋਹਣਾ ਕਰਕੇ ਗੁਜ਼ਾਰੋ। ਹਰ ਇਨਸਾਨ ਨੂੰ ਹਰ ਰੋਜ਼ ਇਕ ਜ਼ਿੰਦਗੀ ਰੂਪੀ ਸਾਫ਼ ਕਾਗ਼ਜ਼ ਮਿਲਦਾ ਹੈ ਇਹ ਉਸ ਇਨਸਾਨ ਦੇ ਹਿੱਸੇ ਹੈ ਉਸ ਨੇ ਇਸ ਕਾਗ਼ਜ਼ ਉੱਤੇ ਕਿਹੋ ਜਿਹੀਆਂ ਲੀਕਾਂ ਵਾਹੁਣੀਆਂ ਹਨ। ਇਨਸਾਨ ਉਸ ਕਾਗ਼ਜ਼ ਉੱਤੇ ਜਿਹੋ ਜਿਹਾ ਲਿਖਦਾ ਹੈ ਓਵੇਂ ਦਾ ਹੀ ਫ਼ਲ ਉਸ ਨੂੰ ਜੀਵਨ ਦੇ ਰੂਪ ਵਿਚ ਮਿਲਦਾ ਹੈ ਜਾਂ ਇੰਝ ਵੀ ਕਹਿ ਸਕਦੇ ਹਾਂ ਕਿਇਨਸਾਨ ਜੋ ਬੀਜਦਾ ਓਹੀ ਵੱਢਦੈ। •

97816-77772







ਰਾਜਿੰਦਰ ਕੌਰ ਚੋਹਕਾ

# ਔਰਤ ਲਈ ਮਾਣ ਵਾਲੀ ਗੱਲ ਹੈ ਸਿਰ ਕੱਜਣਾ

ਇਸਤਰੀਆਂ ਲਈ ਪਰਦਾ, ਬੁਰਕਾ, ਘੁੰਡ, ਹਿਜ਼ਾਬ ਰਾਹੀਂ ਆਪਣਾ ਚਿਹਰਾ ਛੁਪਾਉਣ ਨੇ ? ਮੌਜੂਦਾ ਉਸਾਰੂ ਸੋਚ, ਤਰਕਸ਼ੀਲਤਾ ਅਤੇ ਇਸਤਰੀ ਦੀ ਮਾਣ-ਮਰਿਆਦਾ ਜਿਹੇ ਸਵਾਲਾਂ ਪ੍ਰਤੀ ਸਮਾਜ ਅੰਦਰ ਅੱਜ ! 'ਇਸਤਰੀ ਅਧਿਕਾਰਾਂ' ਲਈ ਇਕ ਨਵੀਂ ਚੁਣੌਤੀ ਦੇ ਪ੍ਰਤੀ ਇਕ ਨਵੀਂ ਬਹਿਸ ਛੇੜ ਦਿੱਤੀ ਹੈ ? ਸ੍ਰੀਲੰਕਾ ਵਿਚ ਦਹਿਸ਼ਤਗਰਦੀ ਦੀ ਘਟਨਾ ਤੋਂ ਬਾਅਦ ਬੁਰਕੇ 'ਤੇ ਲੱਗੀ ਪਾਬੰਦੀ ਨੇ ਭਾਰਤ ਵਿਚ 'ਬੁਰਕਾ ਬਨਾਮ ਘੁੰਡ' ਨੂੰ ਇਕ ਨਵੇਂ ਵਾਦ-ਵਿਵਾਦ ਨੂੰ ਜਨਮ ਦਿੱਤਾ ਹੈ ਪ੍ਰੰਤੂ ! ਬੁਰਕੇ 'ਤੇ ਪਾਬੰਦੀ ਦੇ 'ਹੱਕ ਤੇ ਵਿਰੋਧ' ਵਿਚ ਉੱਠੀ ਬਹਿਸ ਦੇ ਨਾਲ 'ਆਸਕਰ-ਪੁਰਸਕਾਰ' ਜਿਤਣ ਵਾਲੇ ਸੰਗੀਤਕਾਰ ਏਆਰਰਹਿਮਾਨ ਦੀ ਲੜਕੀ 'ਖ਼ਦੀਜ਼ਾ' ਦੇ ਨਕਾਬ ਪਾਏ ਜਾਣ ਤੇ ਉਸ ਦੀ ਇਹ ਵਾਇਰਲ ਹੋਈ ਤਸਵੀਰ ਨੇ ਬਹਿਸ ਦਾ ਰੁੱਖ ਹੀ ਬਦਲ ਦਿੱਤਾ ਹੈ ! ਇਹ ਸਵਾਲ ਵੀ ਉਭਰ ਕੇ ਸਾਹਮਣੇ ਆਇਆ ਕਿ ਕੀ ਪਰਦੇ ਦੇ ਰਿਵਾਜ ਤੇ ਪਾਬੰਦੀ ਉੱਪਰ ਇਸਤਰੀਆਂ ਦੇ ਅਧਿਕਾਰਾਂ ਦੀ ਉਲੰਘਣਾ ਤਾਂ ਨਹੀਂ ਹੋ ਰਹੀ ਹੈ ? ਜਿਸ ਤਰ੍ਹਾਂ ਕਿ ਪਿੱਛਲੇ ਸਾਲ 'ਸੰਯੁਕਤ ਰਾਸ਼ਟਰ' ਦੀ ਮਨੁੱਖੀ ਅਧਿਕਾਰ ਸੰਮਤੀ ਨੇ ਬੁਰਕੇ ਉੱਪਰ ਲਾਈ ਪਾਬੰਦੀ ਨੂੰ ਨਾ-ਬਾਜਵ ਦੱਸਦਿਆਂ ਕਿਹਾ ਸੀ ਕਿ 'ਇਹ ਨਾ ਸਿਰਫ਼ ਇਸਤਰੀਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ ਬਲਕਿ ਉਨ੍ਹਾਂ ਦੇ ਧਾਰਮਿਕ-ਵਿਸ਼ਵਾਸ ਨੂੰ ਵੀ ਧੱਕਾ ਲੱਗਦਾ ਹੈ ? 'ਉੱਥੇ ਹੀ 'ਅਮੈਨੇਸਟੀ-ਇੰਟਰਨੈਸ਼ਨਲ' ਵੀ ਬੁਰਕੇ ਦੇ ਰੋਕ ਦੇ ਵਿਰੋਧ ਵਿਚ ਹੈ! ਇਸ ਜਥੇਬੰਦੀ ਦਾ ਇਹ ਵੀ ਮੰਨਣਾ ਹੈ ਕਿ, 'ਇਸਤਰੀਆਂ ਲਈ ਸਸ਼ਕਤੀਕਰਨ ਦਾ ਉਦੇਸ਼, ਉਨ੍ਹਾਂ ਲਈ ਮੌਜੂਦਾ ਮੌਕਿਆਂ ਨੂੰ ਵਧਾਉਣਾ ਹੈ, ਨਾ ਕਿ ਮੌਜੂਦਾ ਮੌਕਿਆਂ ਨੂੰ ਹੋਰ ਵੀ ਸੀਮਤ ਕਰ ਦੇਣਾ ਹੈ ?'

### ਔਰਤ ਦੀ ਮਰਜ਼ੀ

ਕੇਰਲ ਦੀ ਬਾਡੀ ਬਿਲਡਰ 'ਮਜੀਜ਼ੀਆ ਭਾਨੂੰ ਦੇ ਮੁਤਾਬਿਕ' ਜੇਕਰ ਕੋਈ ਇਸਤਰੀ ਆਪਣੇ ਸਰੀਰ ਨੂੰ ਦਿਖਾਉਣ ਲਈ ਆਜ਼ਾਦ ਹੈ ਤਾਂ ਉਸ ਨੂੰ ਆਪਣੇ ਸਰੀਰ ਨੂੰ ਢੱਕਣ ਲਈ ਵੀ ਆਜ਼ਾਦੀ ਚਾਹੀਦੀ ਹੈ ?' ਇਸ ਤਰ੍ਹਾਂ ਪਰਦੇ ਦਾ ਅਧਿਕਾਰ ਸਿਰਫ਼ ਔਰਤ ਦੀ ਮਰਜ਼ੀ ਤੇ ਹੀ ਛੱਡ ਦੇਣਾ ਮੁਨਾਸਿਬ ਨਹੀਂ ਹੋਵੇਗਾ? ਅੱਜ ਦੇ ਇਸ ਪ੍ਰਗਤੀਸ਼ੀਲ ਸਮਾਜ ਦਾ ਭਾਵੇਂ! ਇਕ ਵਰਗ ਇਸ ਨੂੰ ਪੁਰਾਣੀ ਪਰੰਪਰਾਵਾਂ ਦੇ ਨਾਲ ਜੋੜ ਕੇ ਦੇਖ ਰਿਹਾ ਹੈ ਪਰ ਵਿਕਾਸਸ਼ੀਲ-ਭਾਰਤ ਤੇ ਅਮਰੀਕਾ ਸਮੇਤ ਕਈ ਵਿਕਸਤ ਦੇਸ਼ਾਂ ਵਿਚ ਵੀ ਉਨ੍ਹਾਂ ਇਸਤਰੀਆਂ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਨੇ ਇਸ ਪਰੰਪਰਾ ਨੂੰ ਸਦਾ ਹੀ ਆਪਣੇ ਅਧਿਕਾਰਾਂ ਤਹਿਤ ਨਿਭਾਉਂਦੇ ਹੋਏ ਹਿਜ਼ਾਬ ਪਾ ਕੇ ਸਿਰਫ਼ ਮਾਡਲਿੰਗ ਹੀ ਨਹੀਂ ਕੀਤੀ ਸੀ ? ਬਲਕਿ, ਵਕਾਰੀ 'ਬਾਡੀ ਬਿਲਡਰ ਚੈਂਪੀਅਨ ਪ੍ਰਤੀਯੋਗਤਾ' ਵਿਚ ਵੀ ਆਪਣੀ ਬੁਲੰਦੀ ਦਾ ਝੰਡਾ ਵੀ ਗੱਡਿਆ। ਕੁਝ ਸਮੇਂ ਪਹਿਲਾਂ ਫਿਲਮ 'ਦੰਗਲ' ਵਿਚ ਆਪਣੀ ਭੂਮਿਕਾ ਨਿਭਾ ਚੁੱਕੀ 'ਜਾਇਰਾ-ਵਸੀਮ' ਨੇ ਇਹ ਕਹਿ ਕੇ, ਹਿਜ਼ਾਬ ਪਾ ਕੇ ਇਸਤਰੀਆਂ, ਖ਼ੂਬਸੂਰਤ ਅਤੇ ਸੁਤੰਤਰ ਹੁੰਦੀਆਂ ਹਨ।

ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਬੁਰਕਾ, ਘੁੰਡ ਜਾਂ ਹਿਜ਼ਾਬ ਇਸਤਰੀਆਂ ਦੀ ਆਜ਼ਾਦੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਪਰਦੇ ਨੂੰ ਇਸਤਰੀਆਂ ਦੀ ਆਜ਼ਾਦੀ ਦੇ ਰਾਹ ਵਿਚ ਪਈਆਂ ਬੇੜੀਆਂ ਵਾਂਗ ਦੇਖਣਾ ਚਾਹੀਦਾ ਹੈ ? ਸਮੇਂ ਦੀ ਮੰਗ ਇਹ ਹੈ, 'ਕਿ ਇਸ ਲਈ ਫ਼ੈਸਲਾ ਲੈਣ ਦਾ ਅਧਿਕਾਰ ਇਸਤਰੀ ਉੱਪਰ ਛੱਡ ਦੇਣਾ ਚਾਹੀਦਾ ਹੈ। ਆਪਣੇ ਹਾਲਾਤ ਮੁਤਾਬਿਕ ਸੋਚ ਕੇ ਉਹ ਸਭ ਕੁਝ ਤੈਅ ਕਰੇ ਕਿ, ਕੀ ਪਰਦਾ ਉਸ ਦੀ ਪੁਰਾਤਨ ਹੋ ਰਹੀ ਸੰਸਕ੍ਰਿਤੀ ਦਾ ਇਕ ਹਿੱਸਾ ਹੈ? ਜਾਂ ਉਸ ਦੀ ਆਜ਼ਾਦੀ ਜਾਂ ਉਸ ਦੇ ਵਿਅਕਤੀਤਵ ਦੇ ਰਸਤੇ ਵਿਚ ਰੋੜਾ ਹੈ ?' ਕਿਉਂਕਿ ਭਾਰਤ ਵਿਚ ਘੁੰਡ ਜਿੱਥੇ ਇਕ ਸੰਸਕ੍ਰਿਤੀ ਨਾਲ ਜੁੜੀ ਹੋਈ ਪਰੰਪਰਾਂ ਹੀ ਨਹੀਂ? ਸਗੋਂ ਇਹ ਇਕ ਗ਼ੁਲਾਮੀ ਦਾ ਵੀ ਪ੍ਰਤੀਕ ਹੈ ?'

### ਪੀੜ੍ਹੀ-ਦਰ ਪੀੜ੍ਹੀ ਚਲਣ ਵਾਲੀ ਗ਼ੁਲਾਮੀ

ਪਰਦਾ ਪੀੜ੍ਹੀ-ਦਰ ਪੀੜ੍ਹੀ ਚਲਣ ਵਾਲੀ 'ਗ਼ੁਲਾਮੀ' ਦੀ ਇਕ ਲਕੀਰ ਵੀ ਹੈ, ਜੋ ਅੱਗੋਂ ਇਹੋ ਜਿਹੀ ਪਰੰਪਰਾ ਰੂਪ ਧਾਰ ਗਈ, 'ਜਿੱਥੇ ਆਪਣੇ ਤੋਂ ਵੱਡਿਆਂ ਦਾ ਆਦਰ ਕਰਨ ਦੇ ਰੂਪ ਵਿਚ ਦੇਖਿਆ ਜਾਂਦਾ ਸੀ ਅਤੇ ਸਿਰ ਢੱਕ ਕੇ ਰੱਖਣ ਦੀ ਪਰੰਪਰਾ ਚਲਦੀ ਹੀ ਰਹੀ। ਸਾਮੰਤਵਾਦੀ ਅਤੇ ਗ਼ੁਲਾਮਦਾਰੀ ਦੌਰ ਅੰਦਰ ਕੁਝ ਇਸਤਰੀਆਂ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ, ਜਿੱਥੇ ਅਮੀਰ ਘਰਾਂ ਦੀਆਂ ਇਸਤਰੀਆਂ ਅਪਾਣੀ 'ਸੁੰਦਰਤਾ ਨੂੰ ਛੁਪਾਉਣ ਤੇ ਆਬਰੂ (ਇੱਜ਼ਤ) ਬਣਾਈ ਰੱਖਣ ਲਈ ਪਰਦੇ ਦਾ ਸਹਾਰਾ ਲੈਂਦੀਆਂ ਸਨ। ਅਰਬ ਦੇਸ਼ਾਂ ਵਿਚ ਵੀ ਰੇਤਾ, ਧੂੜ ਤੇ ਧੁੱਪ ਤੋਂ ਆਪਣੇ ਵਾਲਾਂ (ਸਿਰ) ਤੇ ਚਮੜੀ ਨੂੰ ਬਚਾਉਣ ਲਈ ਇਸਤਰੀਆਂ ਸਿਰ ਤੇ ਚਿਹਰੇ ਨੂੰ ਕੱਪੜੇ ਨਾਲ ਬੰਨ੍ਹ ਕੇ ਰੱਖਦੀਆਂ ਸਨ। ਅੱਜ ਇਸ ਦਾ ਬਦਲਿਆ ਹੋਇਆ ਰੂਪ ਸਾਡੇ ਸਾਹਮਣੇ ਹੈ। ਹੱਥਾਂ ਤੇ ਚਿਹਰੇ ਦੀ ਸੁਰੱਖਿਆ ਦੇ ਤੌਰ 'ਤੇ ਹਿਜ਼ਾਬ, ਸਕਾਰਫ਼, ਚੁੰਨੀ ਜਿਹੇ ਕਪੜੇ ਪਹਿਨੇ ਦੇਖਣ ਨੂੰ ਮਿਲਦੇ ਹਨ।

### ਦਾਰਸ਼ਨਿਕ ਅਤੇ ਇਤਿਹਾਸਕਾਰ

ਗਰੀਕ ਦਾਰਸ਼ਨਿਕ ਅਤੇ ਇਤਿਹਾਸਕਾਰ ਸਤਾਬੋ ਨੇ ਵੀ ਪਹਿਲੀ ਸਦੀ ਵਿਚ ਮੱਧ ਦੁਨੀਆ ਦੇ ਦੇਸ਼ਾਂ ਵਿਚ ਇਸਤਰੀਆਂ ਵੱਲੋਂ ਆਪਣਾ ਚਿਹਰਾ ਢੱਕਣ ਦਾ ਜ਼ਿਕਰ ਕੀਤਾ ਹੈ। ਉੱਥੇ ਹੀ ਉੱਚ ਵਰਗ ਦੇ ਅਮੀਰ ਲੋਕਾਂ ਵਿਚ ਇਸਤਰੀਆਂ ਨੇ ਪਰਦੇ ਦੀ ਰੀਤ ਇੱਜ਼ਤ ਦੇ ਤੌਰ 'ਤੇ ਵੀ ਕੀਤੀ। ਕੁਝ ਵਰਗਾਂ ਵਿਚ ਚਿਹਰੇ ਨੂੰ ਠੀਕ ਤਰ੍ਹਾਂ ਬਣਾਈ ਰੱਖਣ ਲਈ ਬੜੀ ਹੀ ਸਖ਼ਤਾਈ ਨਾਲ ਮੂੰਹ ਢੱਕਣ ਦੀ ਪਾਲਣਾ ਕੀਤੀ ਗਈ। ਆਚਾਰੀਆ ਨਰਾਇਣ ਦੱਤ ਤਿਵਾਰੀ, ਸ਼ਾਸਤਰੀ, ਰਾਮ ਚਰਿਤ੍ਰਮਾਨਸ ਨੇ ਇਕ ਅਧਿਆਏ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਸਿਰ ਢੱਕਣ ਦਾ ਰਿਵਾਜ ਪੁਰਾਣਾ ਹੈ ? ਰਮਾਇਣ ਵਿਚ ਜਦੋਂ ਰਾਮ ਚੰਦਰ ਤੇ ਸੀਤਾ ਬਨਵਾਸ ਜਾ ਰਹੇ ਸੀ ਤਾਂ ਰਸਤੇ ਵਿਚ ਇਸਤਰੀਆਂ ਨੇ ਸੀਤਾ ਤੋਂ ਰਾਮਚੰਦਰ ਵਾਰੇ ਪੁੱਛਿਆ ਤਾਂ ਪਹਿਲਾਂ ਸੀਤਾ ਨੇ ਆਪਣੀ ਚੁੰਨੀ ਨੂੰ ਮੱਥੇ ਤੋਂ ਥੱਲੇ ਸਰਕਾ ਕੇ ਘੁੰਡ ਕੱਢਿਆ ਅਤੇ ਸਿਰ ਨੂੰ ਨੀਵਾਂ ਕਰ ਕੇ ਇਸ਼ਾਰਾ ਕਰ ਕੇ ਉਸ ਦਾ ਪਤੀ ਹੋਣ ਦਾ ਸਬੂਤ ਦਿੱਤਾ। ਉੱਥੇ ਤਾਂ ਉਸ ਸਮੇਂ ਕੋਈ ਵੀ ਸਿਆਣਾ ਬਜ਼ੁਰਗ ਨਹੀਂ ਸੀ ? ਲੇਕਿਨ ਆਦਰ ਕਰਦਿਆਂ ਆਪਣੇ ਰਿਸ਼ਤੇ ਵਾਰੇ ਦੱਸਣ ਲਈ ਸੀਤਾ ਨੇ ਆਪਣਾ ਸਿਰ ਢੱਕਿਆ। ਇਸ ਤਰ੍ਹਾਂ ਪਰਦਾ ਕਰਨਾ, ਇਕ ਘ੍ਰਿਣਾ ਕਰਕੇ ਨਹੀਂ ਕੀਤਾ। ਇਸ ਨੂੰ ਤਰਕ ਨਾਲ ਦੇਖਣਾ ਪਏਗਾ ਕਿ ਇਹ ਇਕ ਮਰਿਯਾਦਾ ਦੇ ਤੌਰ 'ਤੇ ਕੀਤਾ ਗਿਆ ਸੀ।

### ਸੁਆਣੀ ਦਾ ਰੁਤਬਾ

ਵਿਆਹ ਉਪਰੰਤ ਸੁਆਣੀ ਦਾ ਰੁਤਬਾ ਆਦਿਕਾਲ ਸਮੇਂ ਵਿਆਹ ਤੋਂ ਬਾਅਦ ਵੀ ਸੁਆਣੀ ਪਰਦੇ ਵਿਚ ਰਹਿਣਾ ਪਸੰਦ ਕਰਦੀ ਸੀ। ਭਵ ਭੂਤੇ ਅਤੇ ਮਾਘ ਦੀਆਂ ਰਚਨਾਵਾਂ ਵਿਚ ਵੀ ਪਰਦੇ 'ਚ ਰਹਿ ਕੇ ਚੱਲਣ ਦੇ ਰਿਵਾਜ ਬਾਰੇ ਪਤਾ ਚਲਦਾ ਹੈ। ਉੱਥੇ ਹੀ ਬਾਲਮੀਕ ਰਮਾਇਣ ਵਿਚ ਵੀ ਘੁੰਡ ਵਾਰੇ ਜਾਣਕਾਰੀ ਕਈ ਵਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਇਕ ਜਗਾ ਕਿਹਾ ਗਿਆ ਹੈ ਕਿ ਹੇ ਪ੍ਰਭੂ ਮੇਰੇ ਮੂੰਹ ਤੇ ਘੁੰਡ ਨਹੀਂ ਹੈ। ਮੈਂ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਇੱਥੇਂ ਆਈ ਹਾਂ। ਇਹੋ ਜਿਹੀ ਅਵਸਥਾ ਵਿਚ ਦੇਖ ਕੇ ਤੁਸੀਂ ਮੈਨੂੰ ਕ੍ਰੋਧਿਤ ਕਿਉਂ ਨਹੀਂ ਹੁੰਦੇ? ਘੁੰਡ ਇਕ ਆਪਣੀ ਮਰਜ਼ੀ ਨਾਲ ਕੱਢਿਆ ਜਾਂਦਾ ਹੈ, ਨਾ ਕਿ ਘੁੰਡ ਕੱਢਣ ਲਈ ਮਜਬੂਰ ਕੀਤਾ ਗਿਆ ? ਇਹ ਪ੍ਰਾਚੀਨ ਕਾਲ ਤੋਂ ਹੀ ਰੀਤ ਚਲਦੀ ਆਈ ਹੈ। ਜੇਕਰ ਪੁਰਾਣੀਆਂ ਕਥਾਵਾਂ ਨੂੰ ਖੋਜਿਆ ਜਾਵੇ ਤਾਂ ਇਸਤਰੀ ਪੁਰਸ਼ ਦੋਵੇਂ ਹੀ ਸਿਰ ਢੱਕਣ ਲਈ ਮੁਕਟ ਪਾਉਂਦੇ ਸਨ।

ਦਰਅਸਲ ਇਸ ਤਰ੍ਹਾਂ ਸਿਰ ਢੱਕਣ ਦੇ ਪਿੱਛੇ ਇਕ ਵਿਗਿਆਨਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਇਸ ਨਾਲ ਮਸਤਿਕ ਨੂੰ ਇਕਾਗਰਤਾ ਨਾਲ ਰੱਖਣ 'ਚ ਮਦਦ ਮਿਲਦੀ ਹੈ। ਉੱਤਰੀ ਭਾਰਤ ਅੰਦਰ ਘੁੰਡ ਇਕ ਪਰਦਾ ਅਤੇ ਸਰੀਰ ਨੂੰ ਕੱਜਣਾ (ਢੱਕ ਕੇ ਰੱਖਣਾ) ਇਕ ਰੀਤ ਸੀ। ਬਾਅਦ 'ਚ ਮਗ਼ਲਾਂ ਦੇ ਆਉਣ ਨਾਲ ਇਕ ਰਵਾਇਤੀ, ਧਾਰਮਿਕ ਰਸਮ ਵਜੋਂ ਇਸਤਰੀ ਲਈ ਇਕ ਬੇੜੀ, ਬੰਦਸ਼ ਬਣ ਗਈ ? ਜੋ ਅੱਜ ਤਕ ਜਾਰੀ ਹੈ।

### ਇਨਕਲਾਬ ਦੀ ਗੱਲ

ਕਵੀਆਂ ਤੇ ਸ਼ਾਇਰਾਂ ਨੇ ਵੀ ਘੁੰਡ ਬਨਾਮ ਪਰਦੇ ਨੂੰ ਔਰਤਾਂ ਦੀ ਸੁੰਦਰਤਾ ਨਾਲ ਜੋੜਿਆ ਹੈ। ਭਗਤ ਕਬੀਰ ਜੀ ਨੇ ਇਸ ਨੂੰ ਰੂਹਾਨੀਅਤ ਨਾਲ ਜੋੜ ਕੇ ਦੇਖਿਆ ਹੈ। ਇਨਕਲਾਬ ਦੀ ਗੱਲ ਕਰਦੇ ਹੋਏ ਮਜਾਜ਼ ਨੇ ਇਸ ਰਾਹੀ ਬਗ਼ਾਵਤ ਦੀ ਗੱਲ ਕੀਤੀ ਹੈ, 'ਤੇਰੇ ਮਾਥੇ ਪੇ ਯਹ ਆਂਚਲ ਸੇ ਇਕ ਪਰਚਮ ਬਨਾ ਲੇਤੀ ਤੋ ਅੱਛਾ ਥਾ?' ਸਿੱਖ ਧਰਮ ਅੰਦਰ ਘੁੰਡ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਹੈ। ਮੁਗ਼ਲ ਕਾਲ ਵੇਲੇ, ਮੁਗ਼ਲ ਵਧੀਕੀਆਂ ਕਰਕੇ ਲੜਕੀਆਂ ਦੇ ਕੰਨ, ਨੱਕ ਵਿੰਨ੍ਹਣੇ ਅਤੇ ਘੁੰਡ ਕੱਢਣਾ ਇਸਤਰੀਆਂ ਲਈ ਇਕ ਬਚਾਅ ਦਾ ਢੰਗ-ਤਰੀਕਾ ਸੀ। ਜੋ ਹੌਲੀ-ਹੌਲੀ ਖ਼ਤਮ ਹੋ ਗਿਆ। ਸਿੱਖ ਇਤਿਹਾਸ ਅੰਦਰ ਕਈ ਜੁਝਾਰੂ ਇਸਤਰੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਹਾਕਮਾਂ ਦੇ ਜ਼ੁਲਮਾਂ ਵਿਰੁੱਧ 'ਮਰਦਾਨਾ' ਭੇਸ ਧਾਰ ਕੇ ਲੜਾਈ ਲੜੀ ! ਬਰਤਾਨਵੀ ਸਾਮਰਾਜ ਵਿਰੁੱਧ ਕਈ ਇਸਤਰੀਆਂ ਆਜ਼ਾਦੀ ਦੀ ਜੰਗ ਅੰਦਰ ਵੀ ਘੁੰਡ ਕੱਢ ਕੇ ਮੈਦਾਨੇ ਜੰਗ ਵਿਚ ਨਿੱਤਰੀਆਂ। ਕਿਹਾ ਇਹ ਵੀ ਜਾਂਦਾ ਹੈ ਕਿ ਇਸਤਰੀਆਂ ਘੁੰਡ ਆਪਣੀ ਸੁੰਦਰਤਾ ਨੂੰ ਛੁਪਾਣ ਲਈ ਵੀ ਕੱਢਦੀਆਂ ਸਨ? ਇਹੀ ਕਾਰਨ ਹੈ ਕਿ ਰੂਪ-ਸੁੰਦਰਤਾ ਦੇ ਵਾਰੇ ਘੁੰਡ ਦਾ ਜ਼ਿਕਰ ਵਾਰ-ਵਾਰ ਕਵੀਆਂ ਵੱਲੋਂ ਕੀਤਾ ਗਿਆ ਹੈ।

ਚਾਹੇ ਕਵੀ ਹਰੀ ਰਾਮ ਵਿਆਸ ਹੋਵੇ, ਜਾਂ ਕਾਲੀਦਾਸ ਹੋਵੇ। ਇਹੀ ਕਾਰਨ ਹੈ ਕਿ ਇਨ੍ਹਾਂ ਕਵੀਆਂ ਨੇ ਘੁੰਡ ਨੂੰ ਇਕ ਸੁੰਦਰਤਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ।

### ਅਗਾਂਹ-ਵਧੂ ਸਮਾਜ

ਅਗਾਂਹ-ਵਧੂ ਆਧੁਨਿਕ ਸਮਾਜ ਅੰਦਰ, ਇਸਤਰੀਆਂ ਨੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਆਪਣੇ ਹੱਕਾਂ ਪ੍ਰਤੀ ਸੰਘਰਸ਼ ਕੀਤੇ ਹਨ। ਭੂਤ ਤੇ ਵਰਤਮਾਨ ਸਮੇਂ ਦੀਆਂ, ਦਮ ਘੁੱਟਣ ਵਾਲੀਆਂ, ਇਸਤਰੀ ਵਰਗ-ਵਿਰੋਧੀ ਪਰੰਪਰਾਵਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਨਵੀਆਂ ਪਰੰਪਰਾਵਾਂ ਨੂੰ ਬਣਾਉਣ ਤੇ ਅਪਨਾਉਣ ਲਈ ਵੀ ਅੱਜ ਸਾਡੇ ਸਾਹਮਣੇ ਅਗਾਂਹ-ਵਧੂ ਇਸਤਰੀਆਂ ਦੀਆਂ ਮਿਸਾਲਾਂ ਹਨ ? ਜਿਨ੍ਹਾਂ ਨੇ ਆਪਣੀਆਂ ਇਨਕਲਾਬੀ ਪਰੰਪਰਾਵਾਂ ਰਾਹੀਂ ਸਮਾਜ ਅੰਦਰ ਇਸਤਰੀ ਵਰਗ ਨੂੰ ਬਰਬਰਤਾ ਦੇਣ ਲਈ ਉਹ, ਉਨ੍ਹਾਂ ਸਥਾਨਾਂ ਤੇ ਪਹੁੰਚੀਆਂ, ਜਿੱਥੇ ਬਹੁਤ ਹੀ ਘੱਟ ਉਮੀਦ ਰੱਖੀ ਜਾਂਦੀ ਸੀ। ਇਸ ਦੀ ਮਿਸਾਲ ਸਾਡੇ ਸਾਹਮਣੇ ਪੇਸ਼ ਹੈ।

### ਅਨੋਖੀ ਮਿਸਾਲ

ਇਕ ਖ਼ਬਰ ਮੁਤਾਬਿਕ ਪਿਛਲੇ ਸਾਲ ਕੇਰਲ ਦੀ ਹਿਜ਼ਾਬ ਪਾਉਣ ਵਾਲੀ, ਬਹਾਦਰ ਤੇ ਦਲੇਰਾਨਾ ਇਸਤਰੀ 'ਬਾਡੀ-ਬਿਲਡਰ ਮਜ਼ੀਜ਼ੀਆ-ਭਾਨੂੰ ਨਾਂ ਸਿਰਫ਼ ਹਿਜ਼ਾਬ ਪਾ ਕੇ ਰਿੰਗ ਵਿਚ ਉੱਤਰੀ, ਬਲਕਿ ਬਾਡੀ ਬਿਲਡਰ ਚੈਂਪੀਅਨ ਪ੍ਰਤਿਯੋਗਤਾ ਵਿਚ ਹਿੱਸਾ ਲਿਆ ਅਤੇ ਜਿੱਤ ਵੀ ਪ੍ਰਾਪਤ ਕੀਤੀ। ਇੱਥੇ ਹੀ ਬਸ ਨਹੀ ? ਬ੍ਰਿਟਿਸ਼ ਦੀ ਸੁੰਦਰਤਾ ਦੀ ਬਲਾਗਰ ਅਤੇ ਮਾਡਲ ਅਮੀਨਾ ਖਾਨ ਨੇ ਵੀ ਅਪਾਣੀਆਂ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਇਕ ਅਨੋਖੀ ਮਿਸਾਲ ਪੇਸ਼ ਕੀਤੀ। 2018 'ਚ ਉਸ ਨੇ ਫਰਾਂਸੀਸੀ ਸੁੰਦਰਤਾ ਪ੍ਰਸਥਾਨ ਕੰਪਨੀ ਲਾਰਿਆਲ ਦੇ ਵਿਗਿਆਪਨ ਦੇ ਲਈ ਹਿਜ਼ਾਬ ਪਾਉਣ ਵਾਲੀ ਪਹਿਲੀ ਇਸਤਰੀ ਮਾਡਲ ਦੇ ਤੌਰ 'ਤੇ ਚੁਣੀ ਗਈ ? ਇਹੋ ਜਿਹੀ ਹੀ ਇਕ ਹੋਰ ਮਿਸਾਲ ਅਮਰੀਕੀ ਮਾਡਲ ਹਲੀਮਾਅਡੇਨ ਨੇ ਅਮਰੀਕਾ ਪੱਤਿਰਕਾ ਸਪੋਰਟਸ ਇਲੈਸਟਰਡ ਦੇ ਲਈ ਹਿਜ਼ਾਬ, ਬੁਕਰੀਨੀ ਪਾਉਣ ਵਾਲੀ ਮਾਡਲ ਬਣ ਕੇ ਇਕ ਇਤਿਹਾਸ ਸਿਰਜ ਦਿੱਤਾ ? ਇਸੇ ਤਰ੍ਹਾਂ ਪਿਛਲੇ ਸਾਲ ਅਮਰੀਕਾ ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਜਿੱਤਣ ਵਾਲੀ ਇਲਹਾਨ ਨੇ ਹਿਜ਼ਾਬ ਪਾ ਕੇ ਸੌਂਹ ਚੁੱਕਣ ਵਾਲੀ ਪਹਿਲੀ ਮੁਸਲਿਮ ਇਸਤਰੀ ਬਣ ਕੇ ਇਤਿਹਾਸ ਰਚਿਆ। ਜਿਸ ਦੀ ਚਰਚਾ ਅੱਜ ਤੱਕ ਹੁੰਦੀ ਹੈ।

ਬੁੰਦੇਲਖੰਡ ਦੇ ਮੁਸਕਰਾ ਇਲਾਕੇ ਦੇ ਲੋਦੀਪੁਰ ਨਿਵਾਦਾ ਪਿੰਡ ਘੁੰਡ ਵਾਲੀਆਂ ਔਰਤਾਂ ਦੀ ਕੁਸ਼ਤੀ ਲਈ ਹੀ ਪ੍ਰਸਿੱਧ ਹੈ। ਰੱਖੜੀ ਤੋਂ ਇਕ ਦਿਨ ਬਾਅਦ ਹੋਣ ਵਾਲੀ ਕੁਸ਼ਤੀ ਦੇ ਆਯੋਜਨ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਇਸਤਰੀਆਂ ਘੁੰਡ ਕੱਢ ਕੇ ਅਖਾੜੇ ਵਿਚ ਉਤਰਦੀਆਂ ਹਨ। ਸਾਨੂੰ ਇਸ ਦਾ ਇਤਿਹਾਸਕ ਪਿਛੋਕੜ ਵੀ ਦੇਖਣਾ ਪਏਗਾ ? ਦਰ-ਅਸਲ ਅਗਰੇਜ਼ੀ ਰਾਜ ਸਮੇਂ, ਇਸ ਰਸਮ ਘੁੰਡ, ਬੁਰਕਾ ਹਿਜ਼ਾਬ ਦੀ ਸ਼ੁਰੂਆਤ ਅੰਗਰੇਜ਼ ਫ਼ੌਜ ਦੇ ਖਿਲਾਫ਼ ਇਸਤਰੀਆਂ ਨੂੰ ਲੜਨ ਦੇ ਲਈ ਤਿਆਰ ਕਰਨ ਲਈ ਹੀ ਕੀਤੀ ਗਈ ਸੀ ! ਪ੍ਰੰਤੂ ਇਹ ਰਸਮ ਅੱਜ ਵੀ 21ਵੀਂ ਸਦੀ ਵਿਚ ਵੀ, ਇਸਤਰੀ ਦੇ ਸਸ਼ਤਰੀਕਰਨ ਦੇ ਲਈ ਇਕ ਲਾ-ਮਿਸਾਲ, ਅਹਿਮ ਉਦਾਹਰਣ ਦੇ ਤੌਰ 'ਤੇ ਜਾਰੀ ਹੈ। ਇਹੋ ਜਿਹੀ ਹੀ ਇਕ ਬਹਾਦਰੀ ਦੀ ਮਿਸਾਲ ਸਾਡੇ ਸਾਹਮਣੇ ਹੈ ਭੂਪਾਲ ਵਿਚ ਬੁਰਕੇ ਤੇ ਹਿਜ਼ਾਬ ਦੇ ਵਿਚ ਹੀ ਇਸਤਰੀਆਂ ਵੱਲੋਂ ਜਿੰਮ ਵਿਚ ਜਾ ਕੇ ਕਸਰਤ ਕਰਨ ਦੀ ਹੈ। ਮੁਸਲਿਮ ਸਮਾਜ ਦੀਆਂ ਇਹੋ ਜਿਹੀਆਂ ਪ੍ਰਗਤੀਸ਼ੀਲ, ਅਗਾਂਹ-ਵਧੂ ਇਸਤਰੀਆਂ ਨੂੰ ਆਪਣੇ-ਆਪ ਨੂੰ ਫਿੱਟ ਰੱਖਣ ਲਈ ਪਰਦਾ ਉਨ੍ਹਾਂ ਲਈ ਕੋਈ ਬੰਦਿਸ਼ ਨਹੀਂ ਹੈ?

### ਅਧਿਕਾਰਾਂ ਦਾ ਹਨਨ

ਪਰਦਾ, ਹਿਜ਼ਾਬ, ਬੁਰਕਾ, ਘੁੰਡ ਆਦਿ ਕਿਸੇ ਧਰਮ, ਆਸਥਾ ਅਧੀਨ ਇਕ ਬੰਦਿਸ਼ ਵਜੋਂ ਜੋ ਗ਼ੁਲਾਮੀ, ਔਰਤਾਂ ਦੇ ਦੂਸਰੇ ਦਰਜੇ ਦੀ ਨਾਗਰਿਕ ਲਈ ਅਤੇ ਹੀਨ ਬਣਾਉਣ ਲਈ ਇਕ ਚਿੰਨ੍ਹ ਬਣੇ ? ਉਹ ਔਰਤਾਂ ਦੇ ਅਧਿਕਾਰਾਂ ਦਾ ਹਨਨ ਹੈ ? ਇਸਤਰੀ ਦੀ ਆਪਣੀ ਸ਼ਖ਼ਸੀ-ਅਜ਼ਾਦੀ, ਉਸ ਨੂੰ ਮਰਦ ਦੇ ਬਰਾਬਰਤਾ ਦੇ ਅਧਿਕਾਰਾਂ ਅਤੇ ਸਮਾਜ ਅੰਦਰ ਇਕ ਮੁਕੰਮਲ ਨਾਗਰਿਕ ਵੱਲੋਂ ਉਸ ਦੇ ਹੱਕਾਂ ਤੇ ਕੋਈ ਰੋਕ ਨਾ ਲਾਵੇ ? ਉਹੀ ਰਿਵਾਜ, ਪਰੰਪਰਤਾ ਅਤੇ ਪ੍ਰਥਾ, ਰਿਵਾਜ ਨੂੰ ਹੰਢਣਸਾਰ ਕਿਹਾ ਜਾ ਸਕਦਾ ਹੈ। ਪਰ ਜੋ ਰੀਤੀ-ਰਿਵਾਜ ਉਸ ਦੇ ਹੱਕਾਂ, ਅਜ਼ਾਦੀ ਅਤੇ ਵਿਚਰਨ 'ਚ ਰੋਕਾਂ ਪੈਦਾ ਕਰੇ, ਇਸਤਰੀ ਨੂੰ ਹੀਣ ਭਾਵਨਾ ਦੇ ਪ੍ਰਭਾਵ ਹੇਠ ਲਿਆਵੇ, ਉਹ ਰੀਤੀ-ਰਿਵਾਜ ਕਦੀ ਵੀ ਮੰਨਣਯੋਗ ਨਹੀਂ ਹਨ। ਸਮਾਜ ਅੰਦਰ ਇਸਤਰੀ ਦੀ ਬਰਾਬਰਤਾ ਲਈ ਬਹੁਤ ਸਾਰੀਆਂ ਉਹ ਰੋਕਾਂ ਜੋ ਸਾਮੰਤਵਾਦ ਤੋਂ ਚੱਲ ਕੇ ਪੂੰਜੀਵਾਦ ਨੇ ਆਪਣੇ ਹਿੱਤ ਲਈ ਖੜ੍ਹੀਆਂ ਕੀਤੀਆਂ ਹਨ ਉਹ ਜ਼ਰ-ਜ਼ਰ ਕਰ ਕੇ ਹੌਲੀ-ਹੌਲੀ ਖ਼ਤਮ ਤਾਂ ਹੋਣਗੀਆਂ ।

### ਬਰਾਬਰੀ ਦੇ ਸਿਧਾਂਤ

ਲਿੰਗਕ ਬਰਾਬਰੀ ਦੇ ਸਿਧਾਂਤ ਅਤੇ ਸਮਾਜਿਕ ਨਿਆਂ ਅਧੀਨ ਇਸਤਰੀ-ਵਰਗ ਨੂੰ ਮਰਦ ਦੇ ਬਰਾਬਰ, ਹਰ ਤਰ੍ਹਾਂ ਦੇ ਅਧਿਕਾਰ ਦੇਣ, ਪਿਛਾਂਹ-ਖਿਚੂ, ਫਿਰਕੂ ਅਤੇ ਹਨੇਰ ਬਿਰਤੀ-ਵਾਦੀ ਪ੍ਰਭਾਵਾਂ ਨੂੰ ਰੋਕਣ ਤੇ ਲੋਕ ਕਲਾਵਾਂ ਅਤੇ ਪਰੰਪਰਾਵਾਂ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ।

ਧਾਰਮਿਕ-ਵਿਸ਼ਵਾਸਾਂ ਅਤੇ ਪ੍ਰੰਪਰਾਵਾਂ ਦੇ ਕਿਸੇ ਵੀ ਪਰਦੇ ਅੰਦਰ ਇਸਤਰੀਆਂ ਦੇ ਜਨ ਸਮੂਹਾਂ ਵਿਚ ਘੱਸੇ-ਪਿੱਟੇ ਜਾਗੀਰੂ ਸੰਸਕਰਨਾਂ ਰਾਹੀ ਇਸਤਰੀਆਂ ਦੀ ਬਰਾਬਰਤਾ ਦਾ ਦਰਜਾ ਘਟਾਉਣ ਅਤੇ ਉਸ ਦੇ ਨਾਗਰਿਕ ਅਧਿਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਨਿਸ਼ਾਨਾ ਬਣਾਉਣ ਦੀ ਕਿਸੇ ਤਰ੍ਹਾਂ ਦੀ ਕੋਸ਼ਿਸ਼ ਕਦੀ ਵੀ ਨਾ ਪ੍ਰਵਾਨ ਅਤੇ ਨਾ ਹੀ ਲਾਗੂ ਕਰਨ ਦੀ ਆਗਿਆ ਦਿੱਤੀ ਜਾਵੇਗੀ। ਉਹ ਕੋਈ ਵੀ ਕਾਰਵਾਈ, ਸੋਚ ਅਤੇ ਆਡੰਬਰ, ਜਿਹੜਾ ਵੀ ਇਸਤਰੀ ਦੀ ਮਾਣ-ਮਰਿਆਦਾ, ਰੁਤਬੇ ਅਤੇ ਉਸ ਦੇ ਹੱਕਾਂ ਨੂੰ ਆਂਚ ਪਹੁੰਚਾਵੇ, ਸਮਾਜਿਕ ਤੌਰ 'ਤੇ ਪ੍ਰਵਾਨ ਨਹੀ ਹੋਣੇ ਚਾਹੀਦੇ। •



### ਚੁੰਨੀ ਲੈਣਾ ਜਾਂ ਪਰਦਾ ਕਰਨਾ

*ਪਾਕਿਸਤਾਨ ਦੀ ਸਾਬਕਾ ਵਿਦੇਸ਼-ਮੰਤਰੀ ਹਿਨਾ-ਰਬਾਨੀ-ਖਾਰ ਹੋਵੇ ਜਾਂ ਫਿਲਮਾਂ 'ਚ ਕੰਮ ਕਰਨ ਵਾਲੀਆਂ ਹਸਤੀਆਂ ਹੋਣ, ਇਸਾਈ, ਸਿੱਖ, ਹਿੰਦੂ ਧਰਮ ਦੀਆਂ ਲੜਕੀਆਂ ਵੀ ਵਿਆਹਾਂ ਤੇ ਹੋਰ ਖ਼ਾਸ ਸਮਿਆਂ ਉੱਪਰ ਸਿਰ 'ਤੇ ਚੁੰਨੀ ਲੈ ਕੇ ਸਮਾਜ ਵਿਚ ਇਕ ਇੱਜ਼ਤਵਾਨ ਵਾਲੀ ਨਜ਼ਰ ਆਉਣ ਵਾਲੀ ਦੇ ਰੂਪ ਵਿਚ ਪਰਦੇ ਦੇ ਰੂਪ ਵਿਚ ਉਹ ਵਿਚਰੀਆਂ ਤੇ 21ਵੀਂ ਸਦੀ ਵਿਚ ਵੀ ਵਿਚਰ ਰਹੀਆਂ ਹਨ। ਭਾਵੇਂ ਇਸ ਤਰ੍ਹਾਂ ਕਰਨਾ, ਇਸ ਪ੍ਰਥਾ ਨੂੰ ਪੂਰੀ ਤਰ੍ਹਾਂ ਇਕ ਦਬਾਓ, ਜਾਂ ਪੱਛੜੇਪਨ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ ਹੈ ? ਕਿਉਂਕਿ, ਪੂਰੀ ਤਰ੍ਹਾਂ ਇਸ ਪਰੰਪਰਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਅੱਜ ਵੀ ਮੱਧ-ਵਰਗੀ ਤੇ ਛੋਟੇ ਤਬਕੇ ਵਿਚ ਰਹਿ ਰਹੀਆਂ ਇਸਤਰੀਆਂ ਅੰਦਰ ਪਰਦੇ ਦਾ ਰਿਵਾਜ, ਇਸਤਰੀਆਂ ਉੱਪਰ ਜ਼ਬਰਦਸਤੀ ਨਾਲ ਪਾਲਣ ਕਰਨ ਦਾ ਹੁਕਮ ਬਣਿਆ ਹੋਇਆ ਹੈ। ਜੋ ਬਹੁਤ ਵਾਰੀ, ਅਗਿਆਨਤਾ ਅਤੇ ਪੱਛੜੇਪਨ ਕਰਕੇ ਹੁੰਦਾ ਹੈ। ਪੜਦੇ ਦੇ ਹੱਕ ਤੇ ਵਿਰੋਧ ਦੀ ਬਹਿਸ ਵਿਚ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਕੀ ਇਸਤਰੀਆਂ ਨੂੰ ਇਸ ਮਾਮਲੇ ਵਿਚ ਆਪਣੀ ਮਰਜ਼ੀ ਕਰਨ ਜਾਂ ਜਾਨਣ ਦਾ ਫ਼ੈਸਲਾ ਨਹੀਂ ਦਿੱਤਾ ਜਾਣਾ ਚਾਹੀਦਾ ਹੈ ? ਇਸਤਰੀਆਂ ਲਈ ਚਿਹਰਾ ਢੱਕਣ ਦਾ ਰਿਵਾਜ ਪੁਰਾਣਾ ਹੈ ? ਇਹ ਧਾਰਨਾ ਬਿਲਕੁਲ ਗ਼ਲਤ ਹੈ ਕਿ ਪਰਦੇ ਦਾ ਰਿਵਾਜ (ਪਰੰਪਰਾ) ਮੁਗ਼ਲਾਂ ਦੇ ਰਾਜ ਸਮੇਂ ਤੋਂ ਸ਼ੁਰੂ ਹੋਇਆ ਸੀ। ਇਸ ਗੱਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਕੁਝ ਰਾਜਿਆਂ ਤੇ ਹਾਕਮਾਂ ਨੇ ਇਸ ਰਿਵਾਜ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਅਤੇ ਇਸਲਾਮ ਅਤੇ ਸੰਸਕ੍ਰਿਤੀ ਦੇ ਪ੍ਰਭਾਵ ਸਵਰੂਪ ਸ਼ਿਰਾਇਤ ਪਰਦੇ ਦੀ ਪ੍ਰਥਾ ਨੂੰ ਹੋਰ ਵੀ ਹਲਾਸ਼ੇਰੀ ਦਿੱਤੀ ਜਦ ਕਿ ਰਜ਼ੀਆ ਸੁਲਤਾਨਾ ਜਿਹੀ ਇਸਤਰੀ ਨੇ ਬਿਨਾਂ ਪਰਦਾ ਸ਼ਾਸ਼ਨ ਚਲਾਇਆ ਤੇ ਇਕ ਚੁਣੌਤੀ ਵੀ ਪੇਸ਼ ਕੀਤੀ। ਉੱਥੇ ਹੀ ਨੂਰ-ਜਹਾਂ ਨੇ ਵੀ ਪਰਦੇ ਤੋਂ ਬਿਨ੍ਹਾਂ ਆਪਣੇ ਪਤੀ ਦੇ ਨਾਲ, ਬਿਨ੍ਹਾਂ ਪਰਦੇ ਤੋਂ ਖੁਲ੍ਹੇ ਦਰਬਾਰ ਵਿਚ ਹਾਜ਼ਰ ਹੁੰਦੀ ਸੀ। ਪਹਿਲੀ ਸਦੀ ਤੋਂ ਪਹਿਲਾਂ ਵੇਜਾਟਾਈਨ ਸਾਮਰਾਜ (ਜਿਸ ਨੂੰ ਪੂਰਵ ਰੋਮਨ ਸਾਮਰਾਜ) ਵੀ ਕਿਹਾ ਜਾਂਦਾ ਸੀ। ਉਸ ਸਮੇਂ ਵੀ ਇਸਤਰੀਆਂ ਆਪਣੇ ਸਿਰ ਨੂੰ ਢੱਕ ਦੇ ਰੱਖਦੀਆਂ ਸਨ।*

# ਯੂਟੀ ਚੰਡੀਗੜ੍ਹ ਨੇ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023 ਤੇ ਵਰਕਸ਼ਾਪ ਦਾ ਆਯੋਜਨ ਕੀਤਾ



**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪ੍ਰਸ਼ਾਸਨ ਦੇ ਸੂਚਨਾ ਟੈਕਨੋਲੋਜੀ ਵਿਭਾਗ ਨੇ, ਇਲੈਕਟ੍ਰੌਨਿਕਸ ਅਤੇ ਸੂਚਨਾ ਟੈਕਨੋਲੋਜੀ ਮੰਤਰਾਲੇ (MeitY), ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ (NeGD), ਭਾਰਤ ਸਰਕਾਰ ਅਤੇ ਸੀ-ਡੀਏਸੀ (3-413) ਮੋਹਾਲੀ ਦੇ ਸਹਿਯੋਗ ਨਾਲ, 3 ਜੂਨ 2026 ਨੂੰ ਹੋਟਲ ਮਾਊਂਟਵਿਊ, ਸੈਕਟਰ 10, ਚੰਡੀਗੜ੍ਹ ਵਿਖੇ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ (ਡੀਪੀਡੀਪੀ/DPDP) ਐਕਟ, 2023 @ਤੇ ਇੱਕ ਜਾਗਰੂਕਤਾ ਅਤੇ ਲਾਗੂਕਰਨ ਵਰਕਸ਼ਾਪ ਦਾ ਆਯੋਜਨ ਕੀਤਾ।

ਵਰਕਸ਼ਾਪ ਦੀ ਪ੍ਰਧਾਨਗੀ ਡਾਇਰੈਕਟਰ ਸੂਚਨਾ ਟੈਕਨੋਲੋਜੀ, ਚੰਡੀਗੜ੍ਹ ਪ੍ਰਸ਼ਾਸਨ ਨੇ ਕੀਤੀ ਅਤੇ ਇਸ ਵਿੱਚ ਸੰਯੁਕਤ ਕਮਿਸ਼ਨਰ, ਨਗਰ ਨਿਗਮ ਚੰਡੀਗੜ੍ਹ, ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ (ਐੱਨਈਜੀਡੀ/NeGD) ਅਤੇ ਸੀ-ਡੀਏਸੀ (3-413) ਮੋਹਾਲੀ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ-ਨਾਲ ਚੰਡੀਗੜ੍ਹ ਪ੍ਰਸ਼ਾਸਨ ਦੇ ਵਿਭਿੰਨ ਵਿਭਾਗਾਂ ਦੀ ਨੁਮਾਇੰਦਗੀ ਕਰਨ ਵਾਲੇ ਲਗਭਗ 200 ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

ਵਰਕਸ਼ਾਪ ਦਾ ਉਦੇਸ਼ ਸਰਕਾਰੀ ਅਧਿਕਾਰੀਆਂ ਨੂੰ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023 ਦੇ ਪ੍ਰਾਵਧਾਨਾਂ ਬਾਰੇ ਸੰਵੇਦਨਸ਼ੀਲ ਬਣਾਉਣਾ ਅਤੇ ਵਿਭਾਗਾਂ ਵਿੱਚ ਇਸ ਦੇ ਪ੍ਰਭਾਵੀ ਲਾਗੂਕਰਨ ਲਈ ਸੰਸਥਾਗਤ ਤਿਆਰੀ ਨੂੰ ਮਜ਼ਬੂਤ ਕਰਨਾ ਸੀ।

ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ (ਐੱਨਈਜੀਡੀ/NeGD) ਦੇ ਐਕਸਪਰਟ ਰਿਸੋਰਸ ਪਰਸਨਸ ਨੇ ਐਕਟ ਦੀ ਵਿਧਾਨਕ ਫ੍ਰੇਮਵਰਕ, ਮੁੱਖ ਪਰਿਭਾਸ਼ਾਵਾਂ ਅਤੇ ਸਰਕਾਰੀ ਵਿਭਾਗਾਂ ਲਈ ਇਸ ਦੀ ਵਿਵਹਾਰਕ ਲਾਗੂ ਹੋਣ ਯੋਗਤਾ ਬਾਰੇ ਵਿਸਤ੍ਰਿਤ ਤਕਨੀਕੀ ਸੈਸ਼ਨ ਕਰਵਾਏ। ਪ੍ਰਤੀਭਾਗੀਆਂ ਨੂੰ ਡੇਟਾ ਫਿਡਿਊਸ਼ੀਅਰੀ ਦੀਆਂ ਜ਼ਿੰਮੇਵਾਰੀਆਂ, ਡੇਟਾ ਪ੍ਰਿੰਸੀਪਲਾਂ ਦੇ ਅਧਿਕਾਰ, ਪਰਸਨਲ ਡੇਟਾ ਦੀ ਕਾਨੂੰਨੀ ਪ੍ਰਕਿਰਿਆ, ਸਹਿਮਤੀ ਪ੍ਰਬੰਧਨ, ਉਦੇਸ਼ ਸੀਮਾ, ਡੇਟਾ ਘਟਾਉਣ, ਸੁਰੱਖਿਆ ਬਚਾਅ ਅਤੇ ਉਲੰਘਣਾ ਸੂਚਨਾ ਜ਼ਰੂਰਤਾਂ ਬਾਰੇ ਜਾਣੂ ਕਰਵਾਇਆ ਗਿਆ।

ਸੈਸ਼ਨਾਂ ਵਿੱਚ ਬੱਚਿਆਂ ਦੇ ਡੇਟਾ, ਸ਼ਿਕਾਇਤ ਨਿਵਾਰਣ ਵਿਧੀਆਂ, ਡੇਟਾ ਸੁਰੱਖਿਆ ਅਧਿਕਾਰੀਆਂ ਦੀ ਨਿਯੁਕਤੀ ਅਤੇ ਐਕਟ ਦੇ ਤਹਿਤ ਕਲਪਿਤ ਲਾਗੂ ਕਰਨ ਵਾਲੀ ਫ੍ਰੇਮਵਰਕ ਨਾਲ ਸਬੰਧਿਤ ਪ੍ਰਬੰਧਾਂ @ਤੇ ਵੀ ਧਿਆਨ ਕੇਂਦ੍ਰਿਤ ਕੀਤਾ ਗਿਆ। ਅਧਿਕਾਰੀਆਂ ਨੂੰ ਵਿਭਾਗੀ ਡੇਟਾ ਪ੍ਰਵਾਹਾਂ ਦੀ ਮੈਪਿੰਗ ਕਰਨ ਅਤੇ ਨਵੀਂ ਡੇਟਾ ਸੁਰੱਖਿਆ ਪ੍ਰਣਾਲੀ ਦੇ ਅਨੁਪਾਲਨ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਉਪਾਅ ਅਪਣਾਉਣ ਬਾਰੇ ਗਾਇਡ ਕੀਤਾ ਗਿਆ।

ਇਸ ਅਵਸਰ @ਤੇ ਬੋਲਦੇ ਹੋਏ, ਚੰਡੀਗੜ੍ਹ ਪ੍ਰਸ਼ਾਸਨ ਦੇ ਡਾਇਰੈਕਟਰ ਸੂਚਨਾ ਟੈਕਨੋਲੋਜੀ ਨੇ ਕਿਹਾ ਕਿ ਇਹ ਵਰਕਸ਼ਾਪ ਜ਼ਿੰਮੇਵਾਰ ਡਿਜੀਟਲ ਸ਼ਾਸਨ ਅਤੇ ਨਾਗਰਿਕ-ਕੇਂਦ੍ਰਿਤ ਸੇਵਾ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਦੇ ਸਾਰੇ ਵਿਭਾਗਾਂ ਨੂੰ ਡੀਪੀਡੀਪੀ ਐਕਟ, 2023 ਦੇ ਉਪਬੰਧਾਂ ਦੀ ਸਮਾਂ-ਸੀਮਾ ਵਿੱਚ ਪਾਲਣਾ ਪ੍ਰਾਪਤ ਕਰਨ ਲਈ ਜ਼ਰੂਰੀ ਟ੍ਰੇਨਿੰਗ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਵਰਕਸ਼ਾਪ ਤੋਂ ਬਾਅਦ, ਸੂਚਨਾ ਟੈਕਨੋਲੋਜੀ ਵਿਭਾਗ ਪ੍ਰਸ਼ਾਸਨ ਵਿੱਚ ਐਕਟ ਨੂੰ ਲਾਗੂ ਕਰਨ ਵਿੱਚ ਸਹਾਇਤਾ ਲਈ ਵਿਭਾਗ-ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮਾਂ ਅਤੇ ਸਮਰੱਥਾ-ਨਿਰਮਾਣ ਪਹਿਲਾਂ ਦੀ ਇੱਕ ਸੀਰੀਜ਼ ਦਾ ਆਯੋਜਨ ਕਰੇਗਾ। ਇਹ ਪਹਿਲ ਨਾਗਰਿਕਾਂ ਦੇ ਪਰਸਨਲ ਡੇਟਾ ਦੀ ਸੁਰੱਖਿਆ ਲਈ ਮਿਆਰੀ ਸੰਚਾਲਨ ਪ੍ਰਕਿਰਿਆਵਾਂ ਨੂੰ ਵਿਕਸਿਤ ਕਰਨ ਅਤੇ ਸੰਸਥਾਗਤ ਵਿਧੀਆਂ ਨੂੰ ਮਜ਼ਬੂਤ ਕਰਨ @ਤੇ ਵੀ ਕੇਂਦ੍ਰਿਤ ਹੋਵੇਗੀ।

ਇਹ ਵਰਕਸ਼ਾਪ ਨਾਗਰਿਕਾਂ ਦੇ ਗੋਪਨੀਅਤਾ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਇੱਕ ਸੁਰੱਖਿਅਤ, ਪਾਰਦਰਸ਼ੀ ਅਤੇ ਜਵਾਬਦੇਹ ਡਿਜੀਟਲ ਗਵਰਨੈਂਸ ਈਕੋਸਿਸਟਮ ਬਣਾਉਣ ਲਈ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਹੈ।

# ਪੰਜਾਬ ਵਿਚੋਂ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਆਪਸੀ ਮਤਭੇਦ ਭੁਲਾ ਕੇ ਸਾਰੀਆਂ ਰਾਜਨੀਤਕ ਪਾਰਟੀਆਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ, ਸਕੂਲਾਂ, ਕਾਲਜਾਂ ਦਾ ਸਹਿਯੋਗ ਜ਼ਰੂਰੀ: ਲੈਫਟੀਨੈਂਟ ਜਗਦੀਪ ਜੋਸ਼ੀ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਯੁਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ ਵੱਲੋਂ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਦੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ,ਐਨ ਐਸ ਐਸ,ਰੈਡ ਰਿਬਨ ਕਲੱਬ ਅਤੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਨਸ਼ਾ ਮੁਕਤ ਭਾਰਤ ਅਭਿਆਨ ਸਮਾਜਿਕ ਨਿਆਂ ਅਤੇ ਸੰਸਕਤੀਕਰਨ ਮੰਤਰਾਲਾ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੋਧੀ ਰੈਲੀ ਦਾ ਆਯੋਜਨ ਡਿਪਟੀ ਡਾਇਰੈਕਟਰ ਕਮ- ਪ੍ਰਿੰਸੀਪਲ ਰਾਕੇਸ਼ ਕੁਮਾਰ ਬੰਗਾ ਦੀ ਸਰਪ੍ਰਸਤੀ ਹੇਠ ਕੀਤਾ ਗਿਆ।



ਜਿਸ ਵਿਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੋਸਲਿਗ ਸੈਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਅਤੇ ਟ੍ਰੇਨਿੰਗ ਅਫ਼ਸਰ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ।

ਵਿਸ਼ੇਸ਼ ਤੌਰ ਤੇ ਸੁਖਵੰਤ ਸਿੰਘ ਟੇਰਨਿੰਗ ਅਫ਼ਸਰ ਸਰਕਾਰੀ ਆਈ ਟੀ ਲੜਕੇ, ਅਨਿਲ ਖੰਨਾ ਹੋਸਟਲ ਸੁਪਰਡੈਂਟ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਇਸ ਮੌਕੇ ਨੋਜਵਾਨਾ ਨੂੰ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨਸ਼ਿਆਂ ਕਾਰਨ ਹਰ ਰੋਜ਼ ਨੋਜਵਾਨਾਂ ਦੀਆਂ ਮੌਤਾ ਹੋ ਰਹੀਆਂ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।

ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਆਪਸੀ ਮੱਤਭੇਦ ਭੁੱਲਾਕੇ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਣੀ ਨੋਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਇੱਕਜੁੱਟ ਹੋ ਕੇ ਅੱਗੇ ਆਉਣਾ ਪਵੇਗਾ ।

ਉਹਨਾਂ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਰੀਆਂ ਰਾਜਨੀਤਕ ਪਾਰਟੀਆਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਅਤੇ ਸਕੂਲਾਂ ਕਾਲਜਾਂ ਦਾ ਸਹਿਯੋਗ ਜ਼ਰੂਰੀ ਹੈ

ਤਾਂ ਹੀ ਅਸੀਂ ਨਸ਼ਿਆਂ ਨੂੰ ਪੰਜਾਬ ਵਿਚੋਂ ਜੜ੍ਹੋਂ ਖ਼ਤਮ ਕਰ ਸਕਾਂਗੇ। ਇਸ ਮੌਕੇ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰਚਾਰ ਸਮੱਗਰੀ ਵੀ ਵੰਡੀ ਗਈ।

ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਚੱਲਣ ਲਈ ਸੌਂਹ ਵੀ ਚੁਕਾਈ ਗਈ।

# ਜੁਆਇੰਟ ਕਮਿਸ਼ਨਰ ਮਨਰੀਤ ਰਾਣਾ ਵੱਲੋਂ ਟੀਮ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ



**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ-2027 ਦੇ ਚੱਲ ਰਹੇ ਪਹਿਲੇ ਪੜਾਅ ਤਹਿਤ ਨਗਰ ਨਿਗਮ ਪਟਿਆਲਾ ਦੇ ਸੁਪਰਵਾਈਜ਼ਰੀ ਸਰਕਲ-23 ਨੇ ਸਭ ਤੋਂ ਪਹਿਲਾਂ ਆਪਣਾ ਕੰਮ ਸਫਲਤਾਪੂਰਵਕ ਮੁਕੰਮਲ ਕਰਕੇ ਮਿਸਾਲ ਕਾਇਮ ਕੀਤੀ ਹੈ। ਇਸ ਉਪਲਬਧੀ ਲਈ ਜੁਆਇੰਟ ਕਮਿਸ਼ਨਰ ਮਨਰੀਤ ਰਾਣਾ ਨੇ ਸਰਕਲ-23 ਦੀ ਟੀਮ ਤੇ ਚਾਰਜ ਅਫ਼ਸਰ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ।

ਮਨਰੀਤ ਰਾਣਾ ਨੇ ਟੀਮ ਦੇ ਮੈਂਬਰਾਂ ਦੀ ਮਿਹਨਤ, ਸਮਰਪਣ ਅਤੇ ਜ਼ਿੰਮੇਵਾਰੀ ਭਰੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਟੀਮ ਨੇ ਨਿਰਧਾਰਤ ਸਮੇਂ ਤੋਂ ਪਹਿਲਾਂ ਕੰਮ ਪੂਰਾ ਕਰਕੇ ਹੋਰ ਟੀਮਾਂ ਲਈ ਪ੍ਰੇਰਨਾਦਾਇਕ ਉਦਾਹਰਨ ਪੇਸ਼ ਕੀਤੀ ਹੈ।

ਉਨ੍ਹਾਂ ਨੇ ਹੋਰ ਸੁਪਰਵਾਈਜ਼ਰੀ ਸਰਕਲਾਂ ਅਤੇ ਗਿਣਤੀਕਾਰਾਂ ਨੂੰ ਵੀ ਸਰਕਲ-23 ਤੋਂ ਪ੍ਰੇਰਣਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਸ਼ਨੀਵਾਰ ਤੱਕ ਆਪਣੇ-ਆਪਣੇ ਖੇਤਰਾਂ ਦਾ ਕੰਮ ਮੁਕੰਮਲ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਨ, ਤਾਂ ਜੋ ਉਹ ਵੀ ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਦੇ ਹੱਕਦਾਰ ਬਣ ਸਕਣ।

ਮਨਰੀਤ ਰਾਣਾ ਨੇ ਕਿਹਾ ਕਿ ਜਨਗਣਨਾ-2027 ਦੇਸ਼ ਦੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵਿਸ਼ਾਲ ਪ੍ਰਸ਼ਾਸਨਿਕ ਕਵਾਇਦ ਹੈ, ਜਿਸ ਦੇ ਅੰਕੜੇ ਭਵਿੱਖ ਦੀਆਂ ਵਿਕਾਸ ਯੋਜਨਾਵਾਂ, ਨੀਤੀਆਂ ਅਤੇ ਸਰਕਾਰੀ ਸੇਵਾਵਾਂ ਦੀ ਯੋਜਨਾਬੰਦੀ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਜਨਗਣਨਾ ਦੇ ਕੰਮ ਦੌਰਾਨ ਅੰਕੜਿਆਂ ਦੀ ਸ਼ੁੱਧਤਾ, ਸੰਪੂਰਨਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ।ਮਨਰੀਤ ਰਾਣਾ ਨੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਜਨਗਣਨਾ ਦਾ ਕੰਮ ਸਮੇਂ ਸਿਰ ਅਤੇ ਪੂਰੀ ਜ਼ਿੰਮੇਵਾਰੀ ਨਾਲ ਮੁਕੰਮਲ ਕਰਨ ਲਈ ਵੀ ਪ੍ਰੇਰਿਤ ਕੀਤਾ।

# ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਐਸ ਆਈ ਆਰ ਸਬੰਧੀ ਜਾਗਰੂਕਤਾ ਪ੍ਰੋਗਰਾਮ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅਤੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਵੀਪ ਗਤੀਵਿਧੀਆਂ ਤਹਿਤ ਮੁਸਾਫ਼ਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਵਿਖੇ ਸਪੈਸ਼ਲ ਇੰਟੈਂਸਿਵ ਰੀਵਿਜ਼ਨ (ਐਸ ਆਈ ਆਰ) ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ




ਇਸ ਮੌਕੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਡਾ. ਸਵਿੰਦਰ ਸਿੰਘ ਰੇਖੀ ਨੇ ਹਾਜ਼ਰ ਵਿਦਿਆਰਥੀਆਂ ਤੇ ਪਾਠਕਾਂ ਨੂੰ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰੀਵਿਜ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਅਤੇ ਪ੍ਰੀ ਐਸ.ਆਈ.ਆਰ ਦੌਰਾਨ ਵੋਟਰਾਂ ਨੂੰ ਮੈਪਿੰਗ ਕਰਵਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਯੋਗ ਨਾਗਰਿਕਾਂ ਦਾ ਨਾਮ ਵੋਟਰ ਸੂਚੀ ਵਿੱਚ ਦਰਜ ਹੋਣਾ ਲੋਕਤੰਤਰ ਦੀ ਮਜ਼ਬੂਤੀ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਵੋਟਰ ਵੇਰਵਿਆਂ ਦੀ ਜਾਂਚ ਕਰਨ ਅਤੇ ਲੋੜ ਪੈਣ 'ਤੇ ਨਿਰਧਾਰਿਤ ਫਾਰਮਾਂ ਰਾਹੀਂ ਸੋਧ, ਨਾਮ ਦਰਜ ਕਰਵਾਉਣ ਜਾਂ ਹੋਰ ਜ਼ਰੂਰੀ ਤਬਦੀਲੀਆਂ ਕਰਵਾਉਣ ਲਈ ਪ੍ਰੇਰਿਤ ਕੀਤਾ।ਪ੍ਰੋ. ਰੇਖੀ ਨੇ ਕਿਹਾ ਕਿ ਸਵੀਪ ਗਤੀਵਿਧੀਆਂ ਦਾ ਮੁੱਖ ਉਦੇਸ਼ ਵੋਟਰਾਂ ਵਿੱਚ ਚੋਣੀ ਪ੍ਰਕਿਰਿਆ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਹਰ ਯੋਗ ਨਾਗਰਿਕ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ।

ਇਸ ਦੌਰਾਨ ਡਾ. ਰੇਖੀ ਨੇ ਦੱਸਿਆ ਕਿ ਸਮਾਜ ਦੇ ਪ੍ਰਮੁੱਖ ਵਿਅਕਤੀਆਂ ਨੂੰ ਇਸ ਐਸ.ਆਈ.ਆਰ. ਸਬੰਧੀ ਮੁਹਿੰਮ ਨਾਲ ਜੋੜ ਕੇ ਉਹਨਾਂ ਦੇ ਸੰਦੇਸ਼ ਸੋਸ਼ਲ ਮੀਡੀਆ ਰਾਹੀਂ ਸਾਂਝੇ ਕੀਤੇ ਜਾਣਗੇ, ਤਾਂ ਜੋ ਵੱਧ ਤੋਂ ਵੱਧ ਲੋਕਾਂ ਤੱਕ ਜਾਣਕਾਰੀ ਪਹੁੰਚ ਸਕੇ ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਸਕੂਲਾਂ ਅਤੇ ਕਾਲਜਾਂ ਦੇ ਇਲੈਕਟੋਰਲ ਲਿਟਰੇਸੀ ਕਲੱਬਾਂ ਦੇ ਮੈਂਬਰਾਂ ਨੂੰ ਵੀ ਇਸ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਵੇਗਾ ਤਾਂ ਜੋ ਨੌਜਵਾਨ ਵਰਗ ਦੀ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ।

ਰੁਪਿੰਦਰ ਸਿੰਘ ਹਲਕਾ ਨੋਡਲ ਅਫ਼ਸਰ ਪਟਿਆਲਾ 115 ਨੇ ਵਿਦਿਆਰਥੀਆਂ ਨੂੰ ਬੀਐਲਓਜ਼ ਵਲੋਂ 07 ਜੂਨ ਨੂੰ ਪੋਲਿੰਗ ਬੂਥ 'ਤੇ ਲਗਾਏ ਜਾਣ ਵਾਲੇ ਵਿਸ਼ੇਸ ਕੈਂਪ ਸਬੰਧੀ ਜਾਣਕਾਰੀ ਦਿੱਤੀ। ਇਸ ਦੌਰਾਨ ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫਸਰ ਮੋਹਿਤ ਕੌਸ਼ਲ ਨੇ ਵੱਖ ਵੱਖ ਐਪਸ ਤੇ ਈਸੀਆਈ ਨੈਟ ਵੋਟਰ ਹੈਲਪਲਾਈਨ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਪਵਨ ਗੋਇਲ ਅਤੇ ਸਟਾਫ ਮੈਂਬਰ ਵੀ ਹਾਜ਼ਰ ਰਹੇ।

# ਪੰਜਾਬ ਸਰਕਾਰ ਦੀ ਅਗਵਾਈ ਵਿਚ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇਗਾ ਜ਼ਿਲ੍ਹਾ ਪ੍ਰਸ਼ਾਸਨ : ਡਾ. ਹਿਮਾਂਸ਼ੂ ਅਗਰਵਾਲ



**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਨੌਜਵਾਨਾਂ ਨੂੰ ਰੁਜ਼ਗਾਰ, ਹੁਨਰ ਵਿਕਾਸ ਅਤੇ ਸਵੈ-ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕਰਨ ਸਬੰਧੀ ਵੱਖ-ਵੱਖ ਯੋਜਨਾਵਾਂ ਅਤੇ ਪਹਿਲ ਕਦਮੀਆਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਦੀ ਅਗਵਾਈ ਵਿੱਚ ਪ੍ਰੋਜੈਕਟ ਚੇਤਨਾ ਅਤੇ ਕਾਲਜ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਤਿੰਨ ਮਹੀਨਿਆਂ ਦੀ ਪ੍ਰਸ਼ਾਸਨਿਕ ਇੰਟਰਨਸ਼ਿਪ ਯਕੀਨੀ ਬਣਾਈ ਜਾਵੇਗੀ । ਉਨ੍ਹਾਂ ਕਿਹਾ ਕਿ ਇਸ ਪਹਿਲ ਨਾਲ ਵਿਦਿਆਰਥੀਆਂ ਨੂੰ ਪ੍ਰਸ਼ਾਸਨਿਕ ਕੰਮਕਾਜ ਦੀ ਜਾਣਕਾਰੀ ਮਿਲੇਗੀ ਅਤੇ ਉਨ੍ਹਾਂ ਦੀ ਯੋਗਤਾ ਵਿੱਚ ਵਾਧਾ ਹੋਵੇਗਾ।

ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੌਜਵਾਨਾਂ ਨੂੰ ਰੋਜ਼ਗਾਰ ਅਤੇ ਸਵੈ-ਨਿਰਭਰਤਾ ਵੱਲ ਪ੍ਰੇਰਿਤ ਕਰਨ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਹਰ ਸੰਭਵ ਯਤਨ ਜਾਰੀ ਰੱਖੇ ਜਾਣਗੇ। ਮੀਟਿੰਗ ਦੌਰਾਨ ਮਹਿਲਾ ਉਮੀਦਵਾਰਾਂ ਲਈ ਵਿਸ਼ੇਸ਼ ਹੁਨਰ ਸਿਖਲਾਈ ਪ੍ਰੋਗਰਾਮਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਓਹਨਾ ਕਿਹਾ ਕਿ ਮਹਿਲਾਵਾਂ ਨੂੰ ਪੋਸਟਨੇਟਲ ਕੇਅਰਟੇਕਰ, ਸੈਲਫ ਡਿਫੈਂਸ ਟ੍ਰੇਨਿੰਗ ਅਤੇ ਹੋਰ ਰੁਜ਼ਗਾਰਮੁਖੀ ਕੋਰਸਾਂ ਨਾਲ ਜੋੜਿਆ ਜਾਵੇ ਤਾਂ ਜੋ ਉਹ ਆਰਥਿਕ ਤੌਰ 'ਤੇ ਸਸ਼ਕਤ ਬਣ ਸਕਣ। ਇਸ ਦੇ ਨਾਲ ਹੀ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਕੇਂਦਰਾਂ ਨਾਲ ਜੁੜੇ ਉਮੀਦਵਾਰਾਂ ਨੂੰ ਹੁਨਰ ਸਿਖਲਾਈ ਦੇਣ ਉਪਰੰਤ ਉਨ੍ਹਾਂ ਦੀ ਪਲੇਸਮੈਂਟ ਯਕੀਨੀ ਬਣਾਉਣ ਲਈ ਵੀ ਯੋਜਨਾਬੱਧ ਢੰਗ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ।ਡਿਪਟੀ ਕਮਿਸ਼ਨਰ ਨੇ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਕੋਚਿੰਗ ਕਲਾਸਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰੀ ਨੌਕਰੀਆਂ ਹਾਸਲ ਕਰਨ ਦੇ ਇੱਛੁਕ ਉਮੀਦਵਾਰਾਂ ਨੂੰ ਮਿਆਰੀ ਮਾਰਗਦਰਸ਼ਨ ਅਤੇ ਸਹੂਲਤਾਂ ਮੁਹੱਈਆ ਕਰਵਾਈ ਜਾਣ ਲਈ ਕੋਚਿੰਗ ਕਲਾਸਿਜ਼ ਸ਼ੁਰੂ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ। ਮੀਟਿੰਗ ਵਿੱਚ ਉਦਯੋਗਿਕ ਖੇਤਰ ਦੀਆਂ ਲੋੜਾਂ ਅਨੁਸਾਰ ਚਲਾਏ ਜਾ ਰਹੇ ਕੋਰਸਾਂ ਦੀ ਸਮੀਖਿਆ ਵੀ ਕੀਤੀ ਗਈ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਬਦਲਦੇ ਸਮੇਂ ਅਤੇ ਉਦਯੋਗਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਨਵੇਂ ਕੋਰਸ ਸ਼ੁਰੂ ਕਰਨ ਅਤੇ ਮੌਜੂਦਾ ਕੋਰਸਾਂ ਨੂੰ ਅਪਡੇਟ ਕਰਨ ਦੀ ਲੋੜ ਹੈ । ਇਸ ਬਾਰੇ ਓਹਨਾ ਵਲੋਂ ਆਈ ਟੀ ਆਈ ਤੇ ਪੋਲੀਟੈਕਨਿਕ ਕਾਲਜਿਜ਼ ਤੋਂ ਆਏ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ।

ਉਨ੍ਹਾਂ ਪੁਲਿਸ, ਫੌਜ ਅਤੇ ਬੀ.ਐਸ.ਐਫ. ਵਿੱਚ ਭਰਤੀ ਸਬੰਧੀ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ ਅਤੇ ਸਕੂਲ ਕਾਲਜਾਂ ਵਿਚ ਇਸ ਸਬੰਧੀ ਜਾਣਕਾਰੀ ਲਈ ਫਲੈਕਸ ਲਗਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਨਿਯਮਿਤ ਤੌਰ 'ਤੇ ਪਲੇਸਮੈਂਟ ਕੈਂਪ, ਰੋਜ਼ਗਾਰ ਮੇਲੇ ਅਤੇ ਸਵੈ-ਰੁਜ਼ਗਾਰ ਸੈਮੀਨਾਰ ਆਯੋਜਿਤ ਕਰਨ ਉੱਤੇ ਵੀ ਜ਼ੋਰ ਦਿੱਤਾ ਗਿਆ।

ਇਸ ਮੌਕੇ ਰੁਜ਼ਗਾਰ ਦਫ਼ਤਰ, ਰੈੱਡ ਕਰਾਸ, ਸਿੱਖਿਆ ਵਿਭਾਗ, ਪੌਲੀਟੈਕਨੀਕਲ, ਕਾਲਜ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਦੇ ਚੇਅਰਮੈਨ ਬਣੇ ਜਗਰੂਪ ਸਿੰਘ ਸੇਹ, ਵਿਕਾਸ ਅਤੇ ਪਾਰਦਰਸ਼ਤਾ ਦਾ ਦਿੱਤਾ ਭਰੋਸਾ

**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹਰਦੀਪ ਸਿੰਘ ਮੁੰਡੀਆਂ ਦੀ ਮੌਜੂਦਗੀ ਵਿੱਚ ਜਗਰੂਪ ਸਿੰਘ ਸੇਹ ਨੇ ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ।

ਇਸ ਮੌਕੇ ਵਿਧਾਇਕਾਂ, ਪਾਰਟੀ ਆਗੂਆਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਵਲੰਟੀਅਰਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

ਸਮਾਗਮ ਦੌਰਾਨ ਮੰਤਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਿਹਨਤੀ ਵਰਕਰਾਂ ਨੂੰ ਅਗਵਾਈ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਰਾਹੀਂ ਪਿੰਡਾਂ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੇਗੀ। ਮੰਤਰੀ ਮੁੰਡੀਆਂ ਨੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਮ ਘਰਾਂ ਦੇ ਨੌਜਵਾਨਾਂ ਲਈ ਸਿਆਸਤ ਦੇ ਦਰਵਾਜ਼ੇ ਖੋਲ੍ਹੇ ਹਨ।

ਇਸ ਮੌਕੇ ਚੇਅਰਮੈਨ ਜਗਰੂਪ ਸਿੰਘ ਸੇਹ ਨੇ ਕਿਹਾ ਕਿ ਉਹ ਪਿੰਡਾਂ ਦੇ ਵਿਕਾਸ, ਬੁਨਿਆਦੀ ਸਹੂਲਤਾਂ ਦੀ ਮਜ਼ਬੂਤੀ, ਸਫ਼ਾਈ ਪ੍ਰਬੰਧ ਅਤੇ ਪਾਰਦਰਸ਼ੀ ਪ੍ਰਸ਼ਾਸਨ ਨੂੰ ਆਪਣੀ ਪਹਿਲੀ ਤਰਜੀਹ ਬਣਾਉਣਗੇ।

# ਬਾਲ ਭਿੱਖਿਆ ਵਿਰੁੱਧ ਵਿਸ਼ੇਸ਼ ਅਭਿਆਨ ਦੌਰਾਨ 6 ਬੱਚੇ ਰੈਸਕਿਓ

**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰੋਜੈਕਟ ਜੀਵਨਜੋਤ ਅਧੀਨ ਬਾਲ ਭਿੱਖਿਆ ਦੀ ਰੋਕਥਾਮ ਲਈ ਵਿਸ਼ੇਸ਼ ਅਭਿਆਨ ਚਲਾਇਆ ਗਿਆ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰਸ਼ਮੀ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੀ ਸਾਂਝੀ ਟੀਮ ਨੇ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਚੈਕਿੰਗ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ।

ਅਭਿਆਨ ਦੌਰਾਨ ਭੀਖ ਮੰਗਦੇ 6 ਬੱਚਿਆਂ ਨੂੰ ਰੈਸਕਿਊ ਕਰਕੇ ਬਾਲ



ਭਲਾਈ ਕਮੇਟੀ, ਲੁਧਿਆਣਾ ਸਾਹਮਣੇ ਪੇਸ਼ ਕੀਤਾ ਗਿਆ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰਸ਼ਮੀ ਨੇ ਕਿਹਾ ਕਿ ਬਾਲ ਭਿੱਖਿਆ ਨੂੰ ਪੂਰੀ ਤਰ੍ਹਾਂ ਰੋਕਣ ਲਈ ਅਜਿਹੀਆਂ ਅਚਨਚੇਤ ਚੈਕਿੰਗਾਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ।

# ਝਾੜ ਸਾਹਿਬ ਕਾਲਜ ਵਿਖੇ ਦਾਖਲੇ ਲਈ ਵਿਦਿਆਰਥਣਾਂ ਚ ਉਤਸ਼ਾਹ

**ਮਾਛੀਵਾੜਾ ਸਾਹਿਬ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਦਾਖਲਾ ਲੈਣ ਵਾਲੀਆਂ ਵਿਦਿਆਰਥਣਾਂ ਅਤੇ ਉਹਨਾਂ ਦੇ ਮਾਪਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਨਵੇਂ ਵਿੱਦਿਅਕ ਵਰ੍ਹੇ 2026-27 ਲਈ ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਸ਼ੁਰੂ ਹੋ ਚੁੱਕਾ ਹੈ। ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਕਿਹਾ ਹੈ ਕਿ ਇਲਾਕੇ ਦੀਆਂ ਵਿਦਿਆਰਥਣਾਂ ਵਿੱਚ ਦਾਖਲੇ ਸਬੰਧੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਅੰਡਰ ਗ੍ਰੈਜੂਏਸ਼ਨ ਪੱਧਰ@ਤੇ ਆਨ-ਲਾਈਨ ਪੋਰਟਲ ਤੇ ਇੱਕ ਜੂਨ ਤੋਂ ਦਾਖਲਾ ਸ਼ੁਰੂ ਹੋ ਚੱਕਿਆ ਹੈ। ਕਾਲਜ @ਚ 11 ਵੀਂ 12 ਵੀਂ ( ਮੈਡੀਕਲ, ਨਾਨ-ਮੈਡੀਕਲ, ਕਾਮਰਸ ਅਤੇ ਆਰਟਸ) ਬੀ.ਏ, ਬੀ.ਕਾਮ, ਬੀ.ਸੀ.ਏ. ਬੀ.ਐਸ ਸੀ(ਐੱਫ.ਡੀ), ਐਮ.ਏ ਪੰਜਾਬੀ, ਐਮ.ਐਸ.ਸੀ(ਆਈ ਟੀ), ਪੀ.ਜੀ.ਡੀ.ਐਫ ਡੀ. ਪੀ.ਜੀ.ਡੀ.ਸੀ.ਏ ਕੋਰਸ ਕਾਲਜ ਸਟਾਫ਼ ਦੇ ਕੁਸ਼ਲ ਦਿਸ਼ਾ ਨਿਰਦੇਸ਼ ਅਧੀਨ ਸਫਲਤਾ ਪੂਰਨ ਚਲ ਰਹੇ ਹਨ। ਕਾਲਜ ਵਿਖੇ ਵੱਖ-ਵੱਖ ਵਜ਼ੀਫਿਆਂ (ਐਸ.ਸੀ/ ਬੀ.ਸੀ/ ਘਟ ਗਿਣਤੀ/ਨਿਸ਼ਕਾਮ/ ਐਲ.ਆਈ.ਸੀ)



ਦੀ ਸਹੂਲਤ ਦਿੱਤੀ ਜਾਂਦੀ ਹੈ। ਐਸ.ਜੀ.ਪੀ.ਸੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਅੰਮ੍ਰਿਤਧਾਰੀ ਵਿਦਿਆਰਥਣਾਂ ਨੂੰ 5500/- ਰੁ. ਅਤੇ ਗੈਜੂਏਟ ਕਲਾਸਾਂ ਵਿੱਚ ਦਾਖਲਾ ਲੈਣ ਵਾਲੀਆ ਵਿਦਿਆਰਥਣਾਂ ਨੂੰ 8500 ਰੁ. ਅਤੇ ਪੋਸਟ ਗ੍ਰੈਜੂਏਟ ਕਲਾਸਾਂ ਵਿੱਚ ਦਾਖਲਾ ਲੈਣ ਵਾਲੀਆ ਵਿਦਿਆਰਥਣਾਂ ਨੂੰ 10500 ਰੁ. ਤੱਕ ਦੇ ਵਜੀਫੇ ਦਿੱਤੇ ਜਾ ਰਹੇ ਹਨ।

ਉੱਚੇਰੀ ਸਿੱਖਿਆ, ਬੁੱਧੀ ਅਤੇ ਚਰਿੱਤਰ ਨਿਰਮਾਣ ਦੇ ਨਾਲ-ਨਾਲ ਹੁੰਨਰਮੰਦ ਸ਼ਖਸ਼ੀਅਤ ਉਸਾਰੂ ਕਾਰਜ ਲਈ ਇਹ ਸੰਸਥਾ ਵਚਨਬੱਧ ਹੈ।ਕਾਲਜ ਵਿੱਚ ਉਚ ਪੱਧਰੀ ਆਈ.ਸੀ.ਟੀ. ਲੈਬ, ਸਮਾਰਟ ਕਲਾਸ ਰੂਮ, ਲਾਇਬ੍ਰੇਰੀ, ਹੋਸਟਲ ਦੀਆ ਸਹੂਲਤਾਂ ਉਪਲੱਬਧ ਹਨ। ਵਿਦਿਆਰਥਣਾਂ ਨੂੰ ਖੇਡਾਂ ਅਤੇ ਸਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਵੀ ਉਤਸ਼ਾਹਿਤ ਕੀਤਾ ਜਾਂਦਾ।

ਕਾਲਜ ਸਿੱਖਿਆ, ਅਨੁਸ਼ਾਸਨ ਅਤੇ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਤੱਤਪਰ ਰਿਹਾ ਹੈ । ਜਿੱਥੇ ਆਧੁਨਿਕ ਸਿਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾ ਨੂੰ ਵੀ ਵਿਸ਼ੇਸ ਤੌਰ ਤੇ ਤਰਜੀਹ ਦਿੱਤੀ ਜਾਂਦੀ ਹੈ। ਇਸ ਸੰਸਥਾ ਵਿਚ ਸੈੱਲਫ ਡਿਫੈਂਸ, ਖੇਡਾਂ, ਸੰਗੀਤ, ਕੰਪਿਊਟਰ, ਬੇਕਰੀ, ਫੈਸ਼ਨ ਡਿਜ਼ਾਇਨਿੰਗ ਵਰਗੀਆਂ ਸਖਸ਼ੀਅਤ ਉਸਾਰੂ ਸਰਗਰਮੀਆਂ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ।

ਕਾਲਜ ਦਾ ਮੁੱਖ ਮੰਤਵ ਵਿਦਿਆਰਥਣਾਂ ਵਿੱਚ ਹੁਨਰ ਅਤੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨ ਦੇ ਨਾਲ-ਨਾਲ ਭਵਿਖ ਦੀਆਂ ਚੁਣੌਤੀਆਂ ਲਈ ਤਿਆਰ ਕਰਨਾ ਵੀ ਹੈ ਕਿਉਂਕੀ ਡਿਗਰੀ ਦੇ ਨਾਲ ਸਮਾਜ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾਉਣ ਲਈ ਰੋਜ਼ਗਾਰ ਯੋਗ ਬਣਨਾ ਵੀ ਜਰੂਰੀ ਹੈ।ਇਸ ਲਈ ਵਿਦਿਆਰਥਣਾਂ ਨੂੰ ਸਮੇ ਸਿਰ ਦਾਖਲਾ ਪ੍ਰਕਿਰਿਆ ਪੂਰੀ ਕਰਨ ਅਤੇ ਝਾੜ ਸਾਹਿਬ ਕਾਲਜ ਪਰਿਵਾਰ ਦਾ ਹਿੱਸਾ ਬਣਨ।

# ਵਾਰਡ ਨੰ: 26 ਵਿਖੇ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਦਾ ਆਗਾਜ਼, ਔਰਤਾਂ ਦੇ ਭਰੇ ਗਏ ਆਨਲਾਈਨ ਫਾਰਮ

**ਮਲੇਰਕੋਟਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਆਂਗਨਵਾੜੀ ਸੈਂਟਰ ਨੰਬਰ 1209 ਵਾਰਡ ਨੰਬਰ 26 ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਨਵੀਂ ਸਕੀਮ ÷ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ÷ ਦਾ ਸ਼ਾਨਦਾਰ ਆਗਾਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਂਗਨਵਾੜੀ ਵਰਕਰ ਪੂਜਾ ਰਾਣੀ ਨੇ ਦੱਸਿਆ ਕਿ ਇਸ ਯੋਜਨਾ ਤਹਿਤ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੇ ਫਾਰਮ ਭਰੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਜਨਰਲ ਕੈਟਾਗਰੀ (ਸ਼੍ਰੇਣੀ) ਦੀਆਂ ਔਰਤਾਂ ਨੂੰ 1000 ਰੁਪਏ ਅਤੇ ਐਸ.ਸੀ. ਕੈਟਾਗਰੀ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਤੌਰ @ਤੇ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣਗੇ।

ਆਂਗਨਵਾੜੀ ਸੈਂਟਰ ਵਿੱਚ ਪਹੁੰਚ ਕੇ ਇਲਾਕੇ ਦੀਆਂ ਔਰਤਾਂ ਨੇ ਬੜੇ ਖ਼ੁਸ਼ੀ-ਖ਼ੁਸ਼ੀ ਅਤੇ ਉਤਸ਼ਾਹ ਨਾਲ ਆਪਣੇ ਫਾਰਮ ਭਰਵਾਏ। ਫਾਰਮ ਭਰਦੇ ਸਾਰ ਹੀ ਟੈਸਟਿੰਗ ਦੇ ਤੌਰ @ਤੇ ਲਾਭਪਾਤਰੀਆਂ ਦੇ ਖਾਤੇ ਵਿੱਚ 1 ਰੁਪਏ ਦੀ ਰਾਸ਼ੀ ਵੀ ਆ ਰਹੀ ਹੈ। ਇਸ ਮੌਕੇ ਫਾਰਮ ਭਰਨ ਅਤੇ ਸਹਿਯੋਗ ਦੇਣ ਲਈ ਰੇਣੂ, ਜੋਤੀ, ਕੁਲਜੀਤ, ਪ੍ਰਵੀਨ, ਸ਼ੀਲਾ, ਸੁਨੀਤਾ, ਪਲਕ ਅਤੇ ਕੋਮਲ ਸਮੇਤ ਕਈ ਹੋਰ ਸਖੀਆਂ ਨੇ ਵੱਧ-ਚੜ੍ਹ ਕੇ ਭਾਗ ਲਿਆ ਅਤੇ ਬੜੀ ਮੁਸਤੈਦੀ ਨਾਲ ਕੰਮ ਕੀਤਾ।

ਆਂਗਨਵਾੜੀ ਵਰਕਰ ਪੂਜਾ ਰਾਣੀ ਨੇ ਦੱਸਿਆ ਕਿ ਸਖੀਆਂ ਵੱਲੋਂ ਫਾਰਮ ਦੀ ਹਾਰਡ ਕਾਪੀ ਪ੍ਰਾਪਤ ਕਰਨ ਤੋਂ ਬਾਅਦ ਲਾਭਪਾਤਰੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਕੀਤੀ ਜਾ ਰਹੀ ਹੈ। ਇਸ ਆਨਲਾਈਨ ਪ੍ਰਕਿਰਿਆ ਵਿੱਚ ਲਾਭਪਾਤਰੀ ਦਾ ਮੁੱਖ ਆਧਾਰ ਕਾਰਡ, ਵੋਟਰ ਕਾਰਡ ਦੀ ਡਿਟੇਲ ਭਰੀ ਜਾਂਦੀ ਹੈ ਅਤੇ ਮੌਕੇ @ਤੇ ਹੀ ਲਾਭਪਾਤਰੀ ਔਰਤ ਦੀ ਲਾਈਵ ਫੋਟੋ ਖਿੱਚੀ ਜਾਂਦੀ ਹੈ।

ਇਸ ਦੇ ਨਾਲ ਹੀ ਆਧਾਰ ਕਾਰਡ, ਬੈਂਕ ਪਾਸਬੁੱਕ ਤੇ ਫਾਰਮ ਨੂੰ ਪੋਰਟਲ @ਤੇ ਆਨਲਾਈਨ ਅਪਲੋਡ ਕੀਤਾ ਜਾ ਰਿਹਾ ਹੈ, ਤਾਂ ਜੋ ਯੋਜਨਾ ਦਾ ਲਾਭ ਸਿੱਧਾ ਅਤੇ ਪਾਰਦਰਸ਼ੀ ਤਰੀਕੇ ਨਾਲ ਔਰਤਾਂ ਤੱਕ ਪਹੁੰਚ ਸਕੇ।

# ਅੱਗ ਨਾਲ ਨੁਕਸਾਨੀ ਦੁਕਾਨ ਦਾ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਅਤੇ ਐਸਡੀਐਮ ਨੇ ਲਿਆ ਜਾਇਜ਼ਾ

**ਰਾਜਪੁਰਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਟਰੇਡ ਕਮਿਸ਼ਨ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਅਤੇ ਐਸਡੀਐਮ ਰਾਜਪੁਰਾ ਸੁਖਜਿੰਦਰ ਸਿੰਘ ਟਿਵਾਣਾ ਨੇ ਪੀਐਮਐਨ ਕਾਲਜ ਰੋਡ ਸਥਿਤ ਉਸ ਦੁਕਾਨ ਦਾ ਦੌਰਾ ਕਰਕੇ ਨੁਕਸਾਨ ਦਾ ਜਾਇਜ਼ਾ ਲਿਆ,

ਜੋ ਹਾਲ ਹੀ ਵਿੱਚ ਅੱਗ ਲੱਗਣ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਸੀ। ਇਸ ਮੌਕੇ ਉਨ੍ਹਾਂ ਨੇ ਦੁਕਾਨ ਦੇ ਮਾਲਕ ਪਲਵਿੰਦਰ ਸਿੰਘ ਗੋਲੂ ਨਾਲ ਮੁਲਾਕਾਤ ਕਰਕੇ ਘਟਨਾ ਸਬੰਧੀ ਜਾਣਕਾਰੀ ਹਾਸਲ ਕੀਤੀ।

ਦੁਕਾਨਦਾਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਘਟਨਾ ਵੇਲੇ ਉਹ ਆਪਣੇ ਘਰ ਵਿੱਚ ਮੌਜੂਦ ਸਨ। ਗੁਆਂਢੀਆਂ ਵੱਲੋਂ ਫੋਨ ਰਾਹੀਂ ਅੱਗ ਲੱਗਣ ਦੀ ਸੂਚਨਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਤਿੰਨ ਮੰਜ਼ਿਲਾ ਦੁਕਾਨ ਵਿੱਚ ਅੱਗ ਤੇਜ਼ੀ ਨਾਲ ਫੈਲ ਗਈ ਸੀ ਅਤੇ ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਅੱਗ @ਤੇ ਕਾਬੂ ਪਾਇਆ।

ਉਨ੍ਹਾਂ ਅਨੁਸਾਰ ਇਸ ਘਟਨਾ ਵਿੱਚ ਕਰੀਬ 15 ਤੋਂ 20 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।

ਐਸਡੀਐਮ ਸੁਖਜਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਪੀੜਤ ਦੁਕਾਨਦਾਰ ਨੂੰ ਨਿਯਮਾਂ ਅਨੁਸਾਰ ਬਣਦਾ ਮੁਆਵਜ਼ਾ ਦਿਵਾਉਣ ਲਈ ਸਰਕਾਰ ਕੋਲ ਸਿਫ਼ਾਰਸ਼ ਭੇਜੀ ਜਾਵੇਗੀ।

ਇਸ ਮੌਕੇ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਟਰੇਡ ਕਮਿਸ਼ਨ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਆਪ ਆਗੂ ਕੀਰਤ ਸਿੰਘ ਸਿਹਰਾ, ਹਰਦੀਪ ਸਿੰਘ ਟਿੰਕੂ, ਜਗਮੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# 31 ਜੁਲਾਈ ਤੱਕ ਕੀਤੀ ਜਾ ਸਕਦੀ ਹੈ ਨਾਮਜ਼ਦਗੀ; 18 ਸਾਲ ਤੋਂ ਘੱਟ ਉਮਰ ਦੇ ਹੋਣਹਾਰ ਬੱਚਿਆਂ ਨੂੰ ਮਿਲੇਗਾ ਸਨਮਾਨ

**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਦੇਸ਼ ਭਰ ਦੇ ਬੱਚਿਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐੱਮ.ਆਰ.ਬੀ.ਪੀ.) 2026 ਲਈ ਆਨਲਾਈਨ ਨਾਮਜ਼ਦਗੀਆਂ ਅਤੇ ਸਿਫ਼ਾਰਸ਼ਾਂ ਦੀ ਮੰਗ ਕੀਤੀ ਗਈ ਹੈ।

ਡੀ.ਸੀ. ਜੈਨ ਨੇ ਦੱਸਿਆ ਕਿ ਇਹ ਦੇਸ਼ ਦਾ ਇੱਕ ਵੱਕਾਰੀ ਰਾਸ਼ਟਰੀ ਸਨਮਾਨ ਹੈ, ਜੋ 31 ਜੁਲਾਈ 2026 ਤੱਕ 18 ਸਾਲ ਤੋਂ ਘੱਟ ਉਮਰ ਦੇ ਉਹਨਾਂ ਬੱਚਿਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਬਹਾਦਰੀ, ਸਮਾਜ ਸੇਵਾ, ਵਾਤਾਵਰਣ ਸੁਰੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ, ਵਿਗਿਆਨ ਅਤੇ ਤਕਨਾਲੋਜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਤਿਭਾ ਅਤੇ ਉੱਤਮ ਯੋਗਦਾਨ ਦਾ ਪ੍ਰਦਰਸ਼ਨ ਕੀਤਾ ਹੋਵੇ।

ਉਨ੍ਹਾਂ ਕਿਹਾ ਕਿ ਇਸ ਵਾਰ ਲੜਕੀਆਂ, ਕਮਜ਼ੋਰ ਵਰਗਾਂ, ਅਨੁਸੂਚਿਤ ਜਾਤੀਆਂ/ਜਨਜਾਤੀਆਂ (ਐੱਸ.ਸੀ./ਐੱਸ.ਟੀ.) ਅਤੇ ਵਿਸ਼ੇਸ਼ ਲੋੜਾਂ ਵਾਲੇ ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਨਾਮਜ਼ਦਗੀਆਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਵੱਧ ਤੋਂ ਵੱਧ ਯੋਗ ਬੱਚਿਆਂ ਨੂੰ ਇਸ ਰਾਸ਼ਟਰੀ ਸਨਮਾਨ ਲਈ ਮੌਕਾ ਮਿਲ ਸਕੇ।

ਡੀ.ਸੀ. ਨੇ ਦੱਸਿਆ ਕਿ ਨਾਮਜ਼ਦਗੀ ਪ੍ਰਕਿਰਿਆ ਪੂਰੀ ਤਰ੍ਹਾਂ ਆਨਲਾਈਨ ਹੈ ਅਤੇ ਇਸ ਲਈ ਰਾਸ਼ਟਰੀ ਪੁਰਸਕਾਰ ਪੋਰਟਲ ਦੀ ਵਰਤੋਂ ਕੀਤੀ ਜਾਵੇਗੀ। ਇੱਛੁਕ ਵਿਅਕਤੀ, ਸੰਸਥਾਵਾਂ ਜਾਂ ਸਿਫ਼ਾਰਸ਼ਕਰਤਾ ਰਾਹੀਂ 31 ਜੁਲਾਈ 2026 ਤੱਕ ਆਪਣੀਆਂ ਨਾਮਜ਼ਦਗੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਜ਼ਿਲ੍ਹਾ ਵਾਸੀਆਂ, ਸਿੱਖਿਆ ਸੰਸਥਾਵਾਂ, ਸਮਾਜਿਕ ਸੰਸਥਾਵਾਂ ਅਤੇ ਹੋਰ ਸਬੰਧਤ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਰ ਦੇ ਹੋਣਹਾਰ ਅਤੇ ਯੋਗ ਬੱਚਿਆਂ ਦੀਆਂ ਨਾਮਜ਼ਦਗੀਆਂ ਡੀ.ਸੀ. ਨੇ ਦੱਸਿਆ ਕਿ ਨਾਮਜ਼ਦਗੀ ਪ੍ਰਕਿਰਿਆ ਪੂਰੀ ਤਰ੍ਹਾਂ ਆਨਲਾਈਨ ਹੈ ਅਤੇ ਇਸ ਲਈ ਰਾਸ਼ਟਰੀ ਪੁਰਸਕਾਰ ਪੋਰਟਲ ਦੀ ਵਰਤੋਂ ਕੀਤੀ ਜਾਵੇਗੀ।

ਇੱਛੁਕ ਵਿਅਕਤੀ, ਸੰਸਥਾਵਾਂ ਜਾਂ ਸਿਫ਼ਾਰਸ਼ਕਰਤਾ ਰਾਹੀਂ 31 ਜੁਲਾਈ 2026 ਤੱਕ ਆਪਣੀਆਂ ਨਾਮਜ਼ਦਗੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾਭੇਜ ਕੇ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਮਾਣ-ਸਨਮਾਨ ਦਿਵਾਉਣ ਵਿੱਚ ਯੋਗਦਾਨ ਪਾਉਣ।

# ਕੈਪਟਨ ਦਾ ਜਾਗਿਆ ਕਾਂਗਰਸ ਨਾਲ ਪਿਆਰ, ਪੰਜਾਬ ਦੀ ਸਿਆਸਤ 'ਚ ਛਿੜੀ ਨਵੀਂ ਚਰਚਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ 7 ਜੂਨ। ਪੰਜਾਬ ਦੀ ਸਿਆਸਤ 'ਚ ਇਕ ਵਾਰ ਫਿਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਕੇਂਦਰ 'ਚ ਆ ਗਿਆ ਹੈ। ਭਾਜਪਾ 'ਚ ਹੁੰਦਿਆਂ ਉਨ੍ਹਾਂ ਵੱਲੋਂ ਹਾਲ ਹੀ 'ਚ ਕਾਂਗਰਸ ਲੀਡਰਸ਼ਿਪ ਖ਼ਾਸ ਕਰਕੇ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਬਾਰੇ ਕੀਤੀਆਂ ਹਾਂ-ਪੱਖੀ ਟਿੱਪਣੀਆਂ ਤੋਂ ਬਾਅਦ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਤਿੱਖਾ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ 2021 'ਚ ਕਾਂਗਰਸ ਨਾ ਛੱਡਦੇ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਸਰਕਾਰ ਮੁੜ ਬਣ ਸਕਦੀ ਸੀ। ਵੜਿੰਗ ਦੇ ਇਸ ਬਿਆਨ ਨੇ ਨਾ ਸਿਰਫ਼ ਕੈਪਟਨ ਦੀ ਸਿਆਸੀ ਭੂਮਿਕਾ ਨੂੰ ਮੁੜ ਚਰਚਾ 'ਚ ਲਿਆ ਦਿੱਤਾ ਹੈ, ਸਗੋਂ ਪੰਜਾਬ ਕਾਂਗਰਸ ਦੇ ਅੰਦਰਲੇ ਸਿਆਸੀ ਸੰਕੇਤਾਂ ਨੂੰ ਲੈ ਕੇ ਵੀ ਨਵੀਆਂ ਅਟਕਲਾਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਜੇਕਰ ਕਾਂਗਰਸ ਇੰਨੀ ਹੀ ਚੰਗੀ ਪਾਰਟੀ ਸੀ ਤਾਂ ਕੈਪਟਨ ਨੇ ਇਸ ਨੂੰ ਦੋ ਵਾਰ ਕਿਉਂ ਛੱਡਿਆ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਕੈਪਟਨ ਨੂੰ ਸਭ ਕੁੱਝ ਦਿੱਤਾ। ਉਹ ਦੋ ਵਾਰ ਮੁੱਖ ਮੰਤਰੀ ਬਣੇ, ਦੋ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਅਤੇ ਕੇਂਦਰ 'ਚ ਮੰਤਰੀ ਵੀ ਬਣੇ। ਜੇਕਰ ਉਹ ਅੱਜ ਕਾਂਗਰਸ ਦੀ ਤਾਰੀਫ਼ ਕਰ ਰਹੇ ਹਨ ਤਾਂ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਫਿਰ ਪਾਰਟੀ ਛੱਡਣ ਦੀ ਲੋੜ ਕਿਉਂ ਪਈ। ਉਨ੍ਹਾਂ ਕਿਹਾ ਕਿ ਕਿਸੇ ਅਹੁਦੇ ਤੋਂ ਹਟਾਏ ਜਾਣ ਦਾ ਇਹ ਮਤਲਬ ਨਹੀਂ ਹੁੰਦਾ ਕਿ ਪਾਰਟੀ ਹੀ ਛੱਡ ਦਿੱਤੀ ਜਾਵੇ। ਕਾਂਗਰਸ 'ਚ ਕਈ ਵੱਡੇ ਨੇਤਾਵਾਂ ਨੇ ਅਹੁਦੇ ਛੱਡੇ ਹਨ ਪਰ ਪਾਰਟੀ ਨਹੀਂ ਛੱਡੀ। ਇਸ ਲਈ ਕੈਪਟਨ ਨੂੰ ਵੀ ਪਾਰਟੀ 'ਚ ਰਹਿ ਕੇ ਆਪਣੀ ਲੜਾਈ ਲੜਨੀ ਚਾਹੀਦੀ ਸੀ। ਉਨ੍ਹਾਂ ਦੇ ਜਾਣ ਨਾਲ ਕਾਂਗਰਸ ਦੀ ਇਕਜੁੱਟਤਾ ਟੁੱਟ ਗਈ ਸੀ। ਜੇਕਰ ਕੈਪਟਨ ਪਾਰਟੀ 'ਚ ਰਹਿੰਦੇ ਤਾਂ ਪਾਰਟੀ ਦੇ ਅਕਸ ਅਤੇ ਵੋਟ ਬੈਂਕ ਦੋਵੇਂ ਮਜ਼ਬੂਤ ਰਹਿੰਦੇ ਅਤੇ ਸੰਭਵ ਸੀ ਕਿ ਕਾਂਗਰਸ ਸੱਤਾ 'ਚ ਵਾਪਸੀ ਕਰ ਲੈਂਦੀ। ਦਰਅਸਲ 2021 'ਚ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਕਮਾਨ ਦਿੱਤੀ ਗਈ ਸੀ। ਇਸ ਤੋਂ ਕੁੱਝ ਮਹੀਨੇ ਬਾਅਦ ਹੀ 2022 ਦੀਆਂ ਚੋਣਾਂ ਹੋਈਆਂ, ਜਿੱਥੇ ਕਾਂਗਰਸ ਸਿਰਫ਼ 18 ਸੀਟਾਂ 'ਤੇ ਸਿਮਟ ਗਈ। ਉਸ ਵੇਲੇ ਤੋਂ ਹੀ ਇਹ ਚਰਚਾ ਚੱਲਦੀ ਰਹੀ ਹੈ ਕਿ ਕੈਪਟਨ ਦੇ ਚਲੇ ਜਾਣ ਨੇ ਕਾਂਗਰਸ ਨੂੰ ਵੱਡਾ ਨੁਕਸਾਨ ਪਹੁੰਚਾਇਆ। ਪਿਛਲੇ ਕੁੱਝ ਦਿਨਾਂ ਤੋਂ ਕੈਪਟਨ ਅਮਰਿੰਦਰ ਸਿੰਘ ਦੀਆਂ ਟਿੱਪਣੀਆਂ ਨੇ ਪੰਜਾਬ ਦੀ ਸਿਆਸਤ 'ਚ ਨਵੀਂ ਹਲਚਲ ਪੈਦਾ ਕੀਤੀ ਹੈ। ਉਨ੍ਹਾਂ ਨੇ ਰਾਹੁਲ ਗਾਂਧੀ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਸੋਨੀਆ ਗਾਂਧੀ ਨਾਲ ਕੰਮ ਕਰਨ ਦੌਰਾਨ ਉਨ੍ਹਾਂ ਨੂੰ ਕਦੇ ਕੋਈ ਦਿੱਕਤ ਨਹੀਂ ਆਈ। ਰਾਹੁਲ ਗਾਂਧੀ ਵੱਲੋਂ ਉਨ੍ਹਾਂ ਨੂੰ ਜਨਮ ਦਿਨ 'ਤੇ ਸ਼ੁੱਭਕਾਮਨਾਵਾਂ ਭੇਜੀਆਂ ਗਈਆਂ ਅਤੇ ਪਰਿਵਾਰਕ ਦੁੱਖ ਦੇ ਸਮੇਂ ਵੀ ਸੰਪਰਕ ਕੀਤਾ ਗਿਆ। ਕੈਪਟਨ ਦੇ ਇਹ ਬਿਆਨ ਉਸ ਸਮੇਂ ਸਾਹਮਣੇ ਆਏ ਹਨ, ਜਦੋਂ ਪੰਜਾਬ ਭਾਜਪਾ 'ਚ ਨਵੀਂ ਲੀਡਰਸ਼ਿਪ ਨੂੰ ਲੈ ਕੇ ਚਰਚਾ ਚੱਲ ਰਹੀ ਹੈ ਅਤੇ ਕੇਵਲ ਸਿੰਘ ਢਿੱਲੋਂ ਨੂੰ ਪ੍ਰਧਾਨ ਬਣਾਇਆ ਗਿਆ ਹੈ। ਇਸ ਕਰਕੇ ਕੈਪਟਨ ਦੀਆਂ ਟਿੱਪਣੀਆਂ ਨੂੰ ਸਿਰਫ਼ ਨਿੱਜੀ ਭਾਵਨਾਵਾਂ ਨਹੀਂ, ਸਗੋਂ ਇਕ ਵੱਡੇ ਸਿਆਸੀ ਸੰਕੇਤ ਵਜੋਂ ਵੀ ਦੇਖਿਆ ਜਾ ਰਿਹਾ ਹੈ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਰਾਜਾ ਵੜਿੰਗ ਦੇ ਬਿਆਨ 'ਚ ਸਿਰਫ਼ ਆਲੋਚਨਾ ਨਹੀਂ। ਜਦੋਂ ਉਹ ਕਹਿੰਦੇ ਹਨ ਕਿ ਕੈਪਟਨ ਰਹਿੰਦੇ ਤਾਂ ਸਰਕਾਰ ਬਣ ਸਕਦੀ ਸੀ ਤਾਂ ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਪੰਜਾਬ ਕਾਂਗਰਸ ਅਜੇ ਤੱਕ ਉਸ ਪੱਧਰ ਦਾ ਆਗੂ ਤਿਆਰ ਨਹੀਂ ਕਰ ਸਕੀ, ਜੋ ਸਾਰੇ ਧੜਿਆਂ ਨੂੰ ਇਕ ਮੰਚ 'ਤੇ ਲਿਆ ਸਕੇ। 2017 ਦੀਆਂ ਚੋਣਾਂ ਤੋਂ ਪਹਿਲਾਂ ਵੀ ਕਾਂਗਰਸ ਦੀ ਆਲ੍ਹਾ ਲੀਡਰਸ਼ਿਪ ਨੇ ਹਾਈਕਮਾਨ 'ਤੇ ਦਬਾਅ ਬਣਾਇਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਦੀ ਕਮਾਨ ਸੌਂਪੀ ਜਾਵੇ। ਉਸ ਵੇਲੇ ਕੈਪਟਨ ਦੇ ਚਿਹਰੇ 'ਤੇ ਚੋਣ ਲੜੀ ਗਈ ਅਤੇ



ਕਾਂਗਰਸ ਨੇ ਵੱਡੀ ਜਿੱਤ ਦਰਜ ਕੀਤੀ ਸੀ। ਅੱਜ ਦੀ ਸਥਿਤੀ ਇਸ ਤੋਂ ਵੱਖਰੀ ਹੈ। ਪੰਜਾਬ ਕਾਂਗਰਸ 'ਚ ਕਈ ਵੱਡੇ ਚਿਹਰੇ ਹਨ ਪਰ ਅਜਿਹਾ ਕੋਈ ਇਕ ਆਗੂ ਨਜ਼ਰ ਨਹੀਂ ਆ ਰਿਹਾ, ਜਿਸ ਦੇ ਆਲੇ-ਦੁਆਲੇ ਪੂਰੀ ਪਾਰਟੀ ਇਕਜੁੱਟ ਹੋ ਸਕੇ। ਹਾਲ ਹੀ 'ਚ ਦਿੱਲੀ 'ਚ ਹੋਈ ਪੰਜਾਬ ਕਾਂਗਰਸ ਦੀ ਮੀਟਿੰਗ ਦੌਰਾਨ ਵੀ ਅੰਦਰੂਨੀ ਮਤਭੇਦਾਂ ਦੀਆਂ ਖ਼ਬਰਾਂ ਸਾਹਮਣੇ ਆਈਆਂ। ਸੂਤਰਾਂ ਮੁਤਾਬਕ ਵੱਖ-ਵੱਖ ਧੜਿਆਂ 'ਚ ਖਿੱਚੋਤਾਣ ਅਜੇ ਵੀ ਖ਼ਤਮ ਨਹੀਂ ਹੋਈ। ਕਾਂਗਰਸ ਅੰਦਰ ਕਈ ਆਗੂ ਮੌਜੂਦਾ ਪ੍ਰਬੰਧਨ ਨੂੰ ਲੈ ਕੇ ਆਪਣੀਆਂ ਅਸਹਿਮਤੀਆਂ ਖੁੱਲ੍ਹ ਕੇ ਜ਼ਾਹਰ ਕਰ ਰਹੇ ਹਨ। ਅਜਿਹੇ ਹਾਲਾਤ 'ਚ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਵਾਰ-ਵਾਰ ਚਰਚਾ 'ਚ ਆਉਣਾ ਇਹ ਦਰਸਾਉਂਦਾ ਹੈ ਕਿ ਪਾਰਟੀ ਅਜੇ ਵੀ ਇਕ ਅਜਿਹੇ ਆਗੂ ਦੀ ਭਾਲ 'ਚ ਹੈ, ਸਾਰੇ ਧੜਿਆਂ ਨੂੰ ਇਕੱਠਾ ਕਰ ਸਕੇ। ਸਿਆਸੀ ਗਲਿਆਰਿਆਂ 'ਚ ਇਹ ਚਰਚਾ ਵੀ ਚੱਲ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਭਾਜਪਾ 'ਚ ਉਹ ਸਿਆਸੀ ਸਪੇਸ ਹਾਸਲ ਨਹੀਂ ਕਰ ਸਕੇ, ਜੋ ਉਨ੍ਹਾਂ ਨੂੰ ਕਾਂਗਰਸ 'ਚ ਮਿਲੀ ਹੋਈ ਸੀ। ਲੰਬੇ ਸਮੇਂ ਤੱਕ ਕਾਂਗਰਸ ਦੀ ਰਾਜਨੀਤੀ ਕਰਨ ਵਾਲੇ ਕੈਪਟਨ ਲਈ ਭਾਜਪਾ ਦਾ ਜੱਥੇਬੰਦਕ ਢਾਂਚਾ ਅਤੇ ਕੰਮ ਕਰਨ ਦਾ ਸੱਭਿਆਚਾਰ ਵੱਖਰਾ ਹੈ। ਇਸੇ ਕਰਕੇ ਉਨ੍ਹਾਂ ਦੇ ਹਾਲੀਆ ਬਿਆਨਾਂ ਨੂੰ ਕੁੱਝ ਲੋਕ ਕਾਂਗਰਸ ਪ੍ਰਤੀ ਨਰਮ ਰੁਖ਼ ਅਤੇ ਪੁਰਾਣੇ ਸਿਆਸੀ ਰਿਸ਼ਤਿਆਂ ਦੀ ਯਾਦ ਵਜੋਂ ਵੀ ਦੇਖ ਰਹੇ ਹਨ। ਹਾਲਾਂਕਿ ਕੈਪਟਨ ਵੱਲੋਂ ਕਦੇ ਵੀ ਕਾਂਗਰਸ 'ਚ ਵਾਪਸੀ ਦੀ ਕੋਈ ਖੁੱਲ੍ਹੀ ਇੱਛਾ ਜ਼ਾਹਰ ਨਹੀਂ ਕੀਤੀ ਗਈ। ਰਾਜਾ ਵੜਿੰਗ ਦਾ ਬਿਆਨ ਉਸ ਸਮੇਂ ਆਇਆ ਹੈ, ਜਦੋਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਨੇ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਕਾਂਗਰਸ ਆਪਣੇ ਅੰਦਰੂਨੀ ਵਿਵਾਦਾਂ ਨੂੰ ਖ਼ਤਮ ਕਰ ਕੇ ਇਕਜੁੱਟਤਾ ਦਾ ਸੰਦੇਸ਼ ਦੇਣਾ ਚਾਹੁੰਦੀ ਹੈ, ਜਦੋਂਕਿ ਭਾਜਪਾ ਪੰਜਾਬ 'ਚ ਆਪਣਾ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਜਿਹੀ ਸੂਰਤ 'ਚ ਅਮਰਿੰਦਰ ਸਿੰਘ ਨੂੰ ਲੈ ਕੇ ਹੋ ਰਹੀ ਇਹ ਸਿਆਸੀ ਬਿਆਨਬਾਜ਼ੀ ਸਿਰਫ਼ ਅਤੀਤ ਦੀ ਚਰਚਾ ਨਹੀਂ, ਸਗੋਂ ਭਵਿੱਖ ਦੀ ਰਾਜਨੀਤੀ ਨਾਲ ਵੀ ਜੁੜੀ ਹੋਈ ਹੈ। ਵੜਿੰਗ ਦੇ ਬਿਆਨ ਨੇ ਇਕ ਵਾਰ ਫਿਰ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਕਾਂਗਰਸ ਅਜੇ ਵੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਕਦਰ ਅਤੇ ਪ੍ਰਭਾਵ ਨੂੰ ਮਹਿਸੂਸ ਕਰਦੀ ਹੈ? ਦੂਜੇ ਪਾਸੇ ਕੈਪਟਨ ਦੇ ਕਾਂਗਰਸ ਲੀਡਰਸ਼ਿਪ ਬਾਰੇ ਨਰਮ ਬਿਆਨ ਵੀ ਕਈ ਸਿਆਸੀ ਅਟਕਲਾਂ ਨੂੰ ਜਨਮ ਦੇ ਰਹੇ ਹਨ। ਫ਼?ਲਹਾਲ ਕੈਪਟਨ ਦੀ ਵਾਪਸੀ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ ਪਰ ਇੰਨਾ ਜ਼ਰੂਰ ਹੈ ਕਿ 2027 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸਿਆਸਤ 'ਚ ਕੈਪਟਨ ਦਾ ਨਾਂ ਇਕ ਵਾਰ ਫਿਰ ਕੇਂਦਰੀ ਚਰਚਾ ਦਾ ਵਿਸ਼ਾ ਬਣਦਾ ਦਿਖਾਈ ਦੇ ਰਿਹਾ ਹੈ। ਵੜਿੰਗ ਦੇ ਬਿਆਨ ਨੇ ਇਸ ਚਰਚਾ ਨੂੰ ਹੋਰ ਹਵਾ ਦੇ ਦਿੱਤੀ ਹੈ ਤੇ ਆਉਣ ਵਾਲੇ ਦਿਨਾਂ 'ਚ ਇਹ ਮੁੱਦਾ ਹੋਰ ਗਰਮਾ ਸਕਦਾ ਹੈ।

## ਪੰਜਾਬ ਦੇ ਨੈਸ਼ਨਲ ਹਾਈਵੇਅ 'ਤੇ ਪੈਟਰੋਲ ਪੰਪ ਨੂੰ ਬਣਾਇਆ ਨਿਸ਼ਾਨਾ

ਤਰਨਤਾਰਨ/ਨੌਸ਼ਹਿਰਾ ਪੰਨੂਆ 7 ਜੂਨ। ਤਰਨਤਾਰਨ ਜ਼ਿਲ੍ਹੇ 'ਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੇ ਇਕ ਵਾਰ ਫਿਰ ਤੋਂ ਜ਼ੋਰ ਫੜ੍ਹ ਲਿਆ ਹੈ। ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇਅ ਉਪਰ ਮੌਜੂਦ ਪਿੰਡ ਠੱਠੀਆਂ ਮਹੰਤਾਂ ਵਿਖੇ ਪੈਟਰੋਲ ਪੰਪ ਦੇ ਕਰਮਚਾਰੀਆਂ ਨੂੰ ਗੰਨ ਪੁਆਇੰਟ ਉਪਰ ਲੈਂਦੇ ਹੋਏ ਕਰੀਬ 10 ਹਜ਼ਾਰ ਰੁਪਏ ਦੀ ਖੋਹ ਕਰ ਲਈ ਗਈ। ਕਰਮਚਾਰੀਆਂ ਵੱਲੋਂ ਜਦੋਂ ਇਸ ਦਾ ਵਿਰੋਧ ਕੀਤਾ ਗਿਆ ਤਾਂ ਹਥਿਆਰਬੰਦ ਲੁਟੇਰਿਆਂ ਵੱਲੋਂ ਕਰਮਚਾਰੀ ਦੀ ਲੱਤ ਉਪਰ ਗੋਲ?ੀ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਗਿਆ। ਜਿਸ ਤੋਂ ਬਾਅਦ ਦੋਵੇਂ ਨਕਾਬਪੋਸ਼ ਲੁਟੇਰੇ ਮੌਕੇ ਤੋਂ ਫਰਾਰ ਹੋਣ 'ਚ ਕਾਮਯਾਬ ਹੋ ਗਏ। ਜ਼ਖ਼ਮੀ ਹਾਲਤ 'ਚ ਪੈਟਰੋਲ ਪੰਪ ਮਾਲਕ ਵੱਲੋਂ ਤੁਰੰਤ ਆਪਣੇ ਕਰਮਚਾਰੀ ਨੂੰ ਅੰਮ੍ਰਿਤਸਰ ਦੇ ਹਸਪਤਾਲ 'ਚ ਇਲਾਜ ਲਈ ਭਰਤੀ ਕਰਵਾ ਦਿੱਤਾ ਗਿਆ ਹੈ। ਇਸ ਮਾਮਲੇ 'ਚ ਥਾਣਾ ਸਰਹਾਲੀ ਦੀ ਪੁਲਸ ਵੱਲੋਂ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇਅ ਅਧੀਨ ਆਉਂਦੇ ਪਿੰਡ ਠੱਠੀਆਂ ਮਹੰਤਾਂ ਵਿਖੇ ਮੌਜੂਦ ਸ੍ਰੀ ਗੁਰੂ ਅਮਰਦਾਸ ਜੀ ਫਿਲਿੰਗ ਸਟੇਸ਼ਨ 'ਤੇ ਕਰੀਬ ਸਵਾ ਤਿੰਨ ਵਜੇ ਸੋਮਵਾਰ ਦੋ ਮੋਟਰਸਾਈਕਲ ਸਵਾਰ ਲੁਟੇਰੇ ਆ ਪਹੁੰਚੇ, ਜਿਨ੍ਹਾਂ ਵੱਲੋਂ ਮੌਕੇ ਦੀ ਨਿਜ਼ਾਕਤ ਨੂੰ ਵੇਖਦੇ ਹੋਏ ਪਹਿਲਾਂ 500 ਰੁਪਏ ਦਾ ਮੋਟਰਸਾਈਕਲ 'ਚ ਪੈਟਰੋਲ ਪਵਾ ਲਿਆ ਗਿਆ ਅਤੇ ਜਦੋਂ ਕਰਮਚਾਰੀ ਸੁਰਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਚੌਧਰੀਵਾਲਾ ਵੱਲੋਂ ਪੈਟਰੋਲ ਦੇ ਪੈਸੇ ਮੰਗੇ ਗਏ ਤਾਂ ਉਲਟਾ ਪਿਸਤੌਲ ਦੀ ਨੋਕ ਉਪਰ ਕਰਮਚਾਰੀਆਂ ਪਾਸੋਂ ਨਕਦੀ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਜਦੋਂ ਪੈਸੇ ਦੇਣ ਤੋਂ ਕਰਮਚਾਰੀ ਸੁਰਜੀਤ ਸਿੰਘ ਨੇ ਇਨਕਾਰ ਕੀਤਾ ਤਾਂ ਲੁਟੇਰੇ ਵੱਲੋਂ ਹੱਥ 'ਚ ਫੜ੍ਹੇ ਪਿਸਤੌਲ ਨਾਲ ਉਸ ਦੀ ਲੱਤ 'ਤੇ ਗੋਲ?ੀ ਮਾਰ ਦਿੱਤੀ ਗਈ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਪੰਪ 'ਤੇ ਮੌਜੂਦ ਸੁਰਜੀਤ ਸਿੰਘ ਅਤੇ ਉਸ ਦੇ ਦੂਜੇ ਸਾਥੀ ਹਰਜੀਤ ਸਿੰਘ ਪਾਸੋਂ ਕਰੀਬ 10 ਹਜ਼ਾਰ ਦੀ ਨਕਦੀ ਲੈ ਦੋਵੇਂ ਨਕਾਬਪੋਸ਼ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੈਟਰੋਲ ਪੰਪ ਦੇ ਮਾਲਕ ਦੀਪਕ ਮੈਣੀ ਪੁੱਤਰ ਪਰਮਜੀਤ ਸਿੰਘ ਮੈਣੀ ਨਿਵਾਸੀ ਨੌਸ਼ਹਿਰਾ ਪੰਨੂਆਂ ਨੇ ਦੱਸਿਆ ਕਿ ਸੁਰਜੀਤ ਸਿੰਘ ਦੀ ਲੱਤ 'ਤੇ ਗੋਲ?ੀ ਲੱਗਣ ਨਾਲ ਉਹ ਜ਼ਖ਼ਮੀ ਹੋ ਗਿਆ ਹੈ, ਜਿਸ ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ। ਮਾਲਕ ਦੀਪਕ ਮੈਣੀ ਨੇ ਪੁਲਸ ਪ੍ਰਸ਼ਾਸਨ ਤੋਂ ਮੁਲਜ਼ਮਾਂ ਦੇ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਰਹਾਲੀ ਦੇ ਮੁਖੀ ਬਰਿੰਦਰਜੀਤ ਸਿੰਘ ਨੇ ਦੱਸਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਦੀ ਭਾਲ ਪੁਲਸ ਵੱਲੋਂ ਨਾਕਾਬੰਦੀ ਕਰਦੇ ਹੋਏ ਸ਼ੁਰੂ ਕਰ ਦਿੱਤੀ ਗਈ ਹੈ, ਜਿਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਜਵਾਨ ਪੁੱਤ ਨੇ ਮਾਰ'ਤਾ ਮਾਂ ਦਾ ਪ੍ਰੇਮੀ ! ਜੰਗਲ 'ਚ ਦੱਬ'ਤੀ ਲਾਸ਼

ਚਤਰਾ 7 ਜੂਨ। ਝਾਰਖੰਡ ਦੇ ਚਤਰਾ ਜ਼ਿਲ੍ਹੇ 'ਚ ਇਕ ਨੌਜਵਾਨ ਨੇ ਆਪਣੀ ਮਾਂ ਦੇ ਪ੍ਰੇਮੀ ਦਾ ਕਤਲ ਕਰ ਕੇ ਲਾਸ਼ ਨੂੰ ਦਫ਼ਨਾ ਦਿੱਤਾ। ਪੁਲਸ ਨੇ ਐਤਵਾਰ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਘਟਨਾ ਇਕ ਮਹੀਨਾ ਪਹਿਲਾਂ ਲਾਵਾਲੋਂਗ ਪੁਲਸ ਸਟੇਸ਼ਨ ਖੇਤਰ ਦੇ ਅਧੀਨ ਆਉਣ ਵਾਲੇ ਤੁੰਗੁਨ ਪਿੰਡ 'ਚ ਵਾਪਰੀ ਸੀ। ਪੁਲਸ ਦੇ ਅਨੁਸਾਰ, ਮ੍ਰਿਤਕ ਦੀ ਲਾਸ਼ ਮੰਧਾਨੀਆ ਦੇ ਇਕ ਸੰਘਣੇ ਜੰਗਲ 'ਚੋਂ ਬਰਾਮਦ ਕੀਤੀ ਗਈ ਸੀ। ਸਬ-ਡਿਵੀਜ਼ਨਲ ਪੁਲਸ ਅਧਿਕਾਰੀ (ਸਿਮਰੀਆ) ਨਾਗਾਗੋਜੇ ਸ਼ੁਭਮ ਭੌਸਾਹਿਬ ਨੇ ਕਿਹਾ, ਮੁੱਖ ਦੋਸ਼ੀ ਰਾਕੇਸ਼ ਮੁੰਡਾ, ਉਸਦੇ ਤਿੰਨ ਸਾਥੀਆਂ ਨਾਲ ਮਿਲ ਕੇ ਮੰਧਾਨੀਆ ਘਾਟੀ ਦੇ ਨੇੜੇ ਚੱਲਦੀ ਬੱਸ ਤੋਂ ਗੁੱਡੂ ਮੁੰਡਾ ਨੂੰ ਜ਼ਬਰਦਸਤੀ ਘਸੀਟ ਕੇ ਲੈ ਗਿਆ। ਦੋਸ਼ੀਆਂ ਨੇ ਗੁੱਡੂ ਦੀ ਕੁੱਟਮਾਰ ਕੀਤੀ, ਉਸ ਨੂੰ ਜੰਗਲ 'ਚ ਲੈ ਗਏ ਅਤੇ ਉਸ ਦਾ ਕਤਲ ਕਰ ਦਿੱਤਾ। ਸਬੂਤ ਮਿਟਾਉਣ ਲਈ ਲਾਸ਼ ਨੂੰ 30 ਮਾਰਚ ਨੂੰ ਉੱਥੇ ਹੀ ਦਫਨਾ ਦਿੱਤਾ ਗਿਆ।'' ਉਨ੍ਹਾਂ ਦੱਸਿਆ,''ਇਹ ਵਾਰਦਾਤ ਗੁੱਡੂ ਅਤੇ ਮੁੱਖ ਦੋਸ਼ੀ ਰਾਕੇਸ਼ ਦੀ ਮਾਂ ਵਿਚਾਲੇ ਪ੍ਰੇਮ ਸੰਬੰਧਾਂ ਨੂੰ ਲੈ ਕੇ ਹੋਏ ਵਿਵਾਦ ਕਾਰਨ ਹੋਈ।'' ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਵਲੋਂ ਲਿਖਤੀ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ 15 ਮਈ ਨੂੰ ਮਾਮਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ,''ਪੁਲਸ ਨੇ ਤਕਨੀਕੀ ਨਿਗਰਾਨੀ ਦਾ ਉਪਯੋਗ ਕਰਦੇ ਹੋਏ ਇਕ ਦੋਸ਼ੀ ਮਹੇਸ਼ ਗੰਜੂ ਦਾ ਪਤਾ ਲਗਾਇਆ ਅਤੇ ਉਸ ਨੂੰ ਗ੍ਰਿਫ਼ਤਾਰ ਕੀਤਾ। ਪੁੱਛ-ਗਿੱਛ ਦੌਰਾਨ ਉਸ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਪੁਲਸ ਨੇ ਲਾਸ਼ ਬਰਾਮਦ ਕੀਤੀ।'' ਪੁਲਸ ਨੇ ਦੱਸਿਆ ਕਿ ਚਤਰਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਵਾਸੀ ਤਿੰਨ ਦੋਸ਼ੀਆਂ ਮਹੇਸ਼, ਨਿਤੇਸ਼ ਕੁਮਾਰ ਅਤੇ ਕਮਲੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰ ਕੇ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਮੁੱਖ ਦੋਸ਼ੀ ਰਾਕੇਸ਼ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਲਿਵ-ਇਨ ਰਿਲੇਸ਼ਨ ਸਬੰਧੀ ਹਥਿਆਰਬੰਦ ਨੌਜਵਾਨਾਂ ਵਲੋਂ ਹਮਲਾ, ਭਿਆਨਕ ਬਣੇ ਹਾਲਾਤ

**ਕੌਮੀ ਪਤ੍ਰਿਕਾ**

ਮੋਗਾ 7 ਜੂਨ। ਹਥਿਆਰਬੰਦ ਨੌਜਵਾਨਾਂ ਵੱਲੋਂ ਲਿਵ-ਇੰਨ ਰਿਲੇਸ਼ਨ ਦੀ ਰੰਜਿਸ਼ ਨੂੰ ਲੈ ਕੇ ਘਰ ਵਿਚ ਦਾਖਲ ਹੋ ਕੇ ਭੰਨ-ਤੋੜ ਕਰਨ ਦੇ ਨਾਲ-ਨਾਲ ਪੁਰਾਣਾ ਮੋਗਾ ਦੇ ਨਿਵਾਸੀ ਗੌਰਵ ਗਰਗ 'ਤੇ ਹਮਲਾ ਕਰ ਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰਨ ਅਤੇ ਉਸ ਦੀ ਸੋਨੇ ਦੀ ਚੈਨੀ ਝਪਟ ਮਾਰ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਉਸ ਨੂੰ ਮੈਡੀਕਲ ਕਾਲਜ ਫਰੀਦਕੋਟ ਵਿਚ ਦਾਖਲ ਕਰਵਾਉਣਾ ਪਿਆ। ਇਸ ਸਬੰਧ ਵਿਚ ਥਾਣਾ ਸਿਟੀ ਸਾਊਥ ਪੁਲਸ ਵਲੋਂ ਪਿੱਪਲ ਵਾਲਾ ਚੌਂਕ, ਪੁਰਾਣਾ ਮੋਗਾ ਦੇ ਨਿਵਾਸੀ ਗੌਰਵ ਗਰਗ ਦੀ ਸ਼ਿਕਾਇਤ 'ਤੇ ਚਰਨਜੀਤ ਸ਼ਰਮਾ, ਪਾਇਲ, ਵੈਭਵ ਸ਼ਰਮਾ, ਸੀਮਾ (ਸਭ ਨਿਵਾਸੀ ਪੁਰਾਣਾ ਮੋਗਾ), ਮੋਂਟੀ ਨਿਵਾਸੀ ਅੰਬੇਡਕਰ ਨਗਰ ਮੋਗਾ, ਗਗਨ ਨਿਵਾਸੀ ਮੋਗਾ ਅਤੇ ਹੋਰ 10 ਅਣਪਛਾਤੇ ਹਥਿਆਰਬੰਦ ਨੌਜਵਾਨਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਥਾਣਾ ਸਿਟੀ ਸਾਊਥ ਦੇ ਸਹਾਇਕ ਥਾਣੇਦਾਰ ਰਣਜੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਪੁਲਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗੌਰਵ ਗਰਗ ਨੇ ਦੱਸਿਆ ਕਿ ਉਸਦਾ ਭਰਾ ਸੌਰਭ ਗਰਗ ਇਕ ਲੜਕੀ ਨਾਲ ਲਿਵ-ਇਨ ਰਿਲੇਸ਼ਨ ਵਿਚ ਰਹਿ ਰਿਹਾ ਹੈ, ਜਿਸ ਕਾਰਨ ਕਥਿਤ ਦੋਸ਼ੀਆਂ ਨਾਲ ਰੰਜਿਸ਼ ਚੱਲ ਰਹੀ ਸੀ। ਇਸੇ ਰੰਜਿਸ਼ ਦੇ ਚੱਲਦੇ 26 ਮਈ ਦੀ ਰਾਤ ਨੂੰ ਹਥਿਆਰਾਂ ਨਾਲ ਲੈਸ ਹੋ ਕੇ ਉਨ੍ਹਾਂ ਨੇ ਸਾਡੇ ਘਰ ਦੇ ਗੇਟ ਅੱਗੇ ਆ ਕੇ ਗਾਲੀ-ਗਲੋਚ ਕਰਨੀ



ਸ਼ੁਰੂ ਕਰ ਦਿੱਤੀ। ਸਾਰੇ ਹਮਲਾਵਰਾਂ ਕੋਲ ਮਾਰੂ ਹਥਿਆਰ ਅਤੇ ਖੰਡੇ ਸਨ। ਮੈਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਇਕ ਕਮਰੇ ਵਿਚ ਬੰਦ ਕਰ ਦਿੱਤਾ ਅਤੇ ਖੁਦ ਗੇਟ 'ਤੇ ਖੜ੍ਹਾ ਹੋ ਗਿਆ, ਪਰ ਹਮਲਾਵਰਾਂ ਨੇ ਗੇਟ ਤੋੜ ਕੇ ਅੰਦਰ ਦਾਖਲ ਹੋ ਗਏ। ਅੰਦਰ ਆਉਂਦੇ ਹੀ ਉਨ੍ਹਾਂ ਨੇ ਇੱਟਾਂ-ਪੱਥਰ ਸੁੱਟਣੇ ਸ਼ੁਰੂ ਕਰ ਦਿੱਤੇ ਅਤੇ ਮੈਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਮੇਰੇ ਛੋਟੇ ਭਰਾ ਸੌਰਭ ਗਰਗ ਬਾਰੇ ਪੁੱਛਣ ਲੱਗ ਪਏ। ਇਸ ਦੌਰਾਨ ਉਨ੍ਹਾਂ ਨੇ ਮੈਨੂੰ ਤਿੱਖੇ ਖੰਡੇ ਨਾਲ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਮੈਂ ਮੁਸ਼ਕਲ ਨਾਲ ਬਚਿਆ। ਉਨ੍ਹਾਂ ਦੇ ਨਾਲ ਆਈਆਂ ਔਰਤਾਂ ਨੇ ਵੀ ਮੈਨੂੰ ਥੱਪੜ ਮਾਰੇ ਅਤੇ ਗੰਦੀਆਂ ਗਾਲਾਂ ਕੱਢੀਆਂ। ਜਦੋਂ ਮੈਂ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੇ ਲੋਹੇ ਦੀ ਰਾਡ ਨਾਲ ਮੇਰੇ ਸਿਰ 'ਤੇ ਵਾਰ ਕੀਤਾ, ਜਿਸ ਨਾਲ ਮੈਂ ਲਹੂ-ਲੁਹਾਨ ਹੋ ਕੇ ਬੇਹੋਸ਼ ਹੋ ਗਿਆ। ਹਮਲਾਵਰ ਮੈਨੂੰ ਮਰਿਆ ਸਮਝ ਕੇ ਮੇਰੇ ਗਲੇ ਵਿਚੋਂ ਕਰੀਬ 2 ਤੋਲੇ ਦੀ ਸੋਨੇ ਦੀ ਚੈਨ ਛੀਣ ਕੇ ਲੈ ਗਏ। ਇਸ ਤੋਂ ਬਾਅਦ ਮੇਰੇ ਪਰਿਵਾਰਕ ਮੈਂਬਰ ਕਿਸੇ ਤਰ੍ਹਾਂ ਕਮਰੇ ਤੋਂ ਬਾਹਰ ਨਿਕਲੇ ਅਤੇ ਮੈਨੂੰ ਸਿਵਲ ਹਸਪਤਾਲ ਮੋਗਾ ਵਿਚ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਮੇਰੀ ਨਾਜ਼ੁਕ ਹਾਲਤ ਦੇਖਦੇ ਹੋਏ ਮੈਨੂੰ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਜ਼ਖ਼ਮੀ ਗੌਰਵ ਗਰਗ ਬਿਆਨ ਦੇਣ ਦੇ ਯੋਗ ਨਹੀਂ ਸੀ, ਜਿਸ ਕਾਰਨ ਸਮੇਂ 'ਤੇ ਉਸ ਦੇ ਬਿਆਨ ਦਰਜ ਨਹੀਂ ਹੋ ਸਕੇ। ਬਾਅਦ ਵਿਚ ਬਿਆਨ ਦਰਜ ਕਰਨ ਉਪਰੰਤ ਹੀ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਜਲਦੀ ਕਾਬੂ ਆ ਜਾਣ ਦੀ ਸੰਭਾਵਨਾ ਹੈ।

## ਪੈਟਰੋਲ ਪੰਪ ਲੁੱਟ ਦਾ ਮਾਮਲਾ ਸੁਲਝਿਆ, ਪਿਸਤੌਲਾਂ ਸਣੇ ਫੜੇ ਗਏ 4 ਮੁਲਜ਼ਮ

**ਕੌਮੀ ਪਤ੍ਰਿਕਾ**

ਸੰਗਰੂਰ 7 ਜੂਨ। ਜ਼ਿਲ੍ਹਾ ਸੰਗਰੂਰ ਦੇ ਪਿੰਡ ਖਨਾਲ ਕਲਾਂ 'ਚ ਸਥਿਤ ਇਕ ਪੈਟਰੋਲ ਪੰਪ 'ਤੇ ਹੋਈ ਲੁੱਟ-ਖੋਹ ਦਾ ਮਾਮਲਾ ਪੁਲਸ ਨੇ ਹੱਲ ਕਰਦਿਆਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਅੱਜ ਪੁਲਸ ਲਾਈਨ ਸੰਗਰੂਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਐੱਸ. ਪੀ. ਦਵਿੰਦਰ ਅੱਤਰੀ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਮਾੜੇ ਅਨਸਰਾਂ, ਲੁੱਟ-ਖੋਹ ਅਤੇ ਹੋਰ ਅਪਰਾਧਿਕ ਗਤੀਵਿਧੀਆਂ 'ਚ ਸ਼ਾਮਲ ਵਿਅਕਤੀਆਂ ਖਿਲਾਫ ਲਗਾਤਾਰ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਪੁਲਸ ਵੱਲੋਂ ਪਿੰਡ ਖਨਾਲ ਕਲਾਂ ਵਿਖੇ ਵਾਪਰੀ ਲੁੱਟ-ਖੋਹ ਦੀ ਵਾਰਦਾਤ ਸਬੰਧੀ ਦਰਜ ਮੁਕੱਦਮੇ ਦੀ ਤਫਤੀਸ਼ ਦੌਰਾਨ ਇਕ ਅਹਿਮ ਸਫਲਤਾ ਹਾਸਲ ਹੋਈ ਹੈ। ਪੁਲਸ ਟੀਮਾਂ ਵੱਲੋਂ ਤਕਨੀਕੀ ਤੇ ਮਨੁੱਖੀ ਸੂਚਨਾਵਾਂ ਦੇ ਆਧਾਰ 'ਤੇ ਕੀਤੀ ਗਈ ਕਾਰਵਾਈ ਦੌਰਾਨ ਉਕਤ ਵਾਰਦਾਤ ਨੂੰ ਟਰੇਸ ਕਰਦਿਆਂ ਇਸ 'ਚ ਸ਼ਾਮਲ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ 2 ਦੇਸੀ ਪਿਸਤੌਲ, ਵਾਰਦਾਤ 'ਚ ਵਰਤਿਆ ਗਿਆ ਮੋਟਰਸਾਈਕਲ ਤੇ ਇਕ ਸਵਿਫਟ ਡਿਜ਼ਾਇਰ ਕਾਰ ਅਤੇ 4800-ਰੁਪਏ ਬਰਾਮਦ ਕੀਤੇ ਗਏ ਹਨ। ਦਵਿੰਦਰ ਕੁਮਾਰ ਅੱਤਰੀ, ਪੀ.ਪੀ.ਐੱਸ., ਕਪਤਾਨ



ਪੁਲਸ (ਇੰਨਵੈਸਟੀਗੇਸ਼ਨ) ਸੰਗਰੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ ਥਾਣਾ ਦਿੜ੍ਹਬਾ ਦੇ ਇਲਾਕੇ ਅਧੀਨ ਪੈਂਦੇ ਪਿੰਡ ਖਨਾਲ ਕਲਾਂ ਵਿਖੇ ਸਥਿਤ ਇਕ ਪੈਟਰੋਲ ਪੰਪ ਤੋਂ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ 15,000 ਰੁਪਏ ਦੀ ਨਕਦੀ ਖੋਹ ਕਰਨ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਇਸ ਸਬੰਧੀ ਮੁਕੱਦਮਾ ਦਰਜ ਕਰ ਕੇ ਮੁਕੱਦਮੇ ਨੂੰ ਟਰੇਸ ਕਰਨ ਲਈ ਰੁਪਿੰਦਰ ਕੌਰ ਬਾਜਵਾ, ਪੀ.ਪੀ.ਐੱਸ., ਉਪ ਕਪਤਾਨ ਪੁਲਸ, ਸਬ ਡਵੀਜ਼ਨ ਦਿੜ੍ਹਬਾ ਦੀ ਨਿਗਰਾਨੀ ਹੇਠ ਇੰਸਪੈਕਟਰ ਜਗਤਾਰ ਸਿੰਘ ਮੁੱਖ ਅਫਸਰ ਥਾਣਾ ਦਿੜ੍ਹਬਾ, ਇੰਸਪੈਕਟਰ ਸੰਦੀਪ ਸਿੰਘ ਇੰਚਾਰਜ ਸੀ. ਆਈ. ਏ. ਸੰਗਰੂਰ ਅਤੇ ਹੋਰ ਪੁਲਸ ਕਰਮਚਾਰੀਆਂ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰ ਕੇ ਪੁਲਸ ਟੀਮਾਂ ਵੱਲੋਂ ਤਕਨੀਕੀ ਅਤੇ ਮਨੁੱਖੀ ਸੂਚਨਾਵਾਂ ਦੇ ਆਧਾਰ 'ਤੇ ਕੀਤੀ ਗਈ ਜਾਂਚ ਦੌਰਾਨ ਕਮਲਜੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਸਫੀਪੁਰ ਕਲਾਂ, ਕਮਲਪ੍ਰੀਤ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਕਮਾਲਪੁਰ, ਜੈਵੀਰ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਘਨੌੜ ਰਾਜਪੂਤਾਂ ਅਤੇ ਜਸਨ ਪੁੱਤਰ ਸ਼ਿਆਮ ਸਿੰਘ ਵਾਸੀ ਘਨੌੜ ਰਾਜਪੂਤਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਅੱਤਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਮੁੱਢਲੀ ਤਫਤੀਸ਼ ਦੌਰਾਨ ਕਈ ਅਹਿਮ ਸੁਰਾਗ ਪ੍ਰਾਪਤ ਹੋਏ ਹਨ। ਦੋਸ਼ੀਆਂ ਤੋਂ ਹੋਰ ਵੀ ਮਹੱਤਵਪੂਰਨ ਖੁਲਾਸੇ ਹੋਣ ਦੀ ਸੰਭਾਵਨਾ ਹੈ ਅਤੇ ਮਾਮਲੇ ਦੀ ਅਗਲੇਰੀ ਤਫਤੀਸ਼ ਜਾਰੀ ਹੈ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ: ਜਥੇਦਾਰ ਕੁਲਦੀਪ ਸਿੰਘ ਗੜਗੱਜ

ਟਾਂਡਾ ਉੜਮੁੜ/ਅੰਮ੍ਰਿਤਸਰ 7 ਜੂਨ। ਜੁਗੋ-ਜੁਗ ਅਟੱਲ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਸੇ ਵੀ ਕਾਨੂੰਨ ਜਾਂ ਬੰਦਿਸ਼ ਵਿੱਚ ਨਹੀਂ ਆਉਂਦੇ ਅਤੇ ਨਾ ਹੀ ਕੋਈ ਸਰਕਾਰ ਅਜਿਹੀ ਹਰਕਤ ਕਰੇ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ



ਗੜਗੱਜ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅੱਜ ਪਿੰਡ ਮਿਆਣੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਇਸ ਮੌਕੇ ਉਨਾਂ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਸਤਿਕਾਰ ਕਾਨੂੰਨ ਦਾ ਵਿਰੋਧ ਕਰਦੇ ਹੋਏ ਕਿਹਾ ਸਰਕਾਰ ਵੱਲੋਂ ਇਹ ਕਾਨੂੰਨ ਸ੍ਰੀ ਅਕਾਲ ਤਖ਼ਤ ਸਾਹਿਬ, ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਧਿਰਾਂ ਨੂੰ ਵਿਸ਼ਵਾਸ ਵਿੱਚ ਲਏ ਬਗੈਰ ਹੀ ਬਣਾਇਆ ਗਿਆ ਹੈ, ਜੋਕਿ ਪੰਥ ਨੂੰ ਪ੍ਰਵਾਨ ਨਹੀਂ। ਉਨ੍ਹਾਂ ਨੇ ਹੋਰ ਕਿਹਾ ਕਿ ਸਰਕਾਰ ਦੀ ਇਸ ਹਰਕਤ ਦਾ ਜਵਾਬ ਦੇਣ ਲਈ ਜਿੱਥੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਵਿਸ਼ਾਲ ਪੰਥਕ ਇਕੱਠ ਹੋਏ ਹਨ, ਉੱਥੇ ਹੀ ਇਸ ਕਾਨੂੰਨ ਖ਼?ਲਾਫ਼ ਅਗਲੀ ਰਣਨੀਤੀ ਤੈਅ ਕਰਨ ਲਈ 6 ਜੂਨ ਤੋਂ ਬਾਅਦ ਵਿਸ਼ਾਲ ਪੰਥਕ ਇਕੱਠ ਹੋਵੇਗਾ ਅਤੇ ਉਸੇ ਪੰਥਕ ਕਾਨ੍ਫ਼ਰੰਸ ਵਿੱਚ ਹੀ ਪੰਥ ਵੱਲੋਂ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸਰਕਾਰ ਨੇ ਇਹ ਕਾਨੂੰਨ ਬਣਾ ਕੇ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਦੂਰ ਕਰਨ ਦਾ ਯਤਨ ਕੀਤਾ ਹੈ ਜੋ ਜਿਸ ਨੂੰ ਪੰਥ ਅਤੇ ਸੰਗਤ ਕਦੇ ਵੀ ਲਾਗੂ ਨਹੀਂ ਹੋਣ ਦੇਵੇਗੀ। ਇਸ ਮੌਕੇ ਉਨ੍ਹਾਂ ਨੇ ਸਮੁੱਚੀਆਂ ਪੰਥਕ ਧਿਰਾਂ ਨੂੰ ਇਸ ਕਾਨੂੰਨ ਦੇ ਖ਼?ਲਾਫ਼ ਇਕ ਪਲੇਟਫਾਰਮ 'ਤੇ ਇਕੱਠਿਆਂ ਹੋਣ ਲਈ ਕਿਹਾ ਅਤੇ 6 ਤੋਂ ਬਾਅਦ ਹੋਣ ਵਾਲੇ ਪੰਥਕ ਇਕੱਠ ਵਿੱਚ ਵੱਧ ਤੋਂ ਵੱਧ ਪਹੁੰਚਣ ਲਈ ਪੰਥ ਅਤੇ ਸੰਗਤ ਨੂੰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਿਸ ਵੀ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਪੰਥ ਨਾਲ ਮੱਥਾ ਲਾਇਆ ਹੈ, ਉਸ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ ਹੈ ਜਦਕਿ ਸ੍ਰੀ ਅਕਾਲ ਤਖ਼ਤ ਸਾਹਿਬ ਅੱਜ ਵੀ ਜਿਉਂਦੇ ਤਿਉਂ ਕਾਇਮ ਹਨ ਅਤੇ ਸਮੁੱਚੇ ਸਿੱਖ ਜਗਤ ਦਾ ਮਾਰਗ ਦਰਸ਼ਨ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਨੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਸ਼ਹੀਦੀ ਪੁਰਬ ਪ੍ਰੇਰਣਾ ਲੈ ਕੇ ਬਾਣੀ ਅਤੇ ਬਾਣੀ ਨਾਲ ਜੋੜਾਂ ਦੀ ਪ੍ਰੀਤ ਕੀਤਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਾਨੂੰ ਰੁਜ਼ਗਾਰ ਦੀ ਖਾਤਰ ਆਪਣੇ ਬੱਚੇ ਵਿਦੇਸ਼ ਭੇਜਣ ਦੀ ਬਜਾਏ ਆਪਣੇ ਦੇਸ਼ ਵਿੱਚ ਹੀ ਕੋਈ ਕਾਰੋਬਾਰ ਖੋਲ ਕੇ ਦੇਣੇ ਚਾਹੀਦੇ ਹਨ ਤਾਂ ਜੋ ਸਾਡੇ ਬੱਚੇ ਪੰਜਾਬ ਅਤੇ ਪੰਜਾਬੀਅਤ ਦੇ ਨਾਲ ਜੁੜੇ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਮੰਤਰੀ ਚੌਧਰੀ, ਡਾ. ਲਖਮੀਰ ਸਿੰਘ ਚੌਧਰੀ, ਦਵਿੰਦਰ ਸਿੰਘ ਲਾਡੀ ਕਿਰਪਾਲ ਸਿੰਘ ਪੰਡੋਰੀ ਵੀ ਹਾਜ਼ਰ ਸਨ।

## ਜਨਤਾ ਹਸਪਤਾਲ 'ਚ ਵਿਵਾਦ ਸੁਲਝਾਉਣ ਗਈ ਪੁਲਸ ਪਾਰਟੀ 'ਤੇ ਹਮਲਾ, ਕਾਂਸਟੇਬਲ ਦੀ ਵਰਦੀ ਪਾੜੀ

**ਏਜੰਸੀਆਂ**

ਜਲੰਧਰ 7 ਜੂਨ। ਐਤਵਾਰ ਦੇਰ ਰਾਤ ਜਨਤਾ ਹਸਪਤਾਲ ਵਿਚ ਹੰਗਾਮਾ ਕਰ ਰਹੇ ਲੋਕਾਂ ਨੇ ਮਾਮਲਾ ਸੁਲਝਾਉਣ ਗਈ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਏ. ਐੱਸ. ਆਈ. ਨੂੰ ਘੇਰਾ ਪਾ ਲਿਆ, ਜਦਕਿ ਕਾਂਸਟੇਬਲ ਦੀ ਵਰਦੀ ਪਾੜ ਕੇ ਉਸ ਨੂੰ ਪੱਗ ਤੋਂ ਫੜ ਕੇ ਹੇਠਾਂ ਸੁੱਟ ਦਿੱਤਾ। ਪੁਲਸ ਪਾਰਟੀ 'ਤੇ ਹਮਲੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਨੰ.-8 ਦੇ ਇੰਚਾਰਜ ਆਪਣੀ ਟੀਮ ਸਮੇਤ ਮੌਕੇ 'ਤੇ ਪਹੁੰਚੇ ਪਰ ਪੁਲਸ ਦੀ ਗੱਡੀ ਦੇਖ ਕੇ ਮੁਲਜ਼ਮ ਫ਼ਰਾਰ ਹੋ ਗਏ, ਜਦਕਿ ਇਕ ਮੁਲਜ਼ਮ ਨੂੰ ਪੁਲਸ ਨੇ ਭੱਜਦੇ ਹੋਏ ਕਾਬੂ ਕਰ ਲਿਆ। ਥਾਣਾ ਨੰ.-8 ਦੇ ਇੰਚਾਰਜ ਸਾਹਿਲ ਚੌਧਰੀ ਨੇ ਦੱਸਿਆ ਕਿ ਐਤਵਾਰ ਦੇਰ ਰਾਤ ਥਾਣੇ ਵਿਚ ਫ਼ੋਨ ਆਇਆ ਸੀ ਕਿ 20 ਤੋਂ 25 ਲੋਕ ਜਨਤਾ ਹਸਪਤਾਲ ਵਿਚ ਡਾਕਟਰਾਂ ਅਤੇ ਸਟਾਫ਼ ਨਾਲ ਗਾਲੀ-ਗਲੋਚ ਕਰ ਰਹੇ ਹਨ। ਅਜਿਹੇ ਵਿਚ ਤੁਰੰਤ ਜ਼ੈਬਰਾ 39 ਨੂੰ ਮੌਕੇ 'ਤੇ ਪਹੁੰਚ ਕੇ ਰਿਪੋਰਟ ਕਰਨ ਲਈ ਕਿਹਾ ਗਿਆ। ਜਿਵੇਂ ਹੀ ਜ਼ੈਬਰਾ 36 ਦੇ ਮੁਲਾਜ਼ਮ ਸਿਪਾਹੀ ਹਰਪ੍ਰੀਤ ਸਿੰਘ ਅਤੇ ਏ. ਐੱਸ. ਆਈ. ਜਤਿੰਦਰ ਕੁਮਾਰ ਮੌਕੇ 'ਤੇ ਪਹੁੰਚੇ ਤਾਂ ਭੀੜ ਨੇ ਏ. ਐੱਸ. ਆਈ. ਨੂੰ ਘੇਰ ਲਿਆ, ਜਦਕਿ ਸਿਪਾਹੀ ਹਰਪ੍ਰੀਤ ਸਿੰਘ ਨਾਲ ਧੱਕਾ-ਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਭੀੜ ਨੇ ਸਿਪਾਹੀ ਹਰਪ੍ਰੀਤ ਸਿੰਘ ਦੀ ਵਰਦੀ ਪਾੜ ਦਿੱਤੀ ਅਤੇ ਕਾਲਰ ਤੋਂ ਫੜ ਲਿਆ। ਇਸੇ ਦੌਰਾਨ ਕੁਝ ਨੌਜਵਾਨਾਂ ਅਤੇ ਇਕ ਔਰਤ ਨੇ ਹਰਪ੍ਰੀਤ ਦੀ ਪੱਗ ਤੋਂ ਫੜ ਕੇ ਉਸ ਨੂੰ ਹੇਠਾਂ ਸੁੱਟ ਦਿੱਤਾ। ਪੁਲਸ ਪਾਰਟੀ 'ਤੇ ਹਮਲੇ ਦੀ ਸੂਚਨਾ ਦੋਬਾਰਾ ਥਾਣੇ ਵਿਚ ਦਿੱਤੀ ਗਈ। ਤੁਰੰਤ ਥਾਣਾ ਨੰ.-8 ਦੇ ਇੰਚਾਰਜ ਸਾਹਿਲ ਚੌਧਰੀ ਆਪਣੀ ਟੀਮ ਕਿ ਐਤਵਾਰ ਦੇਰ ਰਾਤ ਥਾਣੇ ਵਿਚ ਫ਼ੋਨ ਆਇਆ ਸੀ ਕਿ 20 ਤੋਂ 25 ਲੋਕ ਜਨਤਾ ਹਸਪਤਾਲ ਵਿਚ ਡਾਕਟਰਾਂ ਅਤੇ ਸਟਾਫ਼ ਨਾਲ ਗਾਲੀ-ਗਲੋਚ ਕਰ ਰਹੇ ਹਨ। ਅਜਿਹੇ ਵਿਚ ਤੁਰੰਤ ਜ਼ੈਬਰਾ 39 ਨੂੰ ਮੌਕੇ 'ਤੇ ਪਹੁੰਚ ਕੇ ਰਿਪੋਰਟ ਕਰਨ ਲਈ ਕਿਹਾ ਗਿਆ। ਜਿਵੇਂ ਹੀਸਮੇਤ ਮੌਕੇ 'ਤੇ ਪਹੁੰਚੇ ਤਾਂ ਹਮਲਾਵਰ ਮੌਕੇ ਤੋਂ ਭੱਜ ਗਏ। ਪੁਲਸ ਨੇ ਇਕ ਮੁਲਜ਼ਮ ਨੂੰ ਮੌਕੇ ਤੋਂ ਕਾਬੂ ਕਰ ਲਿਆ, ਜਿਸ ਦੀ ਪਛਾਣ ਰਮਨਜੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਨਿਵਾਸੀ ਪਿੰਡ ਸੰਘਵਾਲ, ਕਰਤਾਰਪੁਰ ਵਜੋਂ ਹੋਈ ਹੈ। ਪੁਲਸ ਨੇ ਰਮਨਜੀਤ ਸਮੇਤ ਸ਼ਰਨਜੀਤ ਕੌਰ ਪਤਨੀ ਬਲਕਾਰ ਸਿੰਘ ਨਿਵਾਸੀ ਪਿੰਡ ਝਿੰਗੜ (ਆਦਮਪੁਰ) ਸਮੇਤ ਅਣਪਛਾਤੇ ਹਮਲਾਵਰਾਂ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਰਮਨਜੀਤ ਦੀ ਗ੍ਰਿਫ਼ਤਾਰੀ ਦਿਖਾ ਦਿੱਤੀ ਹੈ, ਜਦਕਿ ਬਾਕੀ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਜਲਦ ਬਾਕੀ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਮੋਦੀ ਸਰਕਾਰ ਦੀਆਂ ਯੋਜਨਾਵਾਂ ਨੇ ਭਾਰਤ ਨੂੰ ਵਿਕਾਸ ਦੀ ਨਵੀਂ ਉਚਾਈ 'ਤੇ ਪਹੁੰਚਾਇਆ : ਅਮਨਜੋਤ ਕੌਰ ਰਾਮੂਵਾਲੀਆ

**ਕੌਮੀ ਪਤ੍ਰਿਕਾ**

ਚੰਡੀਗੜ੍ਹ 7 ਜੂਨ। ਭਾਜਪਾ ਦੀ ਨੈਸ਼ਨਲ ਐਗਜ਼ੀਕਿਊਟਿਵ ਕਮੇਟੀ ਦੀ ਮੈਂਬਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਲੋਕ-ਪੱਖੀ ਯੋਜਨਾਵਾਂ ਨੇ ਦੇਸ਼ ਦੇ ਵਿਕਾਸ ਨੂੰ ਨਵੀਂ ਗਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ 7.4 ਫ਼ੀਸਦੀ ਜੀ. ਡੀ. ਪੀ. ਵਿਕਾਸ ਦਰ ਇਸ ਗੱਲ ਦਾ ਸਬੂਤ ਹੈ ਕਿ ਭਾਰਤ ਅੱਜ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਿਕਸਿਤ ਹੋ ਰਹੀਆਂ ਅਰਥ ਵਿਵਸਥਾਵਾਂ 'ਚ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਪੀ. ਐੱਮ. ਸੂਰਿਆ ਘਰ ਮੁਫ਼ਤ ਬਿਜਲੀ ਯੋਜਨਾ ਤਹਿਤ ਦੇਸ਼ ਭਰ ਦੇ ਇੱਕ ਕਰੋੜ ਘਰਾਂ 'ਤੇ ਸੋਲਰ ਪੈਨਲ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ, ਜਿਸ ਨਾਲ ਪਰਿਵਾਰਾਂ ਨੂੰ ਹਰ ਮਹੀਨੇ 300 ਯੂਨਿਟ ਤੱਕ ਮੁਫ਼ਤ ਬਿਜਲੀ ਦਾ ਲਾਭ ਮਿਲੇਗਾ। ਇਸ ਯੋਜਨਾ ਤਹਿਤ ਲੱਖਾਂ ਘਰ ਪਹਿਲਾਂ ਹੀ ਸੋਲਰ ਊਰਜਾ ਨਾਲ ਜੁੜ ਚੁੱਕੇ ਹਨ। ਬੀਬੀ ਰਾਮੂਵਾਲੀਆ ਨੇ ਕਿਹਾ ਕਿ ਪੀ. ਐੱਮ. ਵਿਸ਼ਵਕਰਮਾ ਯੋਜਨਾ ਰਾਹੀਂ ਕਾਰੀਗਰਾਂ ਅਤੇ ਰਵਾਇਤੀ ਦਸਤਕਾਰਾਂ ਨੂੰ ਵਿੱਤੀ ਸਹਾਇਤਾ, ਹੁਨਰ ਵਿਕਾਸ ਅਤੇ ਆਧੁਨਿਕ ਸੰਦ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਡਿਜੀ ਯਾਤਰਾ ਵਰਗੀ ਪਹਿਲ ਨੇ ਹਵਾਈ ਯਾਤਰਾ ਨੂੰ ਕਾਗਜ਼ ਰਹਿਤ ਅਤੇ ਆਸਾਨ ਬਣਾਇਆ ਹੈ, ਜਿਸ ਨਾਲ ਯਾਤਰੀਆਂ ਨੂੰ ਆਧੁਨਿਕ ਡਿਜੀਟਲ ਸਹੂਲਤਾਂ



ਮਿਲ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਟਾਰਟ ਅੱਪ ਇੰਡੀਆ, ਮੇਕ ਇਨ ਇੰਡੀਆ, ਆਯੁਸ਼ਮਾਨ ਭਾਰਤ, ਪੀ. ਐੱਮ. ਕਿਸਾਨ ਸਨਮਾਨ ਨਿਧੀ, ਵੰਦੇ ਭਾਰਤ ਟਰੇਨਾਂ, ਗਤੀ ਸ਼ਕਤੀ ਮਾਸਟਰ ਪਲਾਨ ਅਤੇ ਪੀ. ਐੱਮ. ਈ-ਡਰਾਈਵ ਸਕੀਮ ਵਰਗੀਆਂ ਪਹਿਲ ਕਦਮੀਆਂ ਨੇ ਦੇਸ਼ 'ਚ ਰੁਜ਼ਗਾਰ, ਨਿਵੇਸ਼, ਬੁਨਿਆਦੀ ਢਾਂਚੇ ਅਤੇ ਤਕਨਾਲੋਜੀ ਨੂੰ ਨਵੀਂ ਮਜ਼ਬੂਤੀ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰਨ ਲਈ ਹਜ਼ਾਰਾਂ ਕਰੋੜ ਰੁਪਏ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਵਨਿਧੀ ਯੋਜਨਾ ਨੇ ਰੇਹੜੀ-ਫੜ੍ਹੀ ਅਤੇ ਛੋਟੇ ਕਾਰੋਬਾਰੀਆਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਇਸ ਯੋਜਨਾ ਤਹਿਤ ਲੱਖਾਂ ਸਟਰੀਟ ਵੈਂਡਰਾਂ ਨੂੰ ਬਿਨਾਂ ਗਾਰੰਟੀ ਕਰਜ਼ੇ ਦੀ ਸਹੂਲਤ ਮਿਲੀ ਹੈ, ਜਿਸ ਨਾਲ ਉਹ ਆਪਣੇ ਕਾਰੋਬਾਰ ਨੂੰ ਵਧਾਉਣ ਅਤੇ ਆਤਮ ਨਿਰਭਰ ਬਣਨ 'ਚ ਸਫ਼ਲ ਹੋਏ ਹਨ। ਉਨ੍ਹਾਂ ਕਿਹਾ ਕਿ ਪਿਛਲੇ 11 ਸਾਲਾਂ 'ਚ ਭਾਰਤ ਨੇ ਹਰ ਖੇਤਰ 'ਚ ਇਤਿਹਾਸਕ ਤਰੱਕੀ ਕੀਤੀ ਹੈ ਅਤੇ ਅੱਜ ਦੁਨੀਆ ਭਾਰਤ ਨੂੰ ਇੱਕ ਮਜ਼ਬੂਤ ਆਰਥਿਕ ਅਤੇ ਰਣਨੀਤਕ ਸ਼ਕਤੀ ਵਜੋਂ ਦੇਖ ਰਹੀ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ 2047 ਤੱਕ ਵਿਕਸਿਤ ਰਾਸ਼ਟਰ ਬਣਨ ਦੇ ਆਪਣੇ ਸੰਕਲਪ ਨੂੰ ਜ਼ਰੂਰ ਪੂਰਾ ਕਰੇਗਾ।